# ਇਕੀਵੀਂ ਸਦੀ ਦਾ ਜ਼ਫ਼ਰਨਾਮਾ

## ਅਤੇ ਹੋਰ ਲੇਖ



ਗੁਰੂ ਨਾਨਕ ਦੇਵ ਦੀ ਯਾਦ ਵਿਚ ਅਜ਼ਰਬਾਈਜ਼ਾਨ ਦੇ ਸ਼ਹਿਰ ਬਾਕੂ ਵਿਚ ਮਿਲਿਆ ਸ਼ਿਲਾਲੇਖ

ਪ੍ਰੋ. ਹਰਦੇਵ ਸਿੰਘ ਵਿਰਕ

Academy of the Punjab in North America: http://www.apnaorg.com



ਪ੍ਰੋ. ਹਰਦੇਵ ਸਿੰਘ ਵਿਰਕ ਕਿੱਤੇ ਪੱਖੋਂ ਇਕ ਉੱਘੇ ਭੌਤਿਕ ਵਿਗਿਆਨੀ ਹਨ, ਜੋ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ (1965-79) ਅਤੇ ਬਾਅਦ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ (1979-2002) ਵਿਚ ਭੌਤਿਕ ਵਿਗਿਆਨ ਦੇ ਅਧਿਆਪਕ ਰਹੇ। ਵਿਗਿਆਨ ਦੇ ਅਧਿਐਨ ਤੋਂ ਇਲਾਵਾ ਪ੍ਰੋ. ਵਿਰਕ ਸਿੱਖ ਧਰਮ, ਪੰਜਾਬੀ ਸਾਹਿਤ ਅਤੇ ਵਿਗਿਆਨ ਦੇ ਇਤਿਹਾਸ ਵਿਚ ਚੰਗੀ ਮੁਹਾਰਤ ਰੱਖਦੇ ਹਨ। 1992 ਵਿਚ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਸਾਹਿਤਕਾਰ ਦਾ ਐਵਾਰਡ ਵੀ ਪ੍ਰਾਪਤ ਕਰ ਚੁੱਕੇ ਹਨ। ਅੱਜ-ਕੱਲ੍ਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵਿਚ ਪ੍ਰੋਫੈਸਰ ਆਫ਼ ਐਮੀਨੈਂਸ ਦੀ ਪਦਵੀ ਉਪਰ ਸੁਸ਼ੋਭਿਤ ਹਨ।

Academy of the Punjab in North America: http://www.apnaorg.com

# ਇੱਕੀਵੀਂ ਸਦੀ ਦਾ ਜ਼ਫ਼ਰਨਾਮਾ

## ਅਤੇ ਹੋਰ ਲੇਖ

Academy of the Punjab in North America: http://www.apnaorg.com

**ਇਸੇ ਕਲਮ ਤੋਂ:**

* ਬ੍ਰਹਿਮੰਡ ਦੀ ਰਚਨਾ
* ਬ੍ਰਹਿਮੰਡੀ ਕਿਰਣਾਂ ਦੀ ਕਹਾਣੀ
* ਧੁਨੀ ਵਿਗਿਆਨ
* ਤਾਪਗਤੀ ਵਿਗਿਆਨ
* ਐਟਮੀ ਭੌਤਿਕ ਵਿਗਿਆਨ
* ਆਦਰਸ਼ ਅਤੇ ਹਕੀਕਤ
* ਸਾਡੇ ਵਿਗਿਆਨੀ
* ਵਿਗਿਆਨ ਦੇ ਕ੍ਰਿਸ਼ਮੇ
* ਗੁਰੂ ਗ੍ਰੰਥ ਸਾਹਿਬ ਵਿਚ ਵਿਗਿਆਨਕ ਦ੍ਰਿਸ਼ਟੀਕੋਣ (ਅੰਗ੍ਰੇਜ਼ੀ)
* ਪ੍ਰੋਫ਼ੈਸਰ ਪੂਰਨ ਸਿੰਘ : ਵਿਗਿਆਨੀ, ਕਵੀ ਅਤੇ ਚਿੰਤਕ
* ਸਿੱਖ ਕੌਮ ਦਾ ਦਰਦ ਅਤੇ ਸੰਤਾਪ
* ਅਮਰੀਕਾ ਕੈਨੇਡਾ ਦੀ ਯਾਤਰਾ
* ਯੂਰਪ ਦਾ ਸਫ਼ਰਨਾਮਾ
* ਮੇਰੀ ਵਿਸ਼ਵ ਯਾਤਰਾ
* ਸਿੱਖ ਧਰਮ ਅਤੇ ਵਿਗਿਆਨ
* ਮੇਰਾ ਜੀਵਨ ਸਫ਼ਰ

Academy of the Punjab in North America: http://www.apnaorg.com

# ਇੱਕੀਵੀਂ ਸਦੀ ਦਾ ਜ਼ਫ਼ਰਨਾਮਾ
## ਅਤੇ ਹੋਰ ਲੇਖ

ਪ੍ਰੋ. ਹਰਦੇਵ ਸਿੰਘ ਵਿਰਕ

ਪੇਸ਼ਕਸ਼

ਪੰਜ ਪਾਣੀ ਪ੍ਰਕਾਸ਼ਨ

Academy of the Punjab in North America: http://www.apnaorg.com

© Author

1st Edition : 2017

Price : ₹ 200/-

ISBN : 978-81-7914-236-3

**Ikivin Sadi Da Jafarnama Ate Hor Lekh**
by : Prof. Hardev Singh Virk
E-mail : hardevsingh.virk@gmail.com

**Published by :**
Panj Pani Prakashan
D-12, Industrial Area, Phase-1, Mohali
E-mail : jagjit.ltd@gmail.com
Tel. : 0172-3047673-74

---

**ਇੱਕੀਵੀਂ ਸਦੀ ਦਾ ਜ਼ਫਰਨਾਮਾ ਅਤੇ ਹੋਰ ਲੇਖ**
**ਲੇਖਕ** : ਪ੍ਰੋ. ਹਰਦੇਵ ਸਿੰਘ ਵਿਰਕ
**ਪ੍ਰਕਾਸ਼ਕ** : ਪੰਜ ਪਾਣੀ ਪ੍ਰਕਾਸ਼ਨ
**ਛਾਪਕ** : ਜਗਜੀਤ ਪਬਲਿਸ਼ਿੰਗ ਕੰਪਨੀ ਪ੍ਰਾ. ਲਿਮ., ਮੋਹਾਲੀ
**ਟਾਈਟਲ** : ਵਿਨੋਦ ਅੰਗਾਰਿਆ

Academy of the Punjab in North America: http://www.apnaorg.com

# ਵਿਸ਼ਾ ਸੂਚੀ


| | | |
|---|---|---|
| | ਭੂਮਿਕਾ | 7 |
| 1. | ਇਕੀਵੀਂ ਸਦੀ ਦਾ ਜ਼ਫ਼ਰਨਾਮਾ | 11 |
| 2. | ਪੰਜਾਬ ਦਾ ਬਿਜਲੀ ਸੰਕਟ ਅਤੇ ਨਿਊਕਲੀਅਰ ਪਾਵਰ ਪਲਾਂਟ ਦੀ ਗਾਥਾ | 17 |
| 3. | ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹੀਦੀ ਤ੍ਰੈ-ਸ਼ਤਾਬਦੀ | 23 |
| 4. | ਗੁਰਦਵਾਰਾ ਸੁਧਾਰ ਲਹਿਰ : ਪਿੱਛਲ ਝਾਤ ਅਤੇ ਮੌਜੂਦਾ ਸਥਿਤੀ | 26 |
| 5. | ਮਹਾਰਾਜਾ ਦਲੀਪ ਸਿੰਘ ਦੀ ਦਰਦ ਭਰੀ ਗਾਥਾ | 31 |
| 6. | ਸਿੱਖ ਰਾਜ ਦੇ ਆਖਰੀ ਵਾਰਸਾਂ ਦਾ ਦੁਖਾਂਤ | 38 |
| 7. | ਖਾਲਸਾ ਕਾਲਜ ਅੰਮ੍ਰਿਤਸਰ ਕਿਵੇਂ ਹੋਂਦ ਵਿਚ ਆਇਆ ? | 42 |
| 8. | ਵਪਾਰੀਕਰਨ ਹੋ ਰਿਹਾ ਹੈ ਸਿੱਖ ਅਧਿਆਤਮਕ ਕੇਂਦਰਾਂ ਦਾ | 46 |
| 9. | ਖਾਲਸਾ ਰਾਜ ਦਾ ਮੋਢੀ : ਬੰਦਾ ਸਿੰਘ ਬਹਾਦਰ | 54 |
| 10. | ਰੰਘਰੇਟੇ ਗੁਰੂ ਕੇ ਬੇਟੇ : ਭਾਈ ਜੈਤਾ ਜੀ ਬਾਰੇ ਨਵੀਂ ਖੋਜ | 64 |
| 11. | ਸਿੱਖ ਇਤਿਹਾਸ ਦੇ ਧੁੰਧਲੇ ਪੰਨੇ | 68 |
| 12. | ਨੋਬਲ ਲੌਰੀਏਟ ਅਬਦੁੱਸ ਸਲਾਮ ਨਾਲ ਖੁੱਲ੍ਹੀਆਂ ਗੱਲਾਂ | 71 |
| 13. | ਸੱਚ ਸੁਣਾਇਸੀ ਸੱਚ ਕੀ ਬੇਲਾ | 78 |
| 14. | ਸਿੱਖ ਕੌਮ ਨੂੰ ਯਹੂਦੀਆਂ ਤੋਂ ਸਬਕ ਸਿਖਣਾ ਚਾਹੀਦਾ ਹੈ | 81 |
| 15. | ਭਗਤ ਪੂਰਨ ਸਿੰਘ ਦੇ ਕੁੱਝ ਨਿੱਜੀ ਪ੍ਰਭਾਵ | 86 |
| 16. | ਯਾਦਾਂ ਦੇ ਝਰੋਖੇ ਵਿਚੋਂ ਡਿੱਠਾ ਜਥੇਦਾਰ ਟੌਹੜਾ | 89 |


Academy of the Punjab in North America: http://www.apnaorg.com

17. ਕੌਣ ਜ਼ੁੰਮੇਵਾਰ ਹੈ ਪੰਜਾਬ ਅਤੇ ਸਿੱਖ ਕੌਮ ਦੇ
ਬੌਧਿਕ ਦੀਵਾਲੀਏਪਣ ਲਈ ? 93

18. ਸੁਮਾਤਰਾ ਦਾ ਭੁੱਚਾਲ ਅਤੇ ਸੁਨਾਮੀ ਤੋਂ ਹੋਈ ਤਬਾਹੀ 99

19. ਭਾਈ ਗੁਰਦਾਸ ਦੀਆਂ ਵਾਰਾਂ ਅਤੇ ਜਨਮਸਾਖੀ ਪ੍ਰੰਪਰਾ : 102
ਇਕ ਤੁਲਨਾਤਮਿਕ ਅਧਿਐਨ

20. ਪੰਜਾਬ ਦੇ ਪਾਣੀਆਂ ਵਿਚ ਘੁਲਿਆ ਯੂਰੇਨੀਅਮ ਅਤੇ
ਹੋਰ ਧਾਤਾਂ ਦਾ ਜ਼ਹਿਰ 106

21. ਅਰਬਦ ਨਰਬਦ ਧੁੰਧੂਕਾਰਾ 110

22. ਗੁਰੂ ਨਾਨਕ ਦੀਆਂ ਉਦਾਸੀਆਂ ਬਾਰੇ ਨਵੀਂ ਖੋਜ 115

23. ਪ੍ਰਕਾਸ਼ ਸਿੰਘ ਬਾਦਲ ਬਨਾਮ ਮਹਾਰਾਜਾ ਰਣਜੀਤ ਸਿੰਘ 118

24. ਤਹਿਲਕਾ ਡਾਟ ਕਾਮ ਬਨਾਮ ਪੰਜਾਬ ਸਰਕਾਰ 122

25. ਸਿੱਖ ਸਿਆਸਤ ਅਤੇ ਸਿੱਖੀ ਅੱਜ ਕਿਸ ਮੋੜ 'ਤੇ ਖੜੇ ਹਨ ? 126

26. ਸਿੱਖ ਧਰਮ ਅਤੇ ਆਧੁਨਿਕ ਵਿਗਿਆਨ 136

ਅੰਤਿਕਾ (ਅਣਥੱਕ ਰਾਹੀ, ਜਿਸ ਨੇ ਦੁਨੀਆਂ ਗਾਹੀ !) 139

Academy of the Punjab in North America: http://www.apnaorg.com

# ਭੂਮਿਕਾ

ਇਸ ਪੁਸਤਕ ਦੀ ਭੂਮਿਕਾ ਲਿਖਣ ਤੋਂ ਪਹਿਲਾਂ ਮੈਂ ਕਿਸੇ ਪੁਰਾਣੇ ਸਾਹਿਤਕਾਰ ਮਿੱਤਰ ਨਾਲ ਸਲਾਹ-ਮਸ਼ਵਰਾ ਕੀਤਾ ਕਿ ਪੁਸਤਕ ਦੀ ਭੂਮਿਕਾ ਲਿਖਾਂ ਜਾਂ ਨਾ ? ਉਸ ਦਾ ਜਵਾਬ ਸੀ ਕਿ ਭੂਮਿਕਾ ਜ਼ਰੂਰੀ ਹੈ ਕਿਉਂਕਿ ਹਰ ਪਾਠਕ ਪੁਸਤਕ ਪੜ੍ਹਨ ਦਾ ਫੈਸਲਾ ਭੂਮਿਕਾ ਪੜ੍ਹ ਕੇ ਹੀ ਕਰਦਾ ਹੈ। ਉਸ ਦੀ ਅਗਲੀ ਗੱਲ ਹੋਰ ਵੀ ਹੈਰਾਨੀਜਨਕ ਸੀ ਕਿ ਪੰਜਾਬੀ ਦੇ ਬਹੁਤੇ ਪਾਠਕ ਪੁਸਤਕ ਪੜ੍ਹਦੇ ਹੀ ਨਹੀਂ, ਭੂਮਿਕਾ ਪੜ੍ਹ ਕੇ ਹੀ ਬੁੱਤਾ ਸਾਰ ਲੈਂਦੇ ਹਨ। ਸੋ ਮੈਂ ਆਪਣੇ ਪਾਠਕਾਂ ਦੀਆਂ ਦੋਹਾਂ ਕਿਸਮਾਂ ਨੂੰ ਮੁੱਖ ਰੱਖਦਿਆਂ ਹੋਇਆਂ ਭੂਮਿਕਾ ਲਿਖਣ ਦੀ ਰਸਮ ਪੂਰੀ ਕਰ ਰਿਹਾ ਹਾਂ।

ਹੱਥਲੀ ਪੁਸਤਕ ਵਿਚ ਲਗਭਗ ਦੋ ਦਰਜਨ ਲੇਖ ਸ਼ਾਮਲ ਕੀਤੇ ਗਏ ਹਨ ਜੋ ਪਿਛਲੇ ਦੋ ਦਹਾਕਿਆਂ ਦੌਰਾਨ 'ਅਜੀਤ', ਸਪੋਕਸਮੈਨ ਅਤੇ ਪੰਜਾਬੀ ਟ੍ਰਿਬਿਊਨ ਵਿਚ ਛਪਦੇ ਰਹੇ ਹਨ। ਪੰਜਾਬੀ ਅਤੇ ਪੰਜਾਬ ਦੇ ਮਸਲਿਆਂ ਤੋਂ ਇਲਾਵਾ ਇਨ੍ਹਾਂ ਲੇਖਾਂ ਵਿਚ ਸਿੱਖ ਸਭਿਆਚਾਰ ਅਤੇ ਸਿੱਖ ਇਤਿਹਾਸ ਦੀ ਵੀ ਗੱਲ ਹੋਈ ਹੈ। ਕੁਦਰਤੀ ਆਫਤਾਂ ਬਾਰੇ ਵੀ ਇਕ ਲੇਖ ਸ਼ਾਮਲ ਹੈ। ਪੰਜਾਬ ਵਿਚ ਨਿਊਕਲੀ ਪਲਾਂਟ ਦੀ ਗਾਥਾ ਵੀ ਬਿਆਨ ਕੀਤੀ ਗਈ ਹੈ।

ਪੁਸਤਕ ਦਾ ਨਾਮਕਰਨ ਇਸ ਵਿਚ ਦਰਜ ਪਹਿਲੇ ਲੇਖ ਉਪਰ ਹੋਇਆ ਹੈ। 'ਇਕੀਵੀਂ ਸਦੀ ਦਾ ਜਫ਼ਰਨਾਮਾ' ਉਸ ਚਿੱਠੀ ਨੂੰ ਕਿਹਾ ਗਿਆ ਹੈ ਜੋ ਅਮਰੀਕਾ ਦੇ ਚਾਲੀ ਨੋਬਲ ਪੁਰਸਕਾਰ ਜੇਤੂਆਂ ਨੇ ਪਰੈਜੀਡੈਂਟ ਜਾਰਜ਼ ਬੁੱਸ਼ ਨੂੰ ਲਿਖ ਕੇ ਇਰਾਕ ਯੁੱਧ ਨੂੰ ਰੋਕਣ ਲਈ ਅਰਜ਼ ਕੀਤੀ ਸੀ। ਅਮਰੀਕਾ ਨੇ ਸਿਆਸੀ ਲਾਹਾ ਲੈਣ ਖਾਤਰ ਜੋ ਘਿਨੌਣੀ ਹਰਕਤ ਕੀਤੀ, ਉਸ ਦਾ ਲੇਖਾ-ਜੋਖਾ ਇਸ ਲੇਖ ਵਿਚ ਕੀਤਾ ਗਿਆ ਹੈ। ਇਰਾਕ ਯੁੱਧ ਤੋਂ ਪਹਿਲਾਂ ਅਤੇ ਪਿੱਛੋਂ ਵੀ ਅਮਰੀਕਾ ਆਪਣੀ ਕੂਟਨੀਤੀ ਤੋਂ ਬਾਜ ਨਹੀਂ ਆਇਆ। ਉਸ ਦੀ ਇਸ ਨੀਤੀ ਦਾ ਖਮਿਆਜ਼ਾ ਸਾਰੇ ਪਛੜੇ ਹੋਏ ਦੇਸ਼ਾਂ ਨੂੰ ਭੁਗਤਣਾ ਪੈ ਰਿਹਾ ਹੈ। ਸਿਆਸੀ ਖੇਤਰ ਵਿਚ ਅਮਰੀਕਾ ਹੁਣ ਡਿਕਟੇਟਰ ਦਾ ਰੋਲ ਅਦਾ ਕਰ ਰਿਹਾ ਹੈ।

ਪੰਜਾਬ ਦੇ ਬਿਜਲੀ ਸੰਕਟ ਦਾ ਹੱਲ ਨਿਊਕਲੀਅਰ ਪਲਾਂਟ ਸੀ ਜਿਸ ਦੀ ਕਮੇਟੀ ਵਿਚ ਮੈਨੂੰ ਵੀ ਸ਼ਾਮਲ ਕੀਤਾ ਗਿਆ। ਜਦੋਂ ਇਹ ਪ੍ਰੋਜੈਕਟ ਰੀਪੋਰਟ ਤਿਆਰ ਹੋ ਕੇ ਪਲਾਂਟ ਦੀ ਮਨਜ਼ੂਰੀ ਮਿਲਣ ਦਾ ਆਖਰੀ ਪੜਾਅ ਪਹੁੰਚ ਗਿਆ ਤਾਂ ਪੰਜਾਬ ਦੇ ਕੁੱਝ ਕਾਮਰੇਡ ਬੁੱਧੀਜੀਵੀਆਂ ਅਤੇ ਸਿਆਸਤਦਾਨਾਂ ਨੇ ਰਲ ਕੇ ਸਾਰੀ ਕੀਤੀ ਕਤਾਈ ਮਿਹਨਤ ਖੂਹ ਵਿਚ ਸੁੱਟ ਦਿੱਤੀ। ਨਿਊਕਲੀਅਰ ਪਲਾਂਟ ਤੋਂ ਖਹਿੜਾ ਛੁਡਾ ਕੇ ਪੰਜਾਬ ਨੂੰ ਥਰਮਲ ਪਲਾਂਟਾਂ ਦੀ



Academy of the Punjab in North America: http://www.apnaorg.com

ਭੱਠੀ ਵਿਚ ਝੋਕ ਦਿਤਾ ਗਿਆ ਹੈ। ਬਿਜਲੀ ਦੀ ਸਮੱਸਿਆ ਤਾਂ ਹੱਲ ਹੋ ਗਈ ਪਰੰਤੂ ਵਾਤਾਵਰਣ ਪ੍ਰਦੂਸ਼ਿਤ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਗਈ। ਜਦੋਂ ਹੁਣ ਨਿਊਕਲੀਅਰ ਪਲਾਂਟ ਹਰਿਆਣੇ ਨੂੰ ਮਿਲ ਗਿਆ ਹੈ ਤਾਂ ਪੰਜਾਬ ਸਰਕਾਰ ਮਗਰਮੱਛ ਦੇ ਹੰਝੂ ਵਹਾ ਰਹੀ ਹੈ।

ਇਕ ਲੇਖ ਗੁਰਦਵਾਰਾ ਸੁਧਾਰ ਲਹਿਰ ਅਤੇ ਸਿੱਖ ਸਿਆਸਤ ਦੀ ਮੌਜੂਦਾ ਸਥਿਤੀ ਦਾ ਬਿਆਨ ਕਰਦਾ ਹੈ। ਅੰਗਰੇਜ਼ ਵਰਗੀ ਚਲਾਕ ਕੌਮ ਸਿੱਖਾਂ ਨੂੰ ਗੁਰਦਵਾਰਾ ਪ੍ਰਬੰਧ ਤਾਂ ਦੇ ਗਈ ਪਰੰਤੂ ਚੋਣਾਂ ਦਾ ਐਸਾ ਰੇੜਕਾ ਪਾ ਗਈ ਕਿ ਸਿੱਖ ਗੁਰਦਵਾਰਾ ਪ੍ਰਬੰਧ ਸੰਭਾਲਣ ਖਾਤਰ ਸਾਰੇ ਸਿਆਸੀ ਦਾਅ-ਪੇਚ ਵਰਤਣ ਲਈ ਮਜ਼ਬੂਰ ਹੋ ਜਾਂਦੇ ਹਨ। ਜੋ ਅਲਾਮਤਾਂ ਪਹਿਲੀ ਗੁਰਦਵਾਰਾ ਚੋਣਾਂ ਵਿਚ ਵੇਖੀਆਂ ਗਈਆਂ, ਉਹੋ ਹੁਣ ਤੱਕ ਜਾਰੀ ਹਨ। ਮੌਜੂਦਾ ਸਿੱਖ ਸਿਆਸਤ ਵੀ ਨਿਘਾਰ ਵੱਲ ਜਾ ਰਹੀ ਹੈ। ਸੋਹਣ ਸਿੰਘ ਜੋਸ਼ ਦੀ ਪੁਸਤਕ ਇਸ ਬਾਰੇ ਅੱਧੀ ਸਦੀ ਪਹਿਲਾਂ ਹੀ ਚੇਤਾਵਨੀ ਕਰ ਗਈ ਸੀ।

ਸਿੱਖ ਰਾਜ ਦੇ ਆਖਰੀ ਵਾਰਸ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ ਸਰਕਾਰ ਨੇ ਦੇਸ਼ ਨਿਕਾਲਾ ਦੇ ਦਿੱਤਾ। ਉਸ ਦੀ ਵਿਰਾਸਤ ਆਪਣੇ ਕਬਜ਼ੇ ਵਿਚ ਕਰ ਲਈ ਅਤੇ ਉਸ ਨੂੰ ਈਸਾਈ ਬਣਾ ਕੇ ਸਿੱਖ ਸਭਿਆਚਾਰ ਨੂੰ ਤਿਲਾਂਜਲੀ ਦੇਣ ਲਈ ਮਜ਼ਬੂਰ ਕਰ ਦਿੱਤਾ। ਮਾਂ ਦੇ ਮਿਲਾਪ ਤੋਂ ਹੀ ਉਸ ਵਿਚ ਸਿੱਖੀ ਸਪਿਰਿਟ ਜਾਗ ਪਈ ਅਤੇ ਉਹ ਬਾਗ਼ੀ ਤਬੀਅਤ ਦਾ ਧਾਰਨੀ ਹੋ ਗਿਆ। ਦਲੀਪ ਸਿੰਘ ਦੀ ਗਾਥਾ ਅਤੇ ਸਿੱਖ ਰਾਜ ਦੇ ਆਖਰੀ ਵਾਰਸਾਂ ਦਾ ਦੁਖਾਂਤ ਇਸ ਪੁਸਤਕ ਦਾ ਹਿੱਸਾ ਹਨ। ਇਸ ਜੁਲਾਈ ਮਹੀਨੇ ਦੇ ਅਖੀਰ ਉਪਰ ਹਾਲੀਵੁੱਡ ਦਵਾਰਾ ਤਿਆਰ ਕੀਤੀ ਮਹਾਰਾਜਾ ਦਲੀਪ ਸਿੰਘ ਬਾਰੇ ਫਿਲਮ (The Black Prince) ਸਿਨੇਮਾਘਰਾਂ ਵਿਚ ਪੇਸ਼ ਕੀਤੀ ਜਾ ਰਹੀ ਹੈ। ਇਸ ਦਾ ਹੀਰੋ 'ਸਤਿੰਦਰ ਸਰਤਾਜ' ਪੰਜਾਬੀ ਯੂਨੀਵਰਸਿਟੀ ਵਿਚ ਸੰਗੀਤ ਦਾ ਅਧਿਆਪਕ ਰਿਹਾ ਹੈ ਅਤੇ ਖੁਦ ਇਕ ਚੰਗਾ ਗਵੱਈਆ ਹੈ।

ਕੁੱਝ ਲੇਖ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹੀਦੀ ਬਾਰੇ, ਖ਼ਾਲਸਾ ਕਾਲਜ ਦੇ ਇਤਿਹਾਸ ਬਾਰੇ ਅਤੇ ਸਿੱਖ ਅਧਿਆਤਮਕ ਕੇਂਦਰਾਂ ਦੇ ਹੋ ਰਹੇ ਵਪਾਰੀਕਰਨ ਬਾਰੇ ਹਨ। ਅਫਸੋਸ ਦੀ ਗੱਲ ਹੈ ਕਿ ਜਦੋਂ ਵੀ ਖ਼ਾਲਸਾ ਕਾਲਜ ਯੂਨੀਵਰਸਿਟੀ ਬਣਨ ਦੀ ਦਹਿਲੀਜ਼ ਉਪਰ ਪੈਰ ਧਰਦਾ ਹੈ ਤਾਂ ਕੋਈ ਘਟਨਾ ਵਾਪਰ ਜਾਂਦੀ ਹੈ ਜੋ ਇਸ ਸੁਪਨੇ ਨੂੰ ਸਾਕਾਰ ਨਹੀਂ ਹੋਣ ਦਿੰਦੀ। ਵੀਹਵੀਂ ਸਦੀ ਦੇ ਦੂਜੇ ਦਹਾਕੇ ਪ੍ਰਿੰਸ ਆਫ਼ ਵੇਲਜ਼ ਖੁਦ ਇਸ ਕੰਮ ਨੂੰ ਨੇਪਰੇ ਚਾੜ੍ਹਣ ਲਈ ਖ਼ਾਲਸਾ ਕਾਲਜ ਪਧਾਰਿਆ ਸੀ ਪਰੰਤੂ ਮਹਾਤਮਾ ਗਾਂਧੀ ਦੇ ਕਾਂਗਰਸੀ ਚੇਲਿਆਂ ਨੇ ਉਸ ਨੂੰ ਅੰਦਰ ਵੜਣ ਤੋਂ ਹੀ ਰੋਕ ਦਿੱਤਾ ਅਤੇ ਖ਼ਾਲਸਾ ਯੂਨੀਵਰਸਿਟੀ ਦਾ ਸੁਪਨਾ ਅਧੂਰਾ ਰਹਿ ਗਿਆ। 2016 ਵਿਚ ਅਕਾਲੀ-ਭਾਜਪਾ ਸਰਕਾਰ ਨੇ ਖ਼ਾਲਸਾ ਯੂਨੀਵਰਸਿਟੀ ਦਾ ਮਤਾ ਵਿਧਾਨ ਸਭਾ ਵਿਚ ਪਾਸ ਕਰਕੇ ਯੂਨੀਵਰਸਿਟੀ ਵਿਚ ਦਾਖ਼ਲਾ ਸ਼ੁਰੂ ਕਰ ਲਿਆ। ਹੈਰਾਨੀ ਦੀ



Academy of the Punjab in North America: http://www.apnaorg.com

ਗੱਲ ਹੈ ਕਿ ਕਾਂਗਰਸ ਸਰਕਾਰ ਨੇ ਇਸ ਮਤੇ ਨੂੰ ਖਾਰਜ ਕਰਕੇ ਬਣੀ ਬਣਾਈ ਖਾਲਸਾ ਯੂਨੀਵਰਸਿਟੀ ਨੂੰ ਰੱਦ ਕਰ ਦਿੱਤਾ ਹੈ। ਸ਼ਾਇਦ ਦੁਨੀਆਂ ਦੇ ਇਤਿਹਾਸ ਵਿਚ ਇਹ ਆਪਣੇ ਕਿਸਮ ਦੀ ਪਹਿਲੀ ਘਟਨਾ ਹੋਵੇ ?

'ਖ਼ਾਲਸਾ ਰਾਜ ਦਾ ਮੋਢੀ : ਬੰਦਾ ਸਿੰਘ ਬਹਾਦਰ' ਬਲਵੰਤ ਸਿੰਘ ਢਿੱਲੋਂ ਦੀ ਪੁਸਤਕ ਦਾ ਰੀਵੀਊ ਹੈ ਜੋ ਅੰਗਰੇਜ਼ੀ ਭਾਸ਼ਾ ਵਿਚ 'ਸਿੱਖ ਰੀਵੀਊ' ਕਲਕੱਤਾ ਵਿੱਚ ਛਪਿਆ ਸੀ। ਲੇਖਕ ਨੇ ਫਾਰਸੀ ਦੇ ਇੱਕੀ ਸਰੋਤਾਂ ਵਿਚੋਂ ਬੰਦਾ ਸਿੰਘ ਬਹਾਦਰ ਬਾਰੇ ਸਮੱਗਰੀ ਇਕੱਠੀ ਕਰਕੇ ਪੁਸਤਕ ਤਿਆਰ ਕੀਤੀ ਹੈ। ਸ਼ਾਇਦ ਇਹ ਪਹਿਲੀ ਵਾਰ ਹੋਇਆ ਹੋਵੇ ? ਜਦੋਂ ਮੈਂ ਇਹ ਰੀਵੀਊ 'ਰੀਸਰਚਗੇਟ' ਉਪਰ ਛਾਪਿਆ ਤਾਂ ਇਸ ਨੂੰ ਡਾਊਨਲੋਡ ਕਰਨ ਵਾਲਿਆਂ ਦੀ ਗਿਣਤੀ ਕਈ ਹਜ਼ਾਰ ਪਾਰ ਕਰ ਗਈ। ਖ਼ਾਲਸਾ ਰਾਜ ਦੇ ਪਹਿਲੇ ਮੋਢੀ ਬਾਰੇ ਇਸ ਲੇਖ ਵਿਚ ਬਹੁਤ ਹੀ ਰੌਚਕ ਜਾਣਕਾਰੀ ਮਿਲ ਜਾਂਦੀ ਹੈ।

'ਰੰਘਰੇਟੇ ਗੁਰੂ ਕੇ ਬੇਟੇ : ਭਾਈ ਜੈਤਾ ਜੀ ਬਾਰੇ ਨਵੀਂ ਖੋਜ' ਬੜੌਦਾ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਡਾ. ਰਾਜ ਕੁਮਾਰ ਹੰਸ ਦੀ ਖੋਜ ਨੂੰ ਮੁੱਖ ਰੱਖ ਕੇ ਲਿਖਿਆ ਗਿਆ ਹੈ। ਭਾਈ ਜੀਵਨ ਸਿੰਘ (ਜੈਤਾ) ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਦਿੱਲੀ ਤੋਂ ਅਨੰਦਪੁਰ ਸਾਹਿਬ ਪਹੁੰਚਿਆ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਪੰਜਵੇਂ ਸਾਹਿਬਜ਼ਾਦੇ ਦਾ ਖਿਤਾਬ ਬਖਸ਼ਿਆ ਸੀ। ਕਿਲਾ ਅਨੰਦਗੜ੍ਹ ਦੇ ਨਾਲ ਹੀ ਭਾਈ ਜੀਵਨ ਸਿੰਘ ਰੰਘਰੇਟੇ ਦਾ ਗੁਰਦਵਾਰਾ ਉਸਾਰੀ ਅਧੀਨ ਹੈ। 'ਸਿੱਖ ਇਤਿਹਾਸ ਦੇ ਧੁੰਧਲੇ ਪੰਨੇ' ਲੇਖ ਵਿਚ ਸਿੱਖ ਇਤਿਹਾਸ ਦੀਆਂ ਖਾਮੀਆਂ ਬਾਰੇ ਜ਼ਿਕਰ ਮਿਲਦਾ ਹੈ ਅਤੇ ਅਪੀਲ ਕੀਤੀ ਗਈ ਹੈ ਕਿ ਇਨ੍ਹਾਂ ਬਾਰੇ ਪੁਨਰ ਵਿਚਾਰ ਲਾਜ਼ਮੀ ਹੈ।

'ਸੱਚ ਸੁਣਾਇਸੀ ਸੱਚ ਕੀ ਬੇਲਾ' ਲੇਖ ਵਿਚ ਸਿਰਦਾਰ ਕਪੂਰ ਸਿੰਘ ਦੀ ਭਵਿੱਖਬਾਣੀ ਦਾ ਜ਼ਿਕਰ ਹੈ ਅਤੇ ਅਕਾਲੀ-ਭਾਜਪਾ ਗੱਠਜੋੜ ਦਾ ਲੇਖਾ-ਜੋਖਾ ਕੀਤਾ ਗਿਆ ਹੈ। ਅਗਲੇ ਦੋ ਲੇਖਾਂ ਵਿਚ ਭਗਤ ਪੂਰਨ ਸਿੰਘ ਅਤੇ ਗੁਰਚਰਨ ਸਿੰਘ ਟੌਹੜਾ ਦੀਆਂ ਸ਼ਖਸੀਅਤਾਂ ਬਾਰੇ ਆਪਣੇ ਨਿੱਜੀ ਪ੍ਰਭਾਵ ਦੱਸੇ ਗਏ ਹਨ। ਭਗਤ ਪੂਰਨ ਸਿੰਘ ਦੇ ਪਿਛੋਕੜ ਅਤੇ ਸੇਵਾ ਬਾਰੇ ਲੇਖਕ ਨੂੰ ਪੂਰੀ ਜਾਣਕਾਰੀ ਪ੍ਰਾਪਤ ਹੈ ਅਤੇ ਉਨ੍ਹਾਂ ਦੀ ਵਾਤਾਵਰਣ ਸੰਭਾਲ ਤੋਂ ਸਾਰੇ ਬੁੱਧੀਜੀਵੀ ਪ੍ਰਭਾਵਿਤ ਸਨ। ਜਥੇਦਾਰ ਟੌਹੜਾ ਦੀ ਚੋਣ ਮੁਹਿੰਮ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ ਜਦੋਂ ਉਹ ਜਨਤਾ ਦਲ ਦੇ ਟਿਕਟ ਉਪਰ ਇੰਦਰਾ ਕਾਂਗਰਸ ਖਿਲਾਫ਼ ਪਟਿਆਲੇ ਤੋਂ ਚੋਣ ਲੜ ਰਹੇ ਸਨ। ਇਹ ਉਹ ਸਮਾਂ ਸੀ ਜਦੋਂ ਐਮਰਜੈਂਸੀ ਦੇ ਵਿਰੋਧ ਵਿਚ ਪੰਜਾਬੀ ਯੂਨੀਵਰਸਿਟੀ ਦੇ ਅਧਿਆਪਕ ਕ੍ਰਿਆਸ਼ੀਲ ਹੋਏ ਸਨ ਅਤੇ ਸਿੱਖ ਬੁੱਧੀਜੀਵੀ ਫੋਰਮ ਨੇ ਜਥੇਦਾਰ ਟੌਹੜੇ ਦੀ ਹਮਾਇਤ ਕਰਨ ਦਾ ਫੈਸਲਾ ਕੀਤਾ ਸੀ। ਇਸ ਵਿਚ ਮੇਰਾ ਸਿਆਸੀ



Academy of the Punjab in North America: http://www.apnaorg.com

ਲਾਹਾ ਲੈਣ ਦਾ ਕੋਈ ਵਿਚਾਰ ਨਹੀਂ ਸੀ। ਕੇਵਲ ਸਿੱਖ ਪੰਥ ਦੀ ਚੜ੍ਹਦੀ ਕਲਾ ਦਾ ਹੀ ਵਿਚਾਰ ਸੀ।

ਪੁਸਤਕ ਵਿਚ ਦੋ ਲੇਖ ਸਿੱਖ ਕੌਮ ਨੂੰ ਹਲੂਣਾ ਦੇਣ ਲਈ ਲਿਖੇ ਗਏ ਹਨ। ਸਿੱਖ ਕੌਮ ਨੂੰ ਯਹੂਦੀਆਂ ਤੋਂ ਸਬਕ ਸਿੱਖਣਾ ਚਾਹੀਦਾ ਹੈ। ਸਿੱਖ ਕੌਮ ਦੇ ਬੌਧਿਕ ਦੀਵਾਲੀਏਪਣ ਦੀ ਗੱਲ ਹੋਈ ਹੈ ਅਤੇ ਇਸ ਦੀ ਜੁੰਮੇਵਾਰੀ ਮਿਥੀ ਜਾਣੀ ਜ਼ਰੂਰੀ ਹੈ। ਨੋਬਲ ਲੌਰੀਏਟ ਅਬਦੁੱਸ ਸਲਾਮ ਨਾਲ ਲੇਖਕ ਦੀ ਇੰਟਰਵੀਊ 'ਖੁੱਲ੍ਹੀਆਂ ਗੱਲਾਂ' ਸਿਰਲੇਖ ਹੇਠ ਛਾਪੀ ਗਈ ਹੈ। ਇਸ ਵਿਚ ਅਬਦੁੱਸ ਸਲਾਮ ਦੀ ਉਤਸੁਕਤਾ ਤੋਂ ਪਾਠਕਾਂ ਨੂੰ ਜਾਣੂ ਕਰਵਾਇਆ ਗਿਆ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਫੇਰੀ ਉਪਰੰਤ ਮੇਰੇ ਦਰਜਨ ਦੇ ਕਰੀਬ ਗੇੜੇ ਇਟਲੀ ਦੇ ਭੌਤਿਕ ਵਿਗਿਆਨ ਕੇਂਦਰ ਵਿਚ ਲੱਗੇ ਸਨ ਅਤੇ ਅਬਦੁੱਸ ਸਲਾਮ ਨੇ ਸਾਡੇ ਵਿਭਾਗ ਨੂੰ ਖਾਸ ਸਹੂਲਤਾਂ ਦੇ ਰੱਖੀਆਂ ਸਨ।

ਪੰਜਾਬ ਦੇ ਮਾਲਵਾ ਖੇਤਰ ਵਿਚ ਕੈਂਸਰ ਦੀ ਨਾ-ਮੁਰਾਦ ਬੀਮਾਰੀ ਫੈਲੀ ਹੋਈ ਹੈ। 'ਪੰਜਾਬ ਦੇ ਪਾਣੀਆਂ ਵਿਚ ਯੂਰੇਨੀਅਮ ਅਤੇ ਭਾਰੀ ਧਾਤਾਂ ਦਾ ਘੁਲਿਆ ਜ਼ਹਿਰ' ਵਾਲਾ ਲੇਖ ਇਸ ਸਮੱਸਿਆ ਬਾਰੇ ਚੇਤਾਵਨੀ ਪੇਸ਼ ਕਰਦਾ ਹੈ। ਲੇਖ 'ਅਰਬਦ ਨਰਬਦ ਧੁੰਧੂਕਾਰਾ' ਜਦੋਂ ਸਪੋਕਸਮੈਨ ਵਿਚ ਛਪਿਆ ਤਾਂ ਪਾਠਕਾਂ ਨੇ ਇਸ ਨੂੰ ਬਹੁਤ ਸਲਾਹਿਆ ਜਿਸ ਕਰਕੇ ਇਸ ਨੂੰ ਵੀ ਪੁਸਤਕ ਵਿਚ ਸ਼ਾਮਲ ਕਰ ਲਿਆ ਗਿਆ ਹੈ। ਇਸ ਵਿਚ ਵਿਗਿਆਨ ਦੀ ਰੋਸ਼ਨੀ ਵਿਚ ਬ੍ਰਹਿਮੰਡੀ ਪਸਾਰੇ ਦੀ ਚਰਚਾ ਹੋਈ ਹੈ।

ਪੁਸਤਕ ਦੀ ਅੰਤਿਕਾ ਵਿਚ ਤਰਲੋਚਨ ਸਿੰਘ ਦੁਪਾਲਪੁਰ ਦਾ ਲੇਖ ਸ਼ਾਮਲ ਕੀਤਾ ਗਿਆ ਹੈ ਜੋ ਉਸ ਨੇ 'ਮੇਰੀ ਵਿਸ਼ਵ ਯਾਤਰਾ' ਪੁਸਤਕ ਦੇ ਰੀਵੀਊ ਖਾਤਰ ਲਿਖਿਆ ਸੀ। ਉਸ ਦੀ ਗੱਲ ਠੀਕ ਹੈ ਕਿ ਮੈਂ ਪੰਜਾਹ ਦੇ ਕਰੀਬ ਦੇਸ਼ਾਂ ਦੀ ਯਾਤਰਾ ਕਰ ਚੁੱਕਾ ਹਾਂ। ਜਿਸ ਕਰਕੇ ਉਸ ਨੇ ਇਸ ਰੀਵੀਊ ਦਾ ਸਿਰਲੇਖ 'ਅਣਥੱਕ ਰਾਹੀ, ਜਿਸ ਨੇ ਦੁਨੀਆ ਗਾਹੀ' ਚੁਣਿਆ ਹੈ। ਯਾਤਰਾ ਲੇਖਾਂ ਦੀਆਂ ਮੇਰੀਆਂ ਤਿੰਨ ਪੁਸਤਕਾਂ ਛਪ ਚੁੱਕੀਆਂ ਹਨ। ਵਿਗਿਆਨੀਆਂ ਬਾਰੇ ਅਤੇ ਵਿਗਿਆਨਕ ਵਿਸ਼ਿਆਂ ਬਾਰੇ ਦੋ ਪੁਸਤਕਾਂ ਛਪੀਆਂ ਸਨ ਜੋ ਹੁਣ ਅਗਲੀ ਐਡੀਸ਼ਨ ਦੀ ਉਡੀਕ ਵਿਚ ਹਨ। ਉਮੀਦ ਹੈ ਲੇਖਾਂ ਦੀ ਇਹ ਪੁਸਤਕ ਪੰਜਾਬੀ ਪਾਠਕਾਂ ਦੇ ਗਿਆਨ ਵਿਚ ਜ਼ਰੂਰ ਵਾਧਾ ਕਰੇਗੀ।

**ਹਰਦੇਵ ਸਿੰਘ ਵਿਰਕ**

ਐਮ.ਐਸ.ਸੀ., ਪੀ. ਐਚ.ਡੀ. (ਪੈਰਿਸ)

# 360, ਸੈਕਟਰ 71, ਮੋਹਾਲੀ

ਈ-ਮੇਲ : hardevsingh.virk@gmail.com



Academy of the Punjab in North America: http://www.apnaorg.com

# 1.

# ਇਕੀਵੀਂ ਸਦੀ ਦਾ ਜ਼ਫ਼ਰਨਾਮਾ

ਅਠਾਰਵੀਂ ਸਦੀ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਜੋ ਚਿੱਠੀ ਲਿਖ ਕੇ ਭੇਜੀ ਉਸ ਨੂੰ ਜ਼ਫ਼ਰਨਾਮਾ ਕਿਹਾ ਜਾਂਦਾ ਹੈ। ਔਰੰਗਜ਼ੇਬ ਆਪਣੀਆਂ ਕਰਤੂਤਾਂ ਤੇ ਪਸ਼ਚਾਤਾਪ ਕਰਨ ਲਈ ਗੁਰੂ ਜੀ ਨਾਲ ਮੁਲਾਕਾਤ ਕਰਨੀ ਚਾਹੁੰਦਾ ਸੀ ਪਰੰਤੂ ਉਹ ਜਲਦੀ ਹੀ ਫੌਤ ਹੋ ਗਿਆ। ਇਸ ਚਿੱਠੀ ਦਾ ਅਸਰ ਉਸ ਨੂੰ ਪਰੇਸ਼ਾਨ ਕਰਦਾ ਰਿਹਾ ਅਤੇ ਉਹ ਇਸਦੇ ਸਦਮੇ ਨਾਲ ਹੀ ਮਰ ਗਿਆ।

ਇਕੀਵੀਂ ਸਦੀ ਦਾ ਅਗਾਜ਼ ਹੀ ਅਮਰੀਕਾ ਦੀ ਚੜ੍ਹਤ ਨਾਲ ਹੋਇਆ। ਪਹਿਲਾਂ ਅਫ਼ਗਾਨਿਸਤਾਨ ਦੀ ਤਬਾਹੀ ਅਤੇ ਹੁਣ ਇਰਾਕ ਦੀ ਜੰਗ ਨੇ ਸਿੱਧ ਕਰ ਦਿਤਾ ਹੈ ਕਿ ਔਰੰਗਜ਼ੇਬੀ ਜ਼ੁਲਮ ਦਾ ਅਜੇ ਅੰਤ ਨਹੀਂ ਹੋਇਆ। ਇਰਾਕ ਦੀ ਜੰਗ ਰੋਕਣ ਲਈ ਦੁਨੀਆਂ ਭਰ ਵਿਚ ਰੋਸ ਮੁਜ਼ਾਹਰੇ ਹੁੰਦੇ ਰਹੇ ਅਤੇ ਅਮਰੀਕਾ ਦੇ ਚਾਲੀ ਤੋਂ ਵਧੀਕ ਨੋਬਲ ਪੁਰਸਕਾਰ ਜੇਤੂਆਂ ਨੇ ਇਕ ਚਿੱਠੀ ਆਪਣੇ ਪ੍ਰਧਾਨ ਜਾਰਜ ਬੁੱਸ਼ ਨੂੰ ਲਿਖ ਭੇਜੀ ਪਰੰਤੂ ਉਸ ਨੇ ਫਿਰ ਵੀ ਜੰਗ ਦਾ ਐਲਾਨ ਕਰ ਦਿਤਾ। ਮੈਂ ਇਸ ਚਿੱਠੀ ਨੂੰ ਇਕੀਵੀਂ ਸਦੀ ਦਾ ਜ਼ਫ਼ਰਨਾਮਾ ਕਹਿੰਦਾ ਹਾਂ।

ਅਮਰੀਕਾ ਦੀ ਚੜ੍ਹਤ ਵਿਗਿਆਨ ਅਤੇ ਟੈਕਨਾਲੋਜੀ ਦੀ ਚੜ੍ਹਤ ਨਾਲ ਜੁੜੀ ਹੋਈ ਹੈ। ਪਹਿਲੇ ਵਿਸ਼ਵ ਯੁੱਧ ਤੋਂ ਪਹਿਲਾਂ ਵਿਗਿਆਨ ਦੇ ਕੇਂਦਰ ਯੂਰਪ ਵਿਚ ਕਾਇਮ ਸਨ ਅਤੇ ਜਰਮਨੀ, ਇੰਗਲੈਂਡ ਅਤੇ ਫਰਾਂਸ ਮੋਹਰੀ ਦੇਸ ਸਨ। ਦੂਸਰੇ ਵਿਸ਼ਵ ਯੁੱਧ ਦੌਰਾਨ ਹਿਟਲਰ ਨੇ ਯਹੂਦੀਆਂ ਦੀ ਨਸਲਕੁਸ਼ੀ ਕਰਨ ਦੀ ਠਾਣ ਰੱਖੀ ਸੀ ਜਿਸ ਕਰਕੇ ਯੂਰਪ ਦੇ ਮੋਢੀ ਵਿਗਿਆਨੀ ਜੋ ਵਧੇਰੇ ਯਹੂਦੀ ਹੀ ਸਨ, ਅਮਰੀਕਾ ਵੱਲ ਕੂਚ ਕਰ ਗਏ। ਇਹਨਾਂ ਦਾ ਮੋਹਰੀ ਐਲਬਰਟ ਆਇਨਸਟਾਈਨ ਸੀ ਜਿਸਨੇ ਅਮਰੀਕਾ ਦੇ ਪ੍ਰਧਾਨ ਰੂਜ਼ਵੇਲਟ ਨੂੰ ਐਟਮ ਬੰਬ ਤਿਆਰ ਕਰਨ ਲਈ ਪ੍ਰੇਰਿਆ। ਭਾਵੇਂ ਜਰਮਨੀ ਅਤੇ ਜਪਾਨ ਦੂਜਾ ਵਿਸ਼ਵ ਯੁੱਧ ਹਾਰ ਚੁੱਕੇ ਸਨ ਪਰੰਤੂ ਫਿਰ ਵੀ ਅਮਰੀਕਾ ਨੇ ਵਿਰੋਧੀਆਂ ਨੂੰ ਸਬਕ ਸਿਖਾਉਣ ਲਈ ਜਪਾਨ ਦੇ ਹੀਰੋਸ਼ੀਮਾ ਅਤੇ ਨਾਗਾਸਾਕੀ ਸ਼ਹਿਰਾਂ ਉਪਰ ਐਟਮ ਬੰਬ ਸੁੱਟ ਕੇ ਭਾਰੀ ਤਬਾਹੀ ਕਰ ਦਿੱਤੀ। ਵਿਗਿਆਨ ਅਤੇ ਟੈਕਨਾਲੋਜੀ ਦੀ ਦੁਰ-ਵਰਤੋਂ ਸ਼ੁਰੂ ਹੋ ਗਈ ਜਿਸ ਦੇ ਲਈ ਆਇਨਸਟਾਈਨ ਨੇ ਕਈ ਵਾਰ ਪਸ਼ਚਾਤਾਪ ਵੀ ਕੀਤਾ। ਵੀਹਵੀਂ ਸਦੀ ਦੇ ਅੱਧ ਤੱਕ ਅਮਰੀਕਾ ਵਿਗਿਆਨ ਅਤੇ



Academy of the Punjab in North America: http://www.apnaorg.com

ਟੈਕਨਾਲੋਜੀ ਵਿਚ ਸਭ ਤੋਂ ਮੋਹਰੀ ਹੋ ਨਿਬੜਿਆ। ਦੁਨੀਆਂ ਭਰ ਤੋਂ ਚੰਗੇ ਵਿਗਿਆਨੀ ਅਮਰੀਕਾ ਵੱਲ ਭੱਜੇ ਜਾ ਰਹੇ ਹਨ।

ਸਿਆਸੀ ਖੇਤਰ ਵਿਚ ਵੀ ਅਮਰੀਕਾ ਮੋਹਰੀ ਦੇਸ ਬਣਨਾ ਲੋਚਦਾ ਸੀ। ਯੂਰਪੀਅਨ ਦੇਸ਼ਾਂ ਨਾਲ ਸੰਧੀ ਕਰਕੇ ਪਹਿਲਾਂ ਰੂਸ ਦਾ ਘੇਰਾ ਤੰਗ ਕੀਤਾ ਅਤੇ ਆਰਥਿਕ ਨੀਤੀਆਂ ਦੀ ਮਾਰ ਹੇਠ ਲਿਆ ਕੇ ਆਪਣੇ ਕਦਮਾਂ ਵਿਚ ਸੁੱਟ ਲਿਆ। ਰੂਸ ਅਤੇ ਚੀਨ ਹੁਣ ਅਮਰੀਕਾ ਅੱਗੇ ਕੁਸਕਦੇ ਨਹੀਂ। ਪੱਛਮੀ ਯੂਰਪ ਦੇ ਦੇਸ ਪਹਿਲਾਂ ਹੀ ਨੈਟੋ ਸੰਧੀ ਕਰਕੇ ਅਮਰੀਕਾ ਦੀ ਹਾਮੀ ਭਰਦੇ ਸਨ। ਸਿਆਸੀ ਖੇਤਰ ਵਿਚ ਚੌਧਰ ਹਾਸਲ ਕਰਨ ਲਈ ਅਮਰੀਕਾ ਨੇ ਕਈ ਵਾਰ ਔਰੰਗਜ਼ੇਬੀ ਜ਼ੁਲਮ ਢਾਹੇ ਹਨ। ਕੋਰੀਆ ਦੇ ਦੋ ਟੁਕੜੇ ਕਰਕੇ ਦੱਖਣੀ ਕੋਰੀਆ ਤੇ ਆਪਣਾ ਦਬਦਬਾ ਬਣਾਈ ਰੱਖਿਆ। ਵੀਅਤਨਾਮ ਦੀ ਨਪਾਲਮ ਬੰਬਾਂ ਨਾਲ ਤਬਾਹੀ ਕਰਨ ਉਪਰੰਤ ਮੂੰਹ ਦੀ ਖਾਣੀ ਪਈ। ਪਹਿਲੀ ਵਾਰ ਅਮਰੀਕਾ ਨੇ ਨਮੋਸ਼ੀ ਦਾ ਮੂੰਹ ਵੇਖਿਆ। ਏਸ਼ੀਆ ਦੇ ਖੇਤਰ ਵਿਚ ਅਮਰੀਕਾ ਦਾ ਰੋਲ ਘਿਨਾਉਣਾ ਹੀ ਰਿਹਾ ਹੈ। ਇਜ਼ਰਾਈਲ ਦੀ ਹਰ ਜਾਇਜ਼ ਨਜਾਇਜ਼ ਹਰਕਤ ਅਮਰੀਕਾ ਦੀ ਸ਼ਹਿ ਸਦਕਾ ਹੁੰਦੀ ਹੈ। ਜੇਕਰ ਅਮਰੀਕਾ ਚਾਹੇ ਤਾਂ ਫਲਸਤੀਨ ਵਿਚ ਅਮਨ ਕਾਇਮ ਹੋ ਸਕਦਾ ਹੈ। ਰੂਸ ਨੂੰ ਪਰੇਸ਼ਾਨ ਕਰਨ ਲਈ ਅਮਰੀਕਾ ਨੇ ਪਾਕਿਸਤਾਨ ਰਾਹੀਂ ਤਾਲੀਬਾਨ ਲੜਾਕੂਆਂ ਨੂੰ ਹਥਿਆਰਬੰਦ ਕੀਤਾ। ਜਦੋਂ ਰੂਸੀ ਅਫ਼ਗਾਨਿਸਤਾਨ ਛੱਡ ਕੇ ਚਲੇ ਗਏ ਤਾਂ ਅਮਰੀਕਾ ਨੇ ਆਪਣੇ ਚਹੇਤੇ ਤਾਲੀਬਾਨ ਨੂੰ ਤਬਾਹ ਕਰਨ ਲਈ ਅਫ਼ਗਾਨਿਸਤਾਨ ਤੇ ਹਮਲਾ ਕਰ ਦਿਤਾ। ਦੱਸਿਆ ਜਾਂਦਾ ਹੈ ਕਿ ਕਾਬੁਲ ਸ਼ਹਿਰ ਵਿਚ ਹੀ ਪੰਜਾਹ ਹਜ਼ਾਰ ਰੰਡੀਆਂ ਔਰਤਾਂ ਹਨ ਅਤੇ ਹਕੂਮਤ ਨਾਂ ਦੀ ਕੋਈ ਚੀਜ਼ ਨਹੀਂ।

ਇਰਾਨ ਅਤੇ ਇਰਾਕ ਦੀ ਆਪਸੀ ਜੰਗ ਵਿਚ ਅਮਰੀਕਾ ਇਰਾਕ ਦੀ ਹਾਮੀ ਭਰ ਰਿਹਾ ਸੀ ਅਤੇ ਸੱਦਾਮ ਹੁਸੈਨ ਨੂੰ ਹਥਿਆਰਾਂ ਨਾਲ ਲੈਸ ਕਰਕੇ ਰਸਾਇਣਕ ਹਥਿਆਰ ਤਿਆਰ ਕਰਨ ਦਾ ਸਾਜੋ ਸਮਾਨ ਵੀ ਮੁਹੱਈਆ ਕੀਤਾ। ਖਾੜੀ ਯੁੱਧ ਵਿਚ ਕੁਵੈਤ ਦੀ ਮੱਦਦ ਦੇ ਬਹਾਨੇ ਇਰਾਕ ਤੇ ਹਮਲਾ ਕਰਕੇ ਅਰਬ ਦੇਸ਼ਾਂ ਦੇ ਤੇਲ ਦੇ ਜਖੀਰਿਆਂ ਤੇ ਅਸਿੱਧਾ ਕਬਜ਼ਾ ਕਰ ਲਿਆ। ਇਰਾਕ ਉਪਰ ਲੱਗੀਆਂ ਆਰਥਿਕ ਰੋਕਾਂ ਦੇ ਬਾਵਜੂਦ ਵੀ ਸੱਦਾਮ ਹੁਸੈਨ ਅਮਰੀਕਾ ਅੱਗੇ ਗੋਡੇ ਟੇਕਣ ਲਈ ਤਿਆਰ ਨਹੀਂ ਸੀ। ਅਮਰੀਕਾ ਨੇ ਹਥਿਆਰਾਂ ਦੀ ਜਾਂਚ ਕਰਨ ਲਈ ਕਈ ਵਾਰ ਵਿਗਿਆਨੀਆਂ ਦੀਆਂ ਟੀਮਾਂ ਭੇਜੀਆਂ। ਹਾਂਸ ਬਲਿਕਸ ਦੀ ਰੀਪੋਰਟ ਅਨੁਸਾਰ ਇਰਾਕ ਕੋਲ ਨਾ ਤਾਂ ਨਿਊਕਲੀਅਰ ਹਥਿਆਰ ਸਨ ਅਤੇ ਨਾ ਹੀ ਰਸਾਇਣਕ ਹਥਿਆਰ। ਪ੍ਰਧਾਨ ਬੁੱਸ਼ ਨੇ ਇਸ ਰੀਪੋਰਟ ਨੂੰ ਨਕਾਰਾ ਦੱਸ ਕੇ ਹੱਲਾ ਬੋਲ ਦਿਤਾ। ਇਰਾਕ ਦੀ ਤਬਾਹੀ ਹੋ ਚੁਕੀ ਹੈ ਅਤੇ ਇਰਾਕੀ ਲੋਕ ਹੁਣ ਅਮਰੀਕਾ ਦੇ ਖਿਲਾਫ਼ ਜੇਕਰ ਮੁਜ਼ਾਹਰਾ ਕਰਦੇ ਹਨ ਤਾਂ ਗੋਲੀਆਂ ਦਾ ਨਿਸ਼ਾਨਾ ਬਣਦੇ ਹਨ।



Academy of the Punjab in North America: http://www.apnaorg.com

ਇਰਾਕ ਦੀ ਲੜਾਈ ਦਾ ਆਰਥਿਕ ਲਾਭ ਅਮਰੀਕਾ ਨੂੰ ਹੋਵੇਗਾ। ਪਹਿਲੇ ਖਾੜੀ ਯੁੱਧ ਵਿਚ ਅਮਰੀਕਾ ਨੇ ਇਰਾਕ ਨੂੰ ਹਰਾ ਕੇ ਕੁਵੈਤ ਦੇ ਤੇਲ ਖੂਹਾਂ ਉਪਰ ਕਬਜ਼ਾ ਕਰ ਲਿਆ। ਇਸ ਲੜਾਈ ਉਪਰ ਅਮਰੀਕਾ ਦਾ ਚਾਲੀ ਬਿਲੀਅਨ ਡਾਲਰ ਅਰਥਾਤ 4000 ਕਰੋੜ ਡਾਲਰ ਜਾਂ 2000 ਅਰਬ ਰੁਪਏ ਖਰਚ ਹੋਇਆ ਸੀ। ਇਟਲੀ ਦੀ ਮਿਲਾਨ ਯੂਨੀਵਰਸਿਟੀ ਦੇ ਇਕ ਪ੍ਰੋਫੈਸਰ ਨੇ ਮੈਨੂੰ ਈ-ਮੇਲ ਰਾਹੀਂ ਅਮਰੀਕਾ ਦੀ ਕੂਟਨੀਤੀ ਦਾ ਵੇਰਵਾ ਭੇਜਿਆ ਹੈ। ਖਾੜੀ ਯੁੱਧ ਤੋਂ ਬਾਅਦ ਤੇਲ ਦੀਆਂ ਕੀਮਤਾਂ 15 ਡਾਲਰ ਪ੍ਰਤੀ ਬੈਰਲ ਤੋਂ ਵਧਾ ਕੇ 42 ਡਾਲਰ ਪ੍ਰਤੀ ਬੈਰਲ ਕਰ ਦਿੱਤੀਆਂ ਕਿਉਂਕਿ ਤੇਲ ਕੱਢਣ ਦਾ ਕੰਮ ਅਮਰੀਕਨ ਕੰਪਨੀਆਂ ਦੇ ਕੋਲ ਹੈ। ਅਮਰੀਕਾ ਨੇ ਤੇਲ ਦੇ ਮੁਨਾਫੇ 'ਚੋਂ ਵੀਹ ਬਿਲੀਅਨ ਡਾਲਰ ਕਮਾਇਆ। ਤੀਹ ਬਿਲੀਅਨ ਡਾਲਰ ਕੁਵੈਤ ਅਤੇ ਅਰਬ ਤੋਂ ਖਾੜੀ ਯੁੱਧ ਦਾ ਖਰਚਾ ਹਾਸਲ ਕੀਤਾ। ਇਹ 50 ਬਿਲੀਅਨ ਡਾਲਰ ਹਥਿਆਰ ਤਿਆਰ ਕਰਨ ਲਈ ਖਰਚ ਕੀਤੇ। ਕੁੱਲ ਮਿਲਾ ਕੇ ਖਾੜੀ ਯੁੱਧ ਵਿਚੋਂ ਅਮਰੀਕਾ ਨੇ 60 ਬਿਲੀਅਨ ਡਾਲਰ ਦੀ ਕਮਾਈ ਕੀਤੀ ਸੀ।

ਹੁਣ ਇਰਾਕ ਦੇ ਯੁੱਧ ਬਾਰੇ ਵੀ ਕਿਆਸ ਲਗਾਇਆ ਜਾ ਰਿਹਾ ਹੈ ਕਿ ਅਮਰੀਕਾ ਨੇ ਸਾਰਾ ਖਰਚਾ ਤੇਲ ਵੇਚ ਕੇ ਅਤੇ ਆਪਣੀਆਂ ਕੰਪਨੀਆਂ ਨੂੰ ਠੇਕੇ ਦਿਵਾ ਕੇ ਪੂਰਾ ਕਰ ਲੈਣਾ ਹੈ। ਅਮਰੀਕਾ ਕੋਲ ਤੇਲ ਦੇ ਜਖੀਰੇ ਹਨ, ਪਰਮਾਣੂ ਹਥਿਆਰ ਹਨ, ਵਿਗਿਆਨ ਅਤੇ ਟੈਕਨਾਲੋਜੀ ਦੀ ਚੜ੍ਹਤ ਹੈ, ਸਿਆਸੀ ਅਤੇ ਆਰਥਿਕ ਅਜ਼ਾਰੇਦਾਰੀ ਹੈ, ਯੂ.ਐਨ.ਓ. ਤੇ ਪੂਰਾ ਕਬਜ਼ਾ ਹੈ ਅਤੇ ਔਰੰਗਜ਼ੇਬੀ ਤਾਕਤ ਦਾ ਨਸ਼ਾ ਹੈ। ਇਸ ਦੇ ਬਾਵਜੂਦ ਵੀ ਅੱਜ ਅਮਰੀਕਨ ਸ਼ਹਿਰੀ ਸੱਭ ਤੋਂ ਵੱਧ ਡਰਿਆ ਅਤੇ ਸਹਿਮਿਆ ਮਨੁੱਖ ਹੈ। ਜੇਕਰ ਅਮਰੀਕਾ ਆਪਣੀਆਂ ਹਰਕਤਾਂ ਤੋਂ ਬਾਜ ਨਾ ਆਇਆ ਤਾਂ ਇਕੀਵੀਂ ਸਦੀ ਬਹੁਤ ਹੀ ਭਿਆਨਕ ਹੋ ਨਿਬੜੇਗੀ। ਇਸਲਾਮ ਅਤੇ ਇਸਾਈਅਤ ਦੀ ਟੱਕਰ ਸ਼ੁਰੂ ਹੋ ਗਈ ਹੈ। ਇਸ ਦਾ ਅਰੰਭ ਯੂਗੋਸਲਾਵੀਆ ਤੋਂ ਹੋਇਆ ਅਤੇ ਇਸ ਦੇ ਕਈ ਟੁਕੜੇ ਕਰ ਗਿਆ। ਅਤਿਵਾਦੀਆਂ ਦੇ ਹਮਲੇ ਹੋਰ ਵੀ ਤੇਜ਼ ਹੋ ਜਾਣਗੇ। 11 ਸਤੰਬਰ 2001 ਦੀ ਘਟਨਾ ਨੇ ਸਿੱਧ ਕਰ ਦਿਤਾ ਸੀ ਕਿ ਸ਼ਹੀਦ ਹੋਣ ਦੀ ਤਮੰਨਾ ਕਿਸੇ ਹਕੂਮਤ ਦੀ ਪ੍ਰਵਾਹ ਨਹੀਂ ਕਰਦੀ। ਅਠਾਰਵੀਂ ਸਦੀ ਵਿਚ ਖਾਲਸੇ ਨੇ ਔਰੰਗਜ਼ੇਬੀ ਤਾਕਤਾਂ ਨੂੰ ਹਰਾ ਕੇ ਖਾਲਸਾ ਰਾਜ ਸਥਾਪਿਤ ਕਰ ਲਿਆ ਸੀ। ਹੋ ਸਕਦਾ ਹੈ ਅਮਰੀਕਾ ਨੂੰ ਵੀ ਹਾਰ ਦਾ ਮੂੰਹ ਵੇਖਣਾ ਪਵੇ ਪਰੰਤੂ ਹਾਲ ਦੀ ਘੜੀ ਇਕੀਵੀਂ ਸਦੀ ਇਸਲਾਮ ਅਤੇ ਈਸਾਈਅਤ (ਅਮਰੀਕਾ) ਵਿਚਕਾਰ ਯੁੱਧ ਦਾ ਅਖਾੜਾ ਬਣ ਚੁੱਕੀ ਹੈ।

ਜਿਸ ਤਰ੍ਹਾਂ ਸੱਦਾਮ ਹੁਸੈਨ ਨੂੰ ਤਬਾਹ ਕਰਨ ਲਈ ਅਮਰੀਕਾ ਨੇ ਮਨਸੂਬੇ ਤਿਆਰ ਕੀਤੇ ਸਨ, ਉਸੇ ਤਰ੍ਹਾਂ ਹੀ ਮੁਹੰਮਦ ਗਦਾਫੀ ਨੂੰ ਲਿਬੀਆ ਵਿਚ ਤਬਾਹ ਕਰ ਦਿੱਤਾ ਗਿਆ। ਲਿਬੀਆ ਆਪਣੇ ਤੇਲ ਦੇ ਜਖੀਰਿਆਂ ਕਰਕੇ ਅਫਰੀਕਾ ਦਾ ਇਕ ਮੋਹਰੀ ਦੇਸ਼ ਬਣ ਗਿਆ



Academy of the Punjab in North America: http://www.apnaorg.com

ਸੀ। ਜਿਸ ਤਰ੍ਹਾਂ ਕਮਿਊਨਿਸਟਾਂ ਦੀ ਲਾਲ ਕਿਤਾਬ ਮਸ਼ਹੂਰ ਹੋ ਗਈ ਸੀ ਅਤੇ ਚੀਨ ਦੇ ਹਰ ਘਰ ਦਾ ਸ਼ਿੰਗਾਰ ਹੋਇਆ ਕਰਦੀ ਸੀ। ਇਸੇ ਤਰ੍ਹਾਂ ਹੀ ਗਦਾਫ਼ੀ ਦੀ ਹਰੀ ਕਿਤਾਬ ਲਿਬੀਆ ਵਿਚ ਸਤਿਕਾਰੀ ਜਾਂਦੀ ਸੀ। ਗਦਾਫੀ ਆਪਣੀ ਅਮੀਰੀ ਅਤੇ ਤਾਕਤ ਦੇ ਨਸ਼ੇ ਵਿਚ ਰਹਿੰਦਾ ਸੀ ਜਿਸ ਕਰਕੇ ਅਮਰੀਕਾ ਨੂੰ ਰੜਕਣ ਲੱਗ ਪਿਆ ਸੀ। ਜਦੋਂ ਅਰਬੀ ਦੁਨੀਆਂ ਵਿਚ ਸਿਆਸੀ ਹਿੱਲ-ਜੁੱਲ ਸ਼ੁਰੂ ਹੋਈ ਤਾਂ ਪਹਿਲਾਂ ਟਿਊਨਿਸ਼ੀਆ ਅਤੇ ਬਾਅਦ ਵਿਚ ਮਿਸਰ ਦੇ ਹੋਸਨੀ ਮੁਬਾਰਕ ਨੂੰ ਗੱਦੀ ਤੋਂ ਲਾਹ ਦਿੱਤਾ ਗਿਆ।

ਅਮਰੀਕਾ ਇਸ ਸਿਆਸੀ ਮਹੌਲ ਤੋਂ ਲਾਹਾ ਲੈਣਾ ਚਾਹੁੰਦਾ ਸੀ। ਹਿਲੇਰੀ ਕਲਿੰਟਨ ਨੇ ਮਿਸਰ ਪਹੁੰਚ ਕੇ 2011 ਵਿਚ ਗਦਾਫ਼ੀ ਦੇ ਵਿਰੋਧੀਆਂ ਨਾਲ ਮੁਲਾਕਾਤ ਕੀਤੀ। ਗਦਾਫੀ ਵਿਰੁੱਧ ਮੋਰਚਾ ਖੋਲ੍ਹਿਆ ਗਿਆ ਅਤੇ ਯੂ.ਐਨ.ਓ. ਤੋਂ ਕਈ ਰੋਕਾਂ ਲਗਵਾ ਦਿੱਤੀਆਂ। ਗਦਾਫ਼ੀ ਦੀ ਅਮਰੀਕਾ ਵਿਚ 3,000 ਕਰੋੜ ਡਾਲਰ ਦੀ ਸੰਪੱਤੀ ਜ਼ਬਤ ਕਰ ਲਈ ਗਈ। ਅਮਰੀਕਾ ਨੇ ਯੂਰਪ ਦੇ ਦੇਸ਼ਾਂ ਨੂੰ ਵੀ ਉਕਸਾਇਆ ਜਿਸ ਕਰਕੇ ਫਰਾਂਸ ਨੇ ਲਿਬੀਆ ਉਪਰ ਹਵਾਈ ਹਮਲੇ ਸ਼ੁਰੂ ਕਰ ਦਿਤੇ। ਇਨ੍ਹਾਂ ਹਮਲਿਆਂ ਵਿਚ ਫੌਜੀ ਘੱਟ ਪਰੰਤੂ ਆਮ ਨਿਹੱਥੇ ਲੋਕ ਜਿਆਦਾ ਮਾਰੇ ਗਏ। ਅਮਰੀਕਾ ਦਾ ਮਕਸਦ ਤਾਂ ਗਦਾਫੀ ਨੂੰ ਤਬਾਹ ਕਰਨਾ ਸੀ। ਸੋ ਉਸ ਦੇ ਬਾਕੀ ਫੌਜੀਆਂ ਨੂੰ ਅਮਰੀਕਾ ਨੇ ਹਥਿਆਰ ਸਪਲਾਈ ਕੀਤੇ ਅਤੇ ਇਕ ਅੰਤਰਿਮ ਸਰਕਾਰ ਵੀ ਬਹਾਲ ਕਰ ਦਿੱਤੀ। ਗਦਾਫ਼ੀ ਦੀ ਮੌਤ ਤੋਂ ਬਾਅਦ ਸਿਵਲ ਵਾਰ (civil war) ਅਜੇ ਵੀ ਜਾਰੀ ਹੈ ਅਤੇ ਲਿਬੀਆ ਤਬਾਹੀ ਦੇ ਕਿਨਾਰੇ ਪਹੁੰਚ ਗਿਆ ਹੈ। ਇਥੋਂ ਦੇ ਰਿਫਿਊਜ਼ੀ ਇਟਲੀ ਦੇ ਸਮੁੰਦਰ ਵਿਚ ਕਈ ਵਾਰ ਕਿਸ਼ਤੀਆਂ ਰਾਹੀਂ ਸਫਰ ਕਰਦੇ ਡੁੱਬ ਚੁੱਕੇ ਹਨ। ਲਿਬੀਆ ਦੇਸ਼ ਤਬਾਹ ਹੋ ਚੁੱਕਾ ਹੈ ਅਤੇ ਹੱਸਦੇ ਵੱਸਦੇ ਲੋਕ ਅਮਰੀਕਾ ਦੀ ਮਿਹਰਬਾਨੀ ਸਦਕਾ ਭਿਖਾਰੀ ਬਣ ਗਏ ਹਨ।

ਸੀਰੀਆ ਵਿਚ ਅਰਬੀ ਇਨਕਲਾਬ ਦਾ ਪ੍ਰਭਾਵ 2011 ਵਿਚ ਪੈਣਾ ਕੁਦਰਤੀ ਗੱਲ ਸੀ। ਜਦੋਂ ਸੀਰੀਆ ਦੇ ਨੌਜਵਾਨ ਵਿਦਿਆਰਥੀਆਂ ਨੇ ਸੀਰੀਆ ਦੇ ਡਿਕਟੇਟਰ ਬਸ਼ਰ-ਅਲ-ਸਾਦ (ਅਸਦ) ਵਿਰੁੱਧ ਨਾਹਰੇ ਲਾਉਣੇ ਸ਼ੁਰੂ ਕੀਤੇ ਤਾਂ ਉਨ੍ਹਾਂ ਨੂੰ ਜੇਲ ਵਿਚ ਡੱਕ ਦਿਤਾ ਅਤੇ ਤਸੀਹੇ ਦਿੱਤੇ ਗਏ ਜਿਸ ਨਾਲ ਇਕ ਨੌਜਵਾਨ ਦੀ ਮੌਤ ਹੋ ਗਈ। ਸੀਰੀਆ ਦੀ ਫੌਜ ਵਿਚ ਬਗਾਵਤ ਹੋ ਗਈ ਅਤੇ ਇਕ ਧੜਾ ਅਸਦ ਦੀ ਹਮਾਇਤ ਉਪਰ ਹੋ ਗਿਆ। ਇਸ ਗੁੱਟਬੰਦੀ ਦਾ ਫਾਇਦਾ ਉਠਾ ਕੇ ਅਸਦ ਨੇ ਬਾਗੀਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਉਪਰ ਜ਼ੁਲਮ ਢਾਹੁਣੇ ਸ਼ੁਰੂ ਕਰ ਦਿੱਤੇ। ਇਕ ਵਾਰ ਤਾਂ ਰਸਾਇਣਕ ਹਥਿਆਰਾਂ ਦੀ ਵਰਤੋਂ ਵੀ ਕੀਤੀ। ਘੁੱਗ ਵੱਸਦੇ ਸੀਰੀਆ ਦੇ ਸ਼ਹਿਰ ਖੰਡਰਾਂ ਵਿਚ ਤਬਦੀਲ ਹੋ ਗਏ।

ਅਮਰੀਕਾ ਇਸ ਘਰੇਲੂ ਯੁੱਧ ਵਿਚ ਅਸਦ ਦੇ ਉਲਟ ਖੜ੍ਹਾ ਹੋ ਗਿਆ। ਉਸ ਦੇ ਹਾਕਮਾਂ



Academy of the Punjab in North America: http://www.apnaorg.com

ਨੇ ਬਾਗੀਆਂ ਨੂੰ ਹਥਿਆਰ ਸਪਲਾਈ ਕਰਨੇ ਸ਼ੁਰੂ ਕਰ ਦਿੱਤੇ। ਰੂਸ ਦੇ ਹਾਕਮ ਵਲੈਡੀਮੀਰ ਪੂਤਿਨ ਨੇ ਖੁੱਲ੍ਹ ਕੇ ਅਸਦ ਦੀ ਮੱਦਦ ਕੀਤੀ ਹੈ ਅਤੇ ਅਮਰੀਕਾ ਦੀ ਪੋਲ ਖੋਲ੍ਹ ਦਿੱਤੀ ਹੈ। ਦਰਅਸਲ ਅਮਰੀਕਾ ਨੂੰ ਭੁਲੇਖਾ ਸੀ ਕਿ ਉਹ ਸੱਦਾਮ ਹੁਸੈਨ ਅਤੇ ਮੁਹੰਮਦ ਗਦਾਫ਼ੀ ਦੀ ਤਰ੍ਹਾਂ ਸੀਰੀਆ ਦੇ ਅਸਦ ਨੂੰ ਵੀ ਤਬਾਹ ਕਰ ਦੇਵੇਗਾ। ਪਰੰਤੂ ਅਮਰੀਕਾ ਇਸ ਸਿਆਸੀ ਖੇਡ ਵਿਚ ਫ਼ੇਲ ਹੋ ਗਿਆ ਹੈ। ਬਾਗੀਆਂ ਨੇ ਜੋ ਗਰੁੱਪ ਖੜਾ ਕੀਤਾ ਉਹ ਆਈ.ਐਸ.ਆਈ.ਐਸ. (I.S.I.S) ਦਾ ਰੂਪ ਧਾਰ ਗਿਆ ਅਤੇ ਵਿਸ਼ਵ ਭਰ ਵਿਚ ਦਹਿਸ਼ਤਗਰਦੀ ਦਾ ਸਰਗਨਾ ਬਣ ਗਿਆ ਹੈ। ਇਸ ਸੰਸਥਾ ਨੇ ਸੀਰੀਆ ਅਤੇ ਇਰਾਕ ਦੇ ਇਲਾਕੇ ਕਬਜ਼ੇ ਵਿਚ ਕਰਕੇ 'ਬਗਦਾਦੀ' ਦੀ ਰਹਿਨੁਮਾਈ ਹੇਠ ਇਸਲਾਮਿਕ ਸਟੇਟ ਦਾ ਝੰਡਾ ਬੁਲੰਦ ਕਰ ਰੱਖਿਆ ਹੈ। ਜਿਵੇਂ ਅਫ਼ਗਾਨਿਸਤਾਨ ਵਿਚ ਅਮਰੀਕਾ ਨੇ ਤਾਲੀਬਾਨ ਨੂੰ ਪਹਿਲਾਂ ਰੂਸ ਦੇ ਖਿਲਾਫ਼ ਵਰਤਿਆ ਅਤੇ ਬਾਅਦ ਵਿਚ ਤਬਾਹ ਕਰਨਾ ਸ਼ੁਰੂ ਕਰ ਦਿੱਤਾ। ਇਹੋ ਹਾਲ ਸੀਰੀਆ ਵਿਚ ਹੋ ਰਿਹਾ ਹੈ। ਅਮਰੀਕਾ ਅਸਦ ਦੀ ਵਿਰੋਧਤਾ ਤੋਂ ਬਾਜ ਆ ਗਿਆ ਹੈ ਅਤੇ ਆਪਣੇ ਮਿਸ਼ਨ ਵਿਚ ਫੇਲ ਹੋਇਆ ਹੈ।

ਸੀਰੀਆ ਦੇ ਘਰੇਲੂ ਯੁੱਧ ਵਿਚ 4 ਲੱਖ 65 ਹਜ਼ਾਰ ਮੌਤਾਂ ਹੋਈਆਂ ਹਨ, ਦਸ ਲੱਖ ਲੋਕ ਜ਼ਖਮੀ ਹੋਏ ਹਨ ਅਤੇ 1 ਕਰੋੜ 20 ਲੱਖ ਸੀਰੀਅਨ ਸ਼ਰਨਾਰਥੀ ਬਣ ਕੇ ਯੂਰਪ ਪਹੁੰਚ ਗਏ ਹਨ। ਇੰਨੀ ਵੱਡੀ ਮਾਤਰਾ ਵਿਚ ਲੋਕਾਂ ਦੀ ਅਦਲਾ ਬਦਲੀ ਕਿਸੇ ਵਿਸ਼ਵ ਯੁੱਧ ਵਿਚ ਵੀ ਨਹੀਂ ਹੋਈ ਸੀ।

ਇਕ ਮੇਰੇ ਵਿਦਿਆਰਥੀ ਨੇ ਅਮਰੀਕਾ ਤੋਂ ਲਿਖਿਆ ਹੈ ਕਿ ਨਰਿੰਦਰ ਮੋਦੀ, ਡੋਨਾਲਡ ਟਰੰਪ ਅਤੇ ਉਤਰੀ ਕੋਰੀਆ ਦਾ ਡਿਕਟੇਟਰ ਇਕੋ ਥਾਲੀ ਦੇ ਚੱਟੇ ਵੱਟੇ ਹਨ। ਮੋਦੀ ਅਤੇ ਟਰੰਪ ਤਾਂ ਇਕ ਦੂਜੇ ਦੇ ਭਾਈਵਾਲ ਬਣਨ ਲਈ ਉਤਾਵਲੇ ਹਨ ਅਤੇ ਭਾਰਤੀ ਮੀਡੀਆ ਵਿਚ 26 ਜੂਨ ਦੀ ਮੀਟਿੰਗ ਦੀ ਡੌਂਡੀ ਪਿੱਟੀ ਜਾ ਰਹੀ ਹੈ। ਮੋਦੀ ਜੀ ਅਤੇ ਟਰੰਪ ਦੋਵੇਂ ਹੀ ਸੱਜੇ-ਪੱਖੀ ਲੀਡਰ ਹਨ ਪ੍ਰੰਤੂ ਮੋਦੀ ਜੀ ਨੂੰ ਕਿਸੇ ਭਰਮ-ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ ਕਿ ਅਮਰੀਕਾ ਇਸ ਸੰਧੀ ਨੂੰ ਕਿਸੇ ਦਾਅ-ਪੇਚ ਲਈ ਤਾਂ ਨਹੀਂ ਵਰਤੇਗਾ। ਸਭ ਨੂੰ ਪਤਾ ਹੈ ਕਿ ਅਮਰੀਕਾ ਦੀ ਦੁਸ਼ਮਣੀ ਵੀ ਮਾੜੀ ਹੈ ਅਤੇ ਦੋਸਤੀ ਵੀ। ਅਮਰੀਕਾ ਕਿਸੇ ਸਮੇਂ ਪਾਕਿਸਤਾਨ ਦਾ ਹਮਾਇਤੀ ਸੀ ਅਤੇ ਭਾਰਤ ਦਾ ਦੁਸ਼ਮਣ। ਹੁਣ ਅਮਰੀਕਾ ਕਿਉਂ ਪੈਂਤੜਾ ਬਦਲ ਰਿਹਾ ਹੈ? ਉਸਦੀ ਸਿਆਸੀ ਚਾਲ ਵਿਚ ਮੋਦੀ ਅਤੇ ਭਾਰਤ ਇਕ ਮੋਹਰਾ ਬਣ ਕੇ ਰਹਿ ਜਾਣਗੇ। ਮੋਦੀ ਜੀ ਲਈ ਚੀਨ ਅਤੇ ਪਾਕਿਸਤਾਨ ਹਊਆ ਬਣੇ ਹੋਏ ਹਨ ਜਿਸ ਕਰਕੇ ਉਹ ਟਰੰਪ ਦੀ ਦੋਸਤੀ ਅਤੇ ਅਮਰੀਕਾ ਦੀ ਸ਼ਰਨ ਪ੍ਰਾਪਤ ਕਰਨ ਦੇ ਚਾਹਵਾਨ ਹਨ।

ਉਤਰੀ ਕੋਰੀਆ ਦਾ ਡਿਕਟੇਟਰ, ਕਿਮ ਜੋਂਗ, ਅਮਰੀਕਾ ਦਾ ਸਭ ਤੋਂ ਵੱਡਾ ਦੁਸ਼ਮਣ



Academy of the Punjab in North America: http://www.apnaorg.com

ਬਣ ਬੈਠਾ ਹੈ। ਕਿਮ ਨੇ ਉਹ ਮੀਜ਼ਾਇਲ ਤਿਆਰ ਕਰ ਰੱਖੇ ਹਨ ਜਿਨ੍ਹਾਂ ਦੀ ਮਾਰ ਹੇਠ ਅਮਰੀਕਾ ਦੇ ਸਾਰੇ ਸ਼ਹਿਰ ਆ ਜਾਂਦੇ ਹਨ। ਅਮਰੀਕਾ ਨਹੀਂ ਚਾਹੁੰਦਾ ਕਿ ਉਤਰੀ ਅਤੇ ਦੱਖਣੀ ਕੋਰੀਆ ਆਪਸ ਵਿਚ ਮਿਲ ਜਾਣ ਜਿਵੇਂ ਦੋਵੇਂ ਵੀਅਤਨਾਮ ਇਕ ਦੇਸ਼ ਬਣ ਗਏ ਹਨ। ਦੱਖਣੀ ਕੋਰੀਆ ਅਮਰੀਕਾ ਦੇ ਕਬਜ਼ੇ ਵਿਚ ਹੈ ਅਤੇ ਅਮਰੀਕੀ ਫੌਜ ਦਾ ਪੱਕਾ ਅੱਡਾ ਬਣ ਚੁੱਕਾ ਹੈ। ਉਤਰੀ ਕੋਰੀਆ ਨਹੀਂ ਚਾਹੁੰਦਾ ਕਿ ਅਮਰੀਕਾ ਉਸ ਉਪਰ ਧੌਂਸ ਜਮਾਈ ਰੱਖੇ। ਇਹੋ ਮਸਲਾ ਝਗੜੇ ਦੀ ਜੜ ਬਣ ਗਿਆ ਹੈ। ਜਿਸ ਤਰ੍ਹਾਂ ਅਮਰੀਕਾ ਨੇ ਇਰਾਕ, ਲਿਬੀਆ ਅਤੇ ਸੀਰੀਆ ਦੇ ਮਸਲੇ ਉਲਝਾਏ ਸਨ, ਉਸੇ ਤਰ੍ਹਾਂ ਹੀ ਕੋਰੀਆ ਦੀ ਸਮੱਸਿਆ ਬਣਦੀ ਜਾ ਰਹੀ ਹੈ।

ਵੇਖੀਏ ਊਠ ਕਿਸ ਕਰਵਟ ਬੈਠਦਾ ਹੈ। ਅਮਰੀਕਾ ਦਾ ਕੋਈ ਵੀ ਗਲਤ ਕਦਮ ਨਿਊਕਲੀ ਯੁੱਧ ਨੂੰ ਜਨਮ ਦੇ ਸਕਦਾ ਹੈ। ਵੇਖੀਏ ਟਰੰਪ ਇਸ ਸਮੱਸਿਆ ਨੂੰ ਨਜਿੱਠਣ ਲਈ ਕਿਵੇਂ ਸੋਚਦਾ ਹੈ।

***



Academy of the Punjab in North America: http://www.apnaorg.com

# 2.

# ਪੰਜਾਬ ਦਾ ਬਿਜਲੀ ਸੰਕਟ ਅਤੇ ਨਿਊਕਲੀਅਰ ਪਾਵਰ ਪਲਾਂਟ ਦੀ ਗਾਥਾ

ਵੀਹਵੀਂ ਸਦੀ ਦੇ ਸ਼ੁਰੂ ਵਿਚ ਅੰਗਰੇਜ਼ ਹਾਕਮਾਂ ਨੇ 2 ਰੇਲ ਮਾਰਗ ਤਿਆਰ ਕਰਵਾਏ। ਇਕ ਕਾਲਕਾ ਤੋਂ ਸ਼ਿਮਲਾ ਆਪਣੀ ਗਰਮੀ ਦੀ ਰਾਜਧਾਨੀ ਵਾਸਤੇ ਅਤੇ ਦੂਜਾ ਪਠਾਨਕੋਟ ਤੋਂ ਜੋਗਿੰਦਰਨਗਰ ਤੱਕ ਪੰਜਾਬ ਲਈ ਬਿਜਲੀ ਮੁਹੱਈਆ ਕਰਨ ਵਾਸਤੇ। ਅੰਗਰੇਜ਼ ਵਰਗਾ ਦੂਰਦਰਸ਼ੀ ਹਾਕਮ ਨਾ ਭਾਰਤ ਨੂੰ ਅਤੇ ਨਾ ਹੀ ਪੰਜਾਬ ਨੂੰ ਅਜੇ ਤੱਕ ਮਿਲਿਆ ਹੈ। ਆਜ਼ਾਦੀ ਦੀ 55ਵੀਂ ਵਰ੍ਹੇਗੰਢ ਉਪਰ ਪੰਜਾਬ ਦੀ ਜਨਤਾ ਦੇ ਦਰਦ ਨੂੰ ਮਹਿਸੂਸ ਕਰਕੇ ਇਹ ਲੇਖ ਤਿਆਰ ਕੀਤਾ ਗਿਆ ਹੈ ਕਿ ਲੋਕ ਆਪਣੇ ਹਾਕਮਾਂ ਦੀ ਬਦਨੀਅਤੀ ਅਤੇ ਗਫ਼ਲਤ ਉਪਰ ਕੀਰਨੇ ਪਾ ਸਕਣ। ਜੋਗਿੰਦਰਨਗਰ ਤੋਂ ਪੈਦਾ ਕੀਤੀ ਗਈ ਬਿਜਲੀ ਲਾਹੌਰ ਸ਼ਿਮਲਾ ਅਤੇ ਦਿੱਲੀ ਭੇਜੀ ਗਈ ਕਿਉਂਕਿ ਇਹ ਪੰਜਾਬ ਵਿੱਚ ਖਪਤ ਨਹੀਂ ਸੀ ਹੋ ਰਹੀ। ਦੋ ਦਹਾਕੇ ਬਾਅਦ ਅੰਮ੍ਰਿਤਸਰ ਸ਼ਹਿਰ ਕੋਲੋਂ ਲੰਘਦੀ ਅੱਪਰ ਬਾਰੀ ਨਹਿਰ ਦੇ ਪਾਣੀ ਤੋਂ ਬਿਜਲੀ ਪੈਦਾ ਕਰਕੇ ਗੋਲਡਨ ਟੈਂਪਲ ਨੂੰ ਰੁਸ਼ਨਾਇਆ ਗਿਆ, ਭਾਵੇਂ ਕਿ ਪੁਜਾਰੀ ਲੋਕ ਬਿਜਲੀ ਦੀ ਵਰਤੋਂ ਵਿਰੁੱਧ ਲਾਮਬੰਦ ਹੋ ਗਏ ਸਨ। ਇਹ ਕੰਮ ਇੱਕ ਪ੍ਰਾਈਵੇਟ ਕੰਪਨੀ ਨੂੰ ਸੌਂਪਿਆ ਗਿਆ ਸੀ। ਅੰਮ੍ਰਿਤਸਰ ਦਾ ਪਲਾਂਟ ਤਾਂ ਬੰਦ ਪਿਆ ਹੈ ਪਰੰਤੂ ਜੋਗਿੰਦਰਨਗਰ ਦਾ ਪਾਵਰ ਸਟੇਸ਼ਨ ਅਜੇ ਤਕ ਪੰਜਾਬ ਨੂੰ ਬਿਜਲੀ ਸਪਲਾਈ ਕਰ ਰਿਹਾ ਹੈ।

ਦਰਅਸਲ ਵੀਹਵੀਂ ਸਦੀ ਦੇ ਪੰਜਾਬ ਵਿੱਚ ਖੇਤੀ ਦੇ ਕੰਮ ਲਈ ਬਿਜਲੀ ਦੀ ਲੋੜ ਨਹੀਂ ਪਈ। ਅੰਗਰੇਜ਼ਾਂ ਨੇ ਨਹਿਰਾਂ ਦਾ ਜਾਲ਼ ਵਿਛਾ ਰਖਿਆ ਸੀ ਅਤੇ ਇਹ ਏਸ਼ੀਆ ਦਾ ਸੱਭ ਤੋਂ ਵੱਡਾ ਅਤੇ ਵਧੀਆ ਨੈੱਟਵਰਕ ਸਾਬਤ ਹੋਇਆ ਹੈ। ਆਜ਼ਾਦੀ ਤੋਂ ਬਾਅਦ ਦਸਤਕਾਰੀ ਅਤੇ ਕਾਰਖਾਨਿਆਂ ਲਈ ਬਿਜਲੀ ਦੀ ਲੋੜ ਪਈ ਅਤੇ ਇਕੀਵੀਂ ਸਦੀ ਦੇ ਆਗਾਜ਼ ਤੱਕ ਬਿਜਲੀ ਦੀ ਖਪਤ ਬਹੁਤ ਹੀ ਤੇਜੀ ਨਾਲ ਵਧਣੀ ਸ਼ੁਰੂ ਹੋ ਗਈ। ਪੰਜਾਬ ਦੀ ਖੇਤੀ ਅਤੇ ਹੋਰ ਕਿੱਤੇ ਬਿਜਲੀ ਦੀ ਸਪਲਾਈ ਉਪਰ ਅਧਾਰਿਤ ਹਨ। ਇਸ ਸਾਲ ਮੌਨਸੂਨ ਦੀ ਦੇਰੀ ਕਾਰਨ ਪੰਜਾਬ ਦਾ ਬਿਜਲੀ ਸੰਕਟ ਸਭ ਦੇ ਸਾਹਮਣੇ ਹੈ। ਨਾ ਘਰਾਂ ਵਿੱਚ ਬਿਜਲੀ ਨਾ ਦਫ਼ਤਰਾਂ ਵਿੱਚ। ਕਾਰਖਾਨਿਆਂ ਅਤੇ ਟਿਊਬਵੈਲਾਂ ਦੀ ਤਾਂ ਗੱਲ ਹੀ ਛੱਡ ਦਿਓ। ਜੇਕਰ ਕੁਦਰਤ ਮਿਹਰਬਾਨ ਨਾ ਹੋਵੇ ਤਾਂ ਪੰਜਾਬ ਵਿੱਚ ਤਾਂ ਪੀਣ ਵਾਲਾ ਪਾਣੀ ਵੀ ਨਹੀਂ ਲੱਭੇਗਾ।



Academy of the Punjab in North America: http://www.apnaorg.com

**ਲਓ ਸੁਣੋ ਇਸ ਸੰਕਟ ਦੀ ਕਹਾਣੀ ਅਤੇ ਇਸ ਦੇ ਹੱਲ ਬਾਰੇ ਕੁੱਝ ਸੁਝਾਅ :**

ਭਾਖੜਾ ਡੈਮ ਦਾ ਸਰਵੇ ਵੀ ਅੰਗਰੇਜ਼ਾਂ ਨੇ ਤਿਆਰ ਕਰ ਲਿਆ ਸੀ। ਕੈਰੋਂ ਸਾਹਿਬ ਦੀ ਦੂਰਅੰਦੇਸ਼ੀ ਕਾਰਣ ਇਹ ਉਸਰਣਾ ਸ਼ੁਰੂ ਹੋ ਗਿਆ ਅਤੇ ਪੰਜਾਬ ਦਾ ਬਿਜਲੀ ਸੰਕਟ ਟੱਲ ਗਿਆ। ਪੌਂਗ ਡੈਮ ਅਤੇ ਰਣਜੀਤ ਸਾਗਰ (ਥੀਨ ਡੈਮ) ਵੀ ਤਿਆਰ ਹੋ ਚੁੱਕੇ ਹਨ। ਥੀਨ ਡੈਮ ਦਾ ਐਸਟੀਮੇਟ 300 ਕਰੋੜ ਰੁਪਏ ਦਾ ਬਣਿਆ ਪਰੰਤੂ 20 ਸਾਲ ਦੀ ਦੇਰੀ ਕਾਰਣ ਇਸ ਉਪਰ 3000 ਕਰੋੜ ਰੁਪਏ ਖਰਚ ਹੋ ਚੁੱਕੇ ਹਨ। ਇਹ ਪੰਜਾਬ ਲਈ ਇੱਕ “ਸਫੈਦ ਹਾਥੀ” (white elephant) ਸਾਬਤ ਹੋਇਆ ਹੈ, ਕਿਉਂਕਿ ਇੱਕ ਤਾਂ ਰਾਵੀ ਵਿਚ ਪਾਣੀ ਦੀ ਘਾਟ ਹੈ ਅਤੇ ਦੂਜਾ ਸ਼ਾਹਪੁਰ ਕੰਢੀ ਡੈਮ ਮੁਕੰਮਲ ਹੋਣ ਤੱਕ ਤਕਨੀਕੀ ਕਾਰਣਾਂ ਸਦਕਾ, ਇਹ ਡੈਮ ਪੂਰੀ ਸੁਯੋਗਤਾ ਨਾਲ ਬਿਜਲੀ ਤਿਆਰ ਨਹੀਂ ਕਰ ਸਕਦਾ। ਸੋ ਇਹ ਲੰਗੜਾ ਡੈਮ ਹੀ ਬਣਿਆ ਰਹੇਗਾ। ਇੱਕ ਜਪਾਨੀ ਕੰਪਨੀ ਠੇਕਾ ਮੰਗ ਰਹੀ ਸੀ ਪਰੰਤੂ ਸਰਕਾਰ ਨੇ ਵਰਕਰ ਯੂਨੀਅਨ ਅੱਗੇ ਗੋਡੇ ਟੇਕ ਦਿੱਤੇ। ਹੁਣ ਪੈਸੇ ਦੀ ਥੁੜ ਕਾਰਣ ਕੰਮ ਰੁਕਿਆ ਪਿਆ ਹੈ। ਸ਼ਾਹਪੁਰ ਕੰਢੀ ਅਤੇ ਥੀਨ ਡੈਮ ਇਕੋ ਗੱਡੀ ਦੇ ਦੋ ਪਹੀਏ ਹਨ।

ਥਰਮਲ ਪਲਾਂਟ ਬਿਜਲੀ ਦੇ ਸੰਕਟ ਦਾ ਲੋੜੀਂਦਾ ਹੱਲ ਨਹੀਂ ਹੋ ਸਕਦੇ। ਬਠਿੰਡਾ, ਲਹਿਰਾ ਮੁਹੱਬਤ ਅਤੇ ਰੋਪੜ ਥਰਮਲ ਪਲਾਂਟ ਕੋਲੇ ਦੀ ਖਪਤ ਕਰਕੇ ਬਿਜਲੀ ਪੈਦਾ ਕਰਦੇ ਹਨ। ਇਹ ਪਲਾਂਟ ਕਾਫੀ ਲਾਹੇਵੰਦ ਸਾਬਿਤ ਹੋਏ ਪਰੰਤੂ ਪੰਜਾਬ ਰਾਜ ਬਿਜਲੀ ਬੋਰਡ ਦਾ ਦਿਵਾਲੀਆ ਨਿਕਲਣ ਕਾਰਣ 100 ਕਰੋੜ ਕੋਲੇ ਦੀ ਖਪਤ ਦਾ ਬਿੱਲ ਅਦਾ ਨਹੀਂ ਕੀਤਾ ਗਿਆ ਜਿਸ ਸਦਕਾ ਕੋਲੇ ਦੀ ਸਪਲਾਈ ਬੰਦ ਹੋ ਜਾਵੇਗੀ ਅਤੇ ਬਿਜਲੀ ਸੰਕਟ ਵਧ ਜਾਵੇਗਾ। ਹੁਣ ਵੀ ਪੰਜਾਬ ਹਰ ਰੋਜ਼ ਬਾਕੀ ਸੂਬਿਆਂ ਤੋਂ ਬਿਜਲੀ ਉਧਾਰ ਜਾਂ ਖਰੀਦ ਕੇ ਡੰਗ ਟਪਾ ਰਿਹਾ ਹੈ। ਅੰਦਾਜੇ ਮੁਤਾਬਕ ਕੋਲੇ ਦੀ ਖਪਤ 1700 ਕਰੋੜ ਸਾਲਾਨਾ ਹੈ। ਕੋਲੇ ਤੋਂ ਪੈਦਾ ਹੋਈ ਲਗਭਗ ਸਤਾਰਾਂ ਲੱਖ ਟਨ ਰਾਖ (ਸਵਾਹ) ਪੰਜਾਬ ਦੇ ਵਾਤਾਵਰਣ ਨੂੰ ਪ੍ਰਦੂਸ਼ਤ ਕਰ ਰਹੀ ਹੈ। ਕੋਲੇ ਢੋਣ ਲਈ ਹਰ ਰੋਜ਼ ਦਸ ਮਾਲ ਗੱਡੀਆਂ ਪੰਜਾਬ ਵੱਲ ਰਵਾਨਾ ਹੁੰਦੀਆਂ ਹਨ। ਇਨ੍ਹਾਂ ਦੀ ਢੋਵਾਈ ਦਾ ਖਰਚਾ ਵੀ ਬਰਦਾਸ਼ਤ ਕਰਨਾ ਔਖਾ ਹੋ ਰਿਹਾ ਹੈ। ਕੋਲੇ ਦੇ ਬਲਣ ਉਪਰੰਤ ਕਾਰਬਨ ਡਾਈਆਕਸਾਈਡ, ਸਲਫਰ ਡਾਈਆਕਸਾਈਡ ਅਤੇ ਨਾਈਟਰੋਜਨ ਦੇ ਆਕਸਾਈਡ ਹਵਾ ਨੂੰ ਪ੍ਰਦੂਸ਼ਤ ਕਰ ਦਿੰਦੇ ਹਨ। ਸੋ ਪੰਜਾਬ ਥਰਮਲ ਪਲਾਂਟ ਤੋਂ ਗੁਰੇਜ਼ ਕਰਦਾ ਤਾਂ ਚੰਗਾ ਹੁੰਦਾ। ਪਾਣੀ ਦੇ ਸੋਮੇ ਹਿਮਾਚਲ ਪ੍ਰਦੇਸ਼ ਕੋਲ ਹਨ ਅਤੇ ਉਹ ਪੰਜਾਬ ਤੋਂ ਬਿਜਲੀ ਅਤੇ ਪਾਣੀ ਦਾ ਮੁੱਲ ਮੰਗ ਰਿਹਾ ਹੈ। ਗੈਸ ਦਾ ਜਖੀਰਾ ਵੀ ਨਹੀਂ ਹੈ, ਸੋ ਪੰਜਾਬ ਦੇ ਬਿਜਲੀ ਸੰਕਟ ਦਾ ਹੱਲ ਨਿਊਕਲੀਅਰ ਪਾਵਰ ਪਲਾਂਟ ਹੀ ਰਹਿ ਜਾਂਦਾ ਹੈ।

ਨਿਊਕਲੀਅਰ ਪਲਾਂਟ ਦੀ ਕਹਾਣੀ ਵੀ ਇਕ ਦੁਖਾਂਤ ਹੈ ਜੋ ਪਿਛਲੇ ਤੀਹ ਵਰ੍ਹਿਆਂ



Academy of the Punjab in North America: http://www.apnaorg.com

ਤੋਂ ਪੰਜਾਬ ਦੀਆਂ ਸਰਕਾਰਾਂ ਦੀ ਅਣਗਹਿਲੀ ਦਾ ਸਬੂਤ ਹੈ। 1968 ਵਿਚ ਪਰਮਾਣੂ ਊਰਜਾ ਕੇਂਦਰ ਦੇ ਚੇਅਰਮੈਨ ਰਾਜਾ ਰਮੱਨਾ ਚੰਡੀਗੜ੍ਹ ਅਤੇ ਪਟਿਆਲੇ ਪੰਜਾਬੀ ਯੂਨੀਵਰਸਟੀ ਵਿਖੇ ਭਾਸ਼ਣ ਦੇਣ ਆਏ। ਭਾਰਤ ਵਿੱਚ ਇੱਕੋ ਇਕ ਨਿਊਕਲੀਅਰ ਪਾਵਰ ਪਲਾਂਟ ਮੁੰਬਈ ਦੇ ਕੋਲ ਤਾਰਾਪੁਰ ਵਿਖੇ ਬਿਜਲੀ ਪੈਦਾ ਕਰ ਰਿਹਾ ਸੀ। ਦੂਜਾ ਰਾਜਸਥਾਨ ਵਿਚ ਕੋਟਾ ਕੋਲ ਤਿਆਰੀ ਅਧੀਨ ਸੀ। ਪੰਜਾਬ ਦੀ ਖੁਸ਼ਹਾਲੀ ਵੇਖ ਕੇ ਉਹ ਚਾਹੁੰਦੇ ਸਨ ਇਕ ਪਾਵਰ ਪਲਾਂਟ ਇਥੇ ਵੀ ਲਗਾ ਦਿੱਤਾ ਜਾਵੇ। ਇਸ ਬਾਰੇ ਸ਼ਾਇਦ ਪੰਜਾਬ ਸਰਕਾਰ ਨੇ ਪਹਿਲ ਕਦਮੀ ਕੀਤੀ ਹੋਵੇ ਕਿਉਂਕਿ ਪੰਜਾਬੀ ਸੂਬਾ ਬਣ ਗਿਆ ਸੀ ਅਤੇ ਕੇਂਦਰ ਕੁੱਝ ਰਿਆਇਤਾਂ ਦੇਣ ਲਈ ਤਿਆਰ ਸੀ। 1970 ਵਿੱਚ ਪ੍ਰਮਾਣੂ ਊਰਜਾ ਕੇਂਦਰ ਅਤੇ ਪੰਜਾਬ ਸਰਕਾਰ ਦੀ ਕਮੇਟੀ ਵਿਚਕਾਰ ਮੀਟਿੰਗਾਂ ਹੋਈਆਂ ਤਾਕਿ ਨਿਊਕਲੀਅਰ ਪਾਵਰ ਪਲਾਂਟ ਲਈ ਢੁਕਵਾਂ ਥਾਂ ਚੁਣਿਆ ਜਾ ਸਕੇ। ਸਰਵੇਖਣ ਤੋਂ ਬਾਅਦ ਰੋਪੜ ਨੇੜੇ ਦਬੁਰਜੀ ਦਾ ਸਥਾਨ ਚੁਣਿਆ ਗਿਆ ਜਿਥੇ ਹੁਣ ਰੋਪੜ ਥਰਮਲ ਪਲਾਂਟ ਲੱਗ ਚੁਕਾ ਹੈ।

1980 ਵਿੱਚ ਬਾਦਲ ਦੀ ਅਕਾਲੀ ਸਰਕਾਰ ਟੁੱਟ ਗਈ ਅਤੇ ਦਰਬਾਰਾ ਸਿੰਘ ਪੰਜਾਬ ਦੀ ਕਾਂਗਰਸ ਸਰਕਾਰ ਦੇ ਮੁੱਖ ਮੰਤਰੀ ਬਣ ਗਏ। ਹਰਚਰਨ ਸਿੰਘ ਅਜਨਾਲਾ ਵਿਦਿਆ ਮੰਤਰੀ ਬਣ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਮੇਰੇ ਵਿਭਾਗ ਵਿੱਚ ਆਏ। ਪੰਜਾਬ ਦੀ ਬਿਹਤਰੀ ਲਈ ਵਿਗਿਆਨੀਆਂ ਦੇ ਰੋਲ ਬਾਰੇ ਗੱਲ ਚਲੀ ਤਾਂ ਮੈਂ ਨਿਊਕਲੀਅਰ ਪਾਵਰ ਪਲਾਂਟ ਦੀ ਸਕੀਮ ਲਿਖ ਕੇ ਭੇਜੀ। 18 ਸਤੰਬਰ 1980 ਨੂੰ ਇਸ ਦੀ ਇੱਕ ਕਾਪੀ ਮੁੱਖ ਮੰਤਰੀ ਨੂੰ ਵੀ ਭੇਜ ਦਿੱਤੀ ਜਿਸ ਦਾ ਜਵਾਬ ਉਨ੍ਹਾਂ ਦੇ ਸੈਕਟਰੀ ਤੇਜਿੰਦਰ ਖੰਨਾ ਨੇ 4 ਅਕਤੂਬਰ ਨੂੰ ਦੇ ਦਿਤਾ ਅਤੇ ਭਰੋਸਾ ਦਿਵਾਇਆ ਕਿ ਢੁਕਵੇਂ ਸਮੇਂ ਇਸ ਸਕੀਮ ਬਾਰੇ ਇਕ ਮੀਟਿੰਗ ਬੁਲਾਈ ਜਾਵੇਗੀ ਤਾਕਿ ਮੈਂ ਆਪਣੀ ਰਾਏ ਪੇਸ਼ ਕਰ ਸਕਾਂ। ਮੇਰੀ ਰਾਏ ਅਨੁਸਾਰ ਰੋਪੜ ਨਿਊਕਲੀਅਰ ਪਾਵਰ ਪਲਾਂਟ ਲਈ ਬਹੁਤ ਹੀ ਢੁਕਵੀਂ ਥਾਂ ਸੀ ਕਿਉਂਕਿ (ੳ) ਨੰਗਲ ਫਰਟੀਲਾਈਜ਼ਰ ਫੈਕਟਰੀ ਵਿਚ ਭਾਰਾ ਪਾਣੀ (Heavy Water) ਤਿਆਰ ਕਰਨ ਦਾ ਉਪਬੰਧ ਸੀ ਜੋ ਰੀਐਕਟਰ ਲਈ ਅਤੀ ਲੋੜੀਂਦਾ ਹੈ (ਅ) ਯੂਰੇਨੀਅਮ ਹਿਮਾਚਲ ਦੇ ਹਮੀਰਪੁਰ ਜ਼ਿਲ੍ਹੇ ਤੋਂ ਮਿਲ ਜਾਣਾ ਸੀ, ਅਤੇ (ੲ) ਸਤਲੁਜ ਦਰਿਆ ਦਾ ਪਾਣੀ ਪਲਾਂਟ ਚਲਾਉਣ ਲਈ ਹਮੇਸ਼ਾਂ ਰੋਪੜ ਹੈਡਵਰਕਸ ਤੇ ਜਮਾ ਰਹਿੰਦਾ ਹੈ। ਸੁਰੱਖਿਆ ਦੇ ਨੁਕਤੇ ਤੋਂ ਵੀ ਸ਼ਿਵਾਲਕ ਪਹਾੜੀਆਂ ਦਾ ਓਹਲਾ ਪ੍ਰਾਪਤ ਹੈ। ਇਸ ਬਾਰੇ ਕੋਈ ਮੀਟਿੰਗ ਨਾ ਹੋਈ ਅਤੇ ਇਹ ਇਕ ਲਾਰਾ ਹੀ ਰਹਿ ਗਿਆ।

1982 ਦੇ ਸ਼ੁਰੂ ਵਿੱਚ ਪ੍ਰਮਾਣੂ ਊਰਜਾ ਕੇਂਦਰ ਦੇ ਨਵੇਂ ਨਿਯੁਕਤ ਹੋਏ ਚੇਅਰਮੈਨ, ਪੀ.ਕੇ. ਇਅੰਗਰ, ਭੌਤਿਕ ਵਿਭਾਗ ਦੇ ਦੌਰੇ ਤੇ ਆਏ। ਮੇਰੀ ਗੱਲ ਹੋਈ ਤਾਂ ਉਹ ਪੰਜਾਬ ਦੇ



Academy of the Punjab in North America: http://www.apnaorg.com

ਮਹੌਲ ਤੋਂ ਘਬਰਾ ਗਏ। ਕਹਿਣ ਲਗੇ ਕਿ ਨਿਊਕਲੀਅਰ ਪਾਵਰ ਪਲਾਂਟ ਪੰਜਾਬ, ਹਰਿਆਣੇ ਅਤੇ ਰਾਜਸਥਾਨ ਦੇ ਸਾਂਝੇ ਬਾਰਡਰ ਤੇ ਭਾਵੇਂ ਲਗ ਜਾਵੇ ਪਰੰਤੂ ਪੰਜਾਬ ਅਤਿਵਾਦ ਦੀ ਲਪੇਟ ਵਿਚ ਆ ਗਿਆ ਹੈ, ਸੋ ਸਕੀਮ ਸਿਰੇ ਨਹੀਂ ਚੜ੍ਹੇਗੀ। ਪਰੰਤੂ 1982 ਵਿਚ ਪੰਜਾਬ ਸਰਕਾਰ ਨੇ ਬਿਜਲੀ ਬੋਰਡ ਦੇ ਚੇਅਰਮੈਨ ਐਨ.ਐਸ. ਵਸੰਤ ਦੀ ਅਗਵਾਈ ਹੇਠ ਇਕ ਕਮੇਟੀ ਦਾ ਗਠਨ ਕਰ ਦਿਤਾ ਜਿਸ ਦੀਆਂ ਕੁੱਝ ਮੀਟਿੰਗਾਂ 1982-83 ਦੌਰਾਨ ਹੋਈਆਂ। ਇਸ ਕਮੇਟੀ ਨੇ ਪ੍ਰਮਾਣੂ ਊਰਜਾ ਕੇਂਦਰ ਦੀਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਹਾਜ਼ੀਪੁਰ, ਚਮਕੌਰ ਸਾਹਿਬ, ਰੱਲਾ ਅਤੇ ਅਟਾਰੀ (ਰੋਪੜ ਜ਼ਿਲਾ) ਦੇ ਸਥਾਨ ਚੁਣੇ। ਪ੍ਰਮਾਣੂ ਊਰਜਾ ਕੇਂਦਰ ਕਮੇਟੀ ਨੇ ਇਨ੍ਹਾਂ ਨੂੰ ਪ੍ਰਵਾਨ ਨਾ ਕੀਤਾ ਅਤੇ ਜੁਲਾਈ 1983 ਵਿਚ ਆਪਣੀ ਟੀਮ ਭੇਜ ਕੇ ਪੰਜਾਬ ਦਾ ਦੌਰਾ ਕੀਤਾ। ਇਸ ਟੀਮ ਨੇ ਪਾਤੜਾਂ ਅਤੇ ਧਨੌਲੇ ਨੂੰ ਚੁਣਿਆ। ਅਪਰੇਸ਼ਨ ਨੀਲਾ ਤਾਰਾ ਤੋਂ ਬਾਅਦ ਇਹ ਰੀਪੋਰਟ ਵੀ ਖੂੰਜੇ ਲੱਗ ਗਈ।

1997 ਵਿਚ ਅਕਾਲੀ ਸਰਕਾਰ ਹੋਂਦ ਵਿਚ ਆਈ ਤਾਂ ਮੁੱਖ ਮੰਤਰੀ ਨੇ ਚੋਣਾਂ ਦਾ ਵਾਇਦਾ ਪੂਰਾ ਕਰਨ ਲਈ ਕਿਸਾਨਾਂ ਨੂੰ ਮੁਫ਼ਤ ਬਿਜਲੀ ਦਾ ਐਲਾਨ ਕਰ ਦਿਤਾ। ਇਸ ਤਜ਼ਵੀਜ਼ ਨਾਲ ਬਿਜਲੀ ਬੋਰਡ ਵੀ ਕੰਗਾਲ ਹੋ ਗਿਆ ਅਤੇ ਬਿਜਲੀ ਸੰਕਟ ਵੀ ਵਧ ਗਿਆ। 13 ਜੂਨ 2000 ਨੂੰ ਪੰਜਾਬ ਸਰਕਾਰ ਨੇ ਸਿੰਚਾਈ ਅਤੇ ਊਰਜਾ ਵਿਭਾਗ ਦੇ ਅਧੀਨ ਇਕ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਜਿਸ ਦੇ ਚੇਅਰਮੈਨ ਜੀ.ਐਸ. ਸੋਹਲ ਥਾਪੇ ਗਏ। ਇਸ ਕਮੇਟੀ ਵਿਚ ਮੈਨੂੰ ਬਤੌਰ ਇੱਕ ਮੈਂਬਰ ਦੇ ਕੰਮ ਕਰਨ ਦਾ ਮੌਕਾ ਮਿਲਿਆ। ਪ੍ਰਮਾਣੂ ਊਰਜਾ ਕੇਂਦਰ ਦਾ ਕੌਮੀ ਪ੍ਰੋਜੈਕਟ ਮੇਰੇ ਅਧੀਨ ਸੀ ਜਿਸ ਵਿਚ ਸਾਡੀ ਟੀਮ ਨੇ ਸਾਰੇ ਪੰਜਾਬ ਦੇ ਪਿੰਡਾਂ ਦਾ ਸਰਵੇਖਣ ਕੀਤਾ। ਇਸੇ ਤਰ੍ਹਾਂ ਹੀ ਪੰਜਾਬ ਦੇ ਨੀਮ ਪਹਾੜੀ ਇਲਾਕੇ ਦਾ ਭੂਚਾਲੀ ਸਰਵੇ ਵੀ ਕੀਤਾ ਗਿਆ। ਨਿਊਕਲੀਅਰ ਪਾਵਰ ਪਲਾਂਟ ਲਈ ਪਾਤੜਾਂ ਨੇੜੇ ਡਰੋਲੀ ਪਿੰਡ ਦੀ ਚੋਣ ਕੀਤੀ ਗਈ। ਇਸ ਦੀ ਤਕਨੀਕੀ ਰੀਪੋਰਟ ਕਮੇਟੀ ਨੇ ਤਿਆਰ ਕੀਤੀ। ਪ੍ਰਮਾਣੂ ਊਰਜਾ ਕਾਰਪੋਰੇਸ਼ਨ ਨੇ ਇਨ੍ਹਾਂ ਰੀਪੋਰਟਾਂ ਦੇ ਆਧਾਰ ਤੇ 19 ਦਸੰਬਰ 2000 ਨੂੰ ਦਿੱਲੀ ਵਿੱਚ ਵਿਚਾਰ-ਵਟਾਂਦਰਾ ਕੀਤਾ ਅਤੇ ਇੱਕ ਟੀਮ ਭੇਜੀ ਜੋ ਡਰੌਲੀ 9 ਫਰਵਰੀ 2001 ਨੂੰ ਦੌਰਾ ਕਰਕੇ ਪਲਾਂਟ ਦੀ ਥਾਂ ਪ੍ਰਵਾਨ ਕਰ ਗਈ। ਇਸ ਕਾਰਨ ਕਰੀਬ ਇੱਕ ਦਰਜਨ ਮੀਟਿੰਗਾਂ ਉਪਰੰਤ ਮਾਰਚ 2001 ਨੂੰ ਨਿਊਕਲੀਅਰ ਪਾਵਰ ਪਲਾਂਟ ਬਾਰੇ ਰੀਪੋਰਟ ਪੰਜਾਬ ਸਰਕਾਰ ਦੇ ਹਵਾਲੇ ਕਰ ਦਿਤੀ ਗਈ।

ਮੁੱਖ ਮੰਤਰੀ ਪੰਜਾਬ ਨੇ 23 ਅਕਤੂਬਰ 2000 ਨੂੰ ਪ੍ਰਧਾਨ ਮੰਤਰੀ ਦੇ ਨਾਮ ਪੱਤਰ ਲਿਖ ਕੇ ਪੰਜਾਬ ਲਈ ਨਿਊਕਲੀਅਰ ਪਾਵਰ ਪਲਾਂਟ ਅਲਾਟ ਕਰਨ ਦੀ ਮੰਗ ਕੀਤੀ। ਪਰੰਤੂ ਜਦੋਂ ਪਰਮਾਣੂ ਊਰਜਾ ਕੇਂਦਰ ਅਤੇ ਕਾਰਪੋਰੇਸ਼ਨ ਦੀ ਹਰੀ ਝੰਡੀ ਮਿਲ ਗਈ ਤਾਂ ਮੁੱਖ ਮੰਤਰੀ ਢਿੱਲੇ ਪੈ



Academy of the Punjab in North America: http://www.apnaorg.com

ਗਏ। ਪਹਿਲਾਂ ਤਾਂ ਕਮੇਟੀ ਚੇਅਰਮੈਨ ਤੋਂ ਅਸਤੀਫ਼ਾ ਲੈ ਲਿਆ ਗਿਆ ਕਿਉਂਕਿ ਉਨ੍ਹਾਂ ਦਾ ਸੰਚਾਈ ਮੰਤਰੀ ਕਿਸੇ ਕਾਰਨ ਨਰਾਜ਼ ਹੋ ਗਿਆ ਸੀ, ਫਿਰ ਸੰਗਤ ਦਰਸ਼ਨਾਂ ਲਈ ਪੈਸਾ ਰੋੜ੍ਹਿਆ ਗਿਆ ਅਤੇ ਇਹ ਬਿਜਲੀ ਸੰਕਟ ਦੂਰ ਕਰਨ ਦਾ ਆਖਰੀ ਮੌਕਾ ਵੀ ਹੱਥੋਂ ਗਵਾ ਲਿਆ।

ਨਵੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤਾਂ ਪਹਿਲਾਂ ਹੀ ਬਿਆਨ ਦੇ ਚੁੱਕੇ ਹਨ ਕਿ ਪੰਜਾਬ ਵਿੱਚ ਨਿਊਕਲੀਅਰ ਪਾਵਰ ਪਲਾਂਟ ਨਹੀਂ ਲੱਗਣ ਦਿੱਤਾ ਜਾਵੇਗਾ। ਤੀਹ ਸਾਲ ਤੋਂ ਵਧੇਰੇ ਸਮਾਂ ਹੋ ਗਿਆ ਹੈ, ਕਮੇਟੀਆਂ ਬਣੀਆਂ ਅਤੇ ਟੁੱਟੀਆਂ। ਅਕਾਲੀ ਅਤੇ ਕਾਂਗਰਸ ਸਰਕਾਰਾਂ ਵੀ ਬਣੀਆਂ ਤੇ ਟੁੱਟੀਆਂ। ਕੀ ਪੰਜਾਬ ਦਾ ਬਿਜਲੀ ਸੰਕਟ ਇਸੇ ਤਰ੍ਹਾਂ ਹੀ ਜਾਰੀ ਰਹੇਗਾ। ਕੁੱਝ ਤੱਥ ਹੋਰ ਪੇਸ਼ ਕਰਦਾ ਹਾਂ। ਭਾਰਤ ਦੇ ਚਾਰ ਸੂਬੇ ਗੁਜਰਾਤ, ਮਹਾਂਰਾਸ਼ਟਰ, ਕਰਨਾਟਕਾ ਅਤੇ ਤਾਮਿਲਨਾਡੂ ਬਿਜਲੀ, ਖਪਤ ਤੋਂ ਵਾਧੂ ਪੈਦਾ ਕਰਦੇ ਹਨ ਕਿਉਂਕਿ ਇਨ੍ਹਾਂ ਪਾਸ ਨਿਊਕਲੀ ਪਾਵਰ ਪਲਾਂਟ ਬਿਜਲੀ ਪੈਦਾ ਕਰ ਰਹੇ ਹਨ। ਨਿਊਕਲੀ ਪਲਾਂਟ ਤੋਂ ਰੇਡੀਏਸ਼ਨ ਦਾ ਹਊਆ ਬੇ-ਬੁਨਿਆਦ ਹੈ। ਥਰਮਲ ਪਲਾਂਟ ਵਿਚ ਕੋਲਾ ਬਾਲਣ ਨਾਲ ਵਧੇਰੇ ਰੇਡੀਏਸ਼ਨ ਦੀ ਮਾਤਰਾ ਹਵਾ ਵਿਚ ਫੈਲਦੀ ਹੈ ਬਨਿਸਪਤ ਨਿਊਕਲੀਅਰ ਪਲਾਂਟ। ਦੂਜੀ ਸਮੱਸਿਆ ਸੁਰੱਖਿਆ ਦੀ ਹੈ। ਅੱਜਕੱਲ ਦੇ ਮੀਜ਼ਾਇਲ ਯੁੱਗ ਵਿਚ ਕੋਈ ਵੀ ਟਿਕਾਣਾ ਸੁਰੱਖਿਅਤ ਨਹੀਂ ਹੋ ਸਕਦਾ। ਡਰੌਲੀ ਤਾਂ ਪਾਕ ਹੱਦ ਤੋਂ 200 ਕਿਲੋਮੀਟਰ ਤੋਂ ਵਧੇਰੇ ਦੂਰ ਹੈ ਜਦਕਿ ਪਾਕਿਸਤਾਨ ਦੇ ਕਈ ਨਿਊਕਲੀਅਰ ਪਲਾਂਟ ਭਾਰਤ ਦੀ ਹੱਦ ਤੋਂ 100 ਕਿਲੋਮੀਟਰ ਦੀ ਸੀਮਾ ਅੰਦਰ ਕਾਇਮ ਹਨ।

ਅੰਗਰੇਜ਼ੀ ਟ੍ਰੀਬਿਊਨ ਵਿਚ ਡੀ.ਪੀ. ਸਿੰਘ ਦਾ ਲੇਖ ਛਪਿਆ ਸੀ ਜਿਸ ਦੇ ਅੰਕੜੇ ਸਿੱਧ ਕਰਦੇ ਹਨ ਕਿ ਊਰਜਾ ਸੰਕਟ ਦਾ ਹੱਲ ਨਿਊਕਲੀਅਰ ਪਲਾਂਟ ਹੀ ਹੋ ਸਕਦੇ ਹਨ। ਇਸ ਦਾ ਵਾਤਾਵਰਣ ਉਤੇ ਮਾੜਾ ਪ੍ਰਭਾਵ ਵੀ ਘੱਟ ਪੈਂਦਾ ਹੈ। ਅੰਤਰ-ਰਾਸ਼ਟਰੀ ਪੱਧਰ ਉੱਪਰ ਨਿਊਕਲੀਅਰ ਪਲਾਂਟ ਵਧੇਰੇ ਸੁਰੱਖਿਅਤ ਮੰਨੇ ਜਾਂਦੇ ਹਨ। ਪੈਰਿਸ ਅਤੇ ਟੋਕੀਓ ਦੇ ਨਜ਼ਦੀਕ ਬਿਜਲੀ ਪੈਦਾ ਕਰਨ ਲਈ ਨਿਊਕਲੀਅਰ ਪਲਾਂਟ ਵਰਤੇ ਜਾ ਰਹੇ ਹਨ। ਇਕ ਸਰਵੇਖਣ ਮੁਤਾਬਿਕ ਦੁਨੀਆਂ ਭਰ ਦੀ ਬਿਜਲੀ ਸਪਲਾਈ ਦਾ ਅੱਠ ਪ੍ਰਤੀਸ਼ਤ ਪਾਣੀ ਦੇ ਸੋਮਿਆਂ ਤੋਂ ਮਿਲਦੀ ਹੈ ਅਤੇ ਵੀਹ ਪ੍ਰਤੀਸ਼ਤ ਨਿਊਕਲੀਅਰ ਪਾਵਰ ਸਟੇਸ਼ਨਾਂ ਤੋਂ। ਫਰਾਂਸ ਬਿਜਲੀ ਖਪਤ ਦਾ 80 ਪ੍ਰਤੀਸ਼ਤ, ਜਪਾਨ 39 ਪ੍ਰਤੀਸ਼ਤ, ਯੂ.ਕੇ. 32 ਪ੍ਰਤੀਸ਼ਤ ਅਤੇ ਯੂ.ਐਸ.ਏ 20 ਪ੍ਰਤੀਸ਼ਤ ਨਿਊਕਲੀਅਰ ਸੋਮਿਆਂ ਤੋਂ ਪੈਦਾ ਕਰਦੇ ਹਨ। ਸਾਡੇ ਦੇਸ਼ ਵਿਚ ਇਹ ਮਾਤਰਾ ਅਜੇ 3 ਪ੍ਰਤੀਸ਼ਤ ਹੀ ਬਣਦੀ ਹੈ।

ਮੁੱਖ ਮੰਤਰੀ (ਪ੍ਰਕਾਸ਼ ਸਿੰਘ ਬਾਦਲ) ਦੇ ਪੱਤਰ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਪੰਜਾਬ ਵਿਚ ਬਿਜਲੀ ਦੀ ਸਪਲਾਈ 5538 ਮੈਗਾਵਾਟ ਹੈ ਜੋ ਕਿ ਲੋੜੀਂਦੀ ਮਾਤਰਾ ਤੋਂ 25



Academy of the Punjab in North America: http://www.apnaorg.com

ਪ੍ਰਤੀਸ਼ਤ ਘੱਟ ਹੈ। 2020 ਤੱਕ ਬਿਜਲੀ ਦੀ ਮੰਗ 12000 ਮੈਗਾਵਾਟ ਹੋ ਜਾਵੇਗੀ ਅਰਥਾਤ ਹੁਣ ਨਾਲੋਂ ਦੁੱਗਣੀ ਤੋਂ ਵੀ ਵੱਧ। 6500 ਮੈਗਾਵਾਟ ਦੀ ਵਾਧੂ ਮੰਗ ਕਿਵੇਂ ਪੂਰੀ ਹੋਵੇਗੀ। ਇਸ ਦਾ ਨਿਊਕਲੀਅਰ ਪਲਾਂਟ ਬਗੈਰ ਹੋਰ ਕੋਈ ਹੱਲ ਨਹੀਂ ਲੱਭਦਾ।

ਆਰਥਿਕ ਪੱਖੋਂ ਵਿਚਾਰਿਆਂ ਵੀ ਨਿਊਕਲੀਅਰ ਬਿਜਲੀ ਲਾਹੇਵੰਦ ਸਿੱਧ ਹੋਵੇਗੀ। ਕਮੇਟੀ ਦੀ ਰੀਪੋਰਟ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਹਾਈਡਰੋ-ਪਾਵਰ ਦਾ ਖਰਚਾ 10 ਕਰੋੜ ਪ੍ਰਤੀ ਮੈਗਾਵਾਟ ਹੁੰਦਾ ਹੈ ਜਦਕਿ ਨਿਊਕਲੀਅਰ ਪਾਵਰ ਪਲਾਂਟ ਦੀ ਲਾਗਤ/ਖਰਚਾ ਇਕ ਕਰੋੜ ਪ੍ਰਤੀ ਮੈਗਾਵਾਟ ਬਣਦਾ ਹੈ। ਪੰਜਾਬ ਅਤੇ ਹੋਰ ਕਈ ਸੂਬਿਆਂ ਦੇ ਬਿਜਲੀ ਬੋਰਡ ਘਾਟੇ ਤੇ ਚੱਲ ਰਹੇ ਹਨ ਅਤੇ ਕੋਲੇ ਦੀ ਖਪਤ ਦੇ ਬਿੱਲ ਅਦਾ ਕਰਨ ਦੀ ਸਮਰੱਥਾ ਨਹੀਂ ਰੱਖਦੇ। ਪਰੰਤੂ ਨਿਊਕਲੀਅਰ ਪਾਵਰ ਕਾਰਪੋਰੇਸ਼ਨ ਦੇ ਸ਼ੇਅਰ ਮਹਿੰਗੇ ਹੋ ਰਹੇ ਹਨ ਅਤੇ ਸੰਨ 2000 ਵਿਚ ਕੰਪਨੀ ਨੇ 752 ਕਰੋੜ ਦਾ ਮੁਨਾਫ਼ਾ ਕਮਾਇਆ ਹੈ। ਪੰਜਾਬ ਸਰਕਾਰ ਨੂੰ ਨਿਊਕਲੀਅਰ ਪਾਵਰ ਕਾਰਪੋਰੇਸ਼ਨ ਨਾਲ ਸਾਂਝੇ ਤੌਰ ਤੇ ਪ੍ਰੋਜੈਕਟ ਸ਼ੁਰੂ ਕਰਨ ਲਈ 250 ਕਰੋੜ ਹੀ ਜਮਾਂ ਕਰਾਣੇ ਪੈਣਗੇ। ਜੇਕਰ ਹਰਿਆਣਾ ਅਤੇ ਰਾਜਸਥਾਨ ਸ਼ਾਮਲ ਹੋ ਜਾਣ ਤਾਂ ਕੰਮ ਸੌਖਾ ਨੇਪਰੇ ਚੜ੍ਹ ਸਕਦਾ ਹੈ। ਪੰਜਾਬ ਦੇ ਉਜਲੇ ਭਵਿੱਖ ਦੀ ਆਸ ਵਿਚ ਬਿਜਲੀ ਸੰਕਟ ਦਾ ਹੱਲ ਅਤੀਅੰਤ ਜ਼ਰੂਰੀ ਹੈ, ਵਰਨਾ ਪੰਜਾਬ ਭਾਰਤ ਦਾ ਫਾਡੀ ਪ੍ਰਾਂਤ ਹੀ ਬਣ ਕੇ ਰਹਿ ਜਾਵੇਗਾ।

***



Academy of the Punjab in North America: http://www.apnaorg.com

# 3.

# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹੀਦੀ ਤ੍ਰੈ-ਸ਼ਤਾਬਦੀ

ਤੇਰਾਂ ਦਸੰਬਰ ਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਸੰਨ 2004 ਵਿਚ ਆ ਰਹੀਆਂ ਸ਼ਤਾਬਦੀਆਂ ਮਨੌਣ ਲਈ ਇਕ ਕਮੇਟੀ ਦਾ ਗਠਨ ਕੀਤਾ ਗਿਆ ਅਤੇ ਸਰਦਾਰ ਮਨਜੀਤ ਸਿੰਘ ਕਲਕੱਤਾ ਦੀ ਪ੍ਰਧਾਨਗੀ ਹੇਠ ਇਸ ਕਮੇਟੀ ਦੀ ਪਹਿਲੀ ਇਕੱਤਰਤਾ ਹੋਈ। ਮੈਂਬਰ ਸਾਹਿਬਾਨ ਨੇ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਵਧੇਰੇ ਜ਼ੋਰ ਇਸ ਗੱਲ ਉਪਰ ਦਿੱਤਾ ਗਿਆ ਕਿ ਨੌਜਵਾਨ ਪੀੜੀ ਨੂੰ ਸਿੱਖੀ ਰਹਿਤ ਨਾਲ ਕਿਵੇਂ ਜੋੜਿਆ ਜਾਵੇ ਅਤੇ ਨਸ਼ਿਆਂ ਦੀ ਮਾਰ ਤੋਂ ਕਿਵੇਂ ਬਚਿਆ ਜਾਵੇ। ਕਈ ਸੱਜਣ ਜਲਸੇ ਜਲੂਸ ਕੱਢ ਕੇ ਸ਼ਤਾਬਦੀਆਂ ਮਨੌਣ ਦੇ ਹੱਕ ਵਿਚ ਸਨ। ਮੇਰੀ ਵਾਰੀ ਆਈ ਤਾਂ ਮੈਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਤ੍ਰੈ-ਸ਼ਤਾਬਦੀ ਮਨੌਣ ਲਈ ਕੁੱਝ ਸੁਝਾਅ ਪੇਸ਼ ਕੀਤੇ। ਇਕ ਹੋਰ ਮੈਂਬਰ ਨੇ ਵੀ ਮੇਰੇ ਵਿਚਾਰਾਂ ਦੀ ਪ੍ਰੋੜਤਾ ਕੀਤੀ। ਚਮਕੌਰ ਅਤੇ ਫਤਹਿਗੜ੍ਹ ਦੇ ਸ਼ਹੀਦੀ ਸਾਕਿਆਂ ਬਾਰੇ ਬਹੁਤ ਕੁੱਝ ਲਿਖਿਆ ਮਿਲਦਾ ਹੈ ਅਤੇ ਹਰਚੰਦ ਸਿੰਘ ਸਰਹਿੰਦੀ ਨੇ ਵੀ ਖੋਜ ਭਰਪੂਰ ਲੇਖ ਛਾਪੇ ਹਨ। ਦੱਸਿਆ ਜਾਂਦਾ ਹੈ ਕਿ 1704 ਵਿਚ ਵਾਪਰੇ ਇਨ੍ਹਾਂ ਸ਼ਹੀਦੀ ਸਾਕਿਆਂ ਨੇ ਸਿੱਖ ਸੰਗਤਾਂ ਨੂੰ ਹਲੂਣ ਕੇ ਰੱਖ ਦਿੱਤਾ ਸੀ। ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਨੌਂ ਅਤੇ ਸੱਤ ਸਾਲ ਦੀ ਆਯੂ ਵਿਚ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤੇ ਗਏ ਸਨ ਕਿਉਂਕਿ ਉਨ੍ਹਾਂ ਨੇ ਜ਼ਾਲਮ ਮੁਗ਼ਲ ਹਾਕਮਾਂ ਦੀ ਈਨ ਨਹੀਂ ਸੀ ਮੰਨੀ। ਇਤਿਹਾਸ ਵਿਚ ਇਹ ਅਦੁਤੀ ਸ਼ਹੀਦੀ ਆਪਣੇ ਕਿਸਮ ਦੀ ਪਹਿਲੀ ਅਤੇ ਆਖਰੀ ਉਦਾਹਰਣ ਹੋਵੇਗੀ।

ਬਾਕੀ ਧਰਮਾਂ ਦੇ ਪੈਰੋਕਾਰ ਵੀ ਆਪਣੇ ਸ਼ਹੀਦਾਂ ਦੀਆਂ ਸ਼ਤਾਬਦੀਆਂ ਮਨਾਉਂਦੇ ਹਨ। ਮੁਹੱਰਮ ਦੇ ਦਿਨ ਸ਼ੀਆ ਮੁਸਲਮਾਨ ਹਜ਼ਰਤ ਮੁਹੰਮਦ ਸਾਹਿਬ ਦੇ ਦਾਮਾਦ ਹਜ਼ਰਤ ਅਲੀ ਦੀ ਸ਼ਹੀਦੀ ਮਨਾਉਂਦੇ ਹਨ। ਜਲੂਸ ਵਿਚ ਸ਼ਾਮਲ ਲੋਕ ਆਪਣੇ ਸਰੀਰ ਨੂੰ ਕਸ਼ਟ ਦੇਣ ਲਈ ਲੋਹੇ ਦੀਆਂ ਜ਼ੰਜੀਰਾਂ ਨਾਲ ਕੁੱਟ-ਕੁੱਟ ਕੇ ਲਹੂ-ਲੁਹਾਨ ਹੋ ਜਾਂਦੇ ਹਨ। ਈਸਾਈ ਧਰਮ ਦੇ ਪੈਰੋਕਾਰ ਹਜ਼ਰਤ ਈਸਾ ਦੀ ਕੁਰਬਾਨੀ ਲਈ ਪਸ਼ਚਾਤਾਪ ਕਰਨ ਖਾਤਰ ਆਪਣੇ ਆਪ ਨੂੰ ਸਲੀਬ ਤੇ ਲਟਕਾ ਲੈਂਦੇ ਹਨ ਅਤੇ ਕਈ ਤਾਂ ਜਾਨ ਵੀ ਗਵਾ ਬੈਠਦੇ ਹਨ। ਯਹੂਦੀਆਂ ਨੇ ਆਪਣੇ ਪੈਗੰਬਰ ਹਜ਼ਰਤ ਮੂਸਾ ਦੀ ਯਾਦ ਵਿਚ ਯੂਰੇਸ਼ਲਮ ਸ਼ਹਿਰ ਵਿਚ ਇਕ ਦੀਵਾਰ ਕਾਇਮ ਕਰ ਰੱਖੀ ਹੈ ਅਤੇ ਦੁਨੀਆਂ ਭਰ ਦੇ ਯਹੂਦੀ ਹਰ ਸਾਲ ਇਜ਼ਰਾਈਲ ਪਹੁੰਚ ਕੇ ਇਸ ਦੀਵਾਰ ਨਾਲ ਲੱਗ ਕੇ



Academy of the Punjab in North America: http://www.apnaorg.com

ਰੋਂਦੇ ਕੁਰਲਾਂਦੇ ਹਨ। ਇਸ ਕੰਧ ਦਾ ਨਾਮ 'ਚੀਖਾਂ ਭਰੀ ਦੀਵਾਰ' ਪੈ ਗਿਆ ਹੈ। ਏਧਰ ਸਿੱਖ ਕੌਮ ਦਾ ਹਾਲ ਵੇਖੋ ਕਿਸ ਬੇਸ਼ਰਮੀ ਨਾਲ ਆਪਣੇ ਮਹਾਨ ਸ਼ਹੀਦਾਂ ਦੀਆਂ ਯਾਦਾਂ ਮਿੱਟੀ ਵਿਚ ਰੋਲ ਰਹੀ ਹੈ। ਕਿਥੇ ਹੈ ਉਹ ਸਰਹਿੰਦ ਦੀ ਦੀਵਾਰ ਜਿਥੇ ਮਾਸੂਮ ਸਾਹਿਬਜ਼ਾਦੇ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤੇ ਗਏ ਸਨ। ਹੁਣ ਤਾਂ 1984 ਦੇ ਸਾਕਾ ਨੀਲਾ ਤਾਰਾ ਦੇ ਗੋਲੀਆਂ ਦੇ ਨਿਸ਼ਾਨ ਵੀ ਕਿਧਰੇ ਨਹੀਂ ਲੱਭਦੇ।

1952 ਦੀ ਗੱਲ ਹੈ ਜਦੋਂ ਮੈਂ ਚੌਥੀ ਜਮਾਤ ਵਿਚ ਪੜ੍ਹਦਾ ਸਾਂ ਅਤੇ ਆਪਣੀ ਨਾਨੀ ਨਾਲ ਪਹਿਲੀ ਵਾਰ ਫਤਹਿਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲੇ ਵਿਚ ਸ਼ਾਮਲ ਹੋਇਆ। ਲਸੋਈ ਤੋਂ ਜਰਗ ਦੇ ਰਸਤੇ ਖੰਨੇ ਜਾਣ ਵਾਲੀ ਬੱਸ ਤੇ ਸਵਾਰ ਹੋ ਕੇ ਬੜੀ ਸ਼ਰਧਾ ਨਾਲ ਸਾਹਿਬਜ਼ਾਦਿਆਂ ਦੀ ਪਵਿਤਰ ਯਾਦ ਮਨੌਣ ਜਾ ਰਿਹਾ ਸਾਂ। ਭੂਰਥਲੇ ਮੰਡੇਰ ਤੋਂ ਮੇਰਾ ਬਚਪਨ ਦਾ ਦੋਸਤ ਸੁਰਜੀਤ ਵੀ ਆ ਰਲਿਆ। ਸਵੇਰ ਦੇ ਚੱਲੇ ਹੋਏ ਅਸੀਂ ਸ਼ਾਮ ਤੱਕ ਫ਼ਤਹਿਗੜ੍ਹ ਸਾਹਿਬ ਪਹੁੰਚ ਗਏ। ਗੁਰਦਵਾਰੇ ਦੀ ਇਮਾਰਤ ਹੁਣ ਵਾਲੀ ਨਹੀਂ ਬਲਕਿ ਪਟਿਆਲਾ ਦੇ ਸਦਰੇ ਰਿਆਸਤ ਮਹਾਰਾਜਾ ਕਰਮ ਸਿੰਘ ਹੋਰਾਂ ਦਵਾਰਾ ਤਾਮੀਰ ਕਰਵਾਈ ਦੱਸੀ ਜਾਂਦੀ ਸੀ। ਇਸ ਦੀ ਨਿਸ਼ਾਨਦੇਹੀ ਬੰਦਾ ਸਿੰਘ ਬਹਾਦਰ ਨੇ ਕਰ ਰੱਖੀ ਸੀ ਜਦੋਂ ਸਿੱਖਾਂ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿਤੀ। ਬਚਪਨ ਵਿਚ ਵੇਖੀ ਇਸ ਛੋਟੀ ਇੱਟਾਂ ਦੀ ਦੀਵਾਰ ਮੇਰੀ ਯਾਦ ਦਾ ਹਿੱਸਾ ਬਣ ਗਈ। ਹੁਣ ਇਸ ਦੀਵਾਰ ਦੇ ਦਰਸ਼ਨ ਕਰਨ ਸੰਗਤਾਂ ਭੋਰੇ ਹੇਠ ਜਾਂਦੀਆਂ ਹਨ ਪਰੰਤੂ ਦੀਵਾਰ ਦਾ ਝਾਉਲਾ ਮਾਤਰ ਹੀ ਲੱਭਦਾ ਹੈ। ਕਾਰ ਸੇਵਾ ਵਾਲਿਆਂ ਨੇ ਸੰਗਮਰਮਰ ਥੱਪ-ਥੱਪ ਕੇ ਅਸਲੀ ਦੀਵਾਰ ਨੂੰ ਖਤਮ ਹੀ ਕਰ ਛੱਡਿਆ ਹੈ।

ਉਸ ਜ਼ਮਾਨੇ ਵਿਚ ਨਾ ਤਾਂ ਪੱਕੀਆਂ ਸੜਕਾਂ ਸਨ ਅਤੇ ਨਾ ਹੀ ਹੁਣ ਵਰਗੀਆਂ ਸਹੂਲਤਾਂ। ਪੰਜਾਬ ਭਰ ਵਿਚੋਂ ਸਿੱਖ ਸੰਗਤ ਸ਼ਹੀਦੀ ਜੋੜ ਮੇਲਾ ਮਨੌਣ ਖਾਤਰ ਹੁਮ-ਹੁਮਾ ਕੇ ਸਾਈਕਲਾਂ ਅਤੇ ਗੱਡਿਆਂ ਤੇ ਸਵਾਰ ਹੋ ਕੇ ਪਹੁੰਚ ਜਾਂਦੀ ਸੀ। ਧਾਰਮਿਕ ਦੀਵਾਨ ਗੁਰਦਵਾਰੇ ਦੀ ਹੱਦ ਅੰਦਰ ਹੀ ਲੱਗਿਆ ਕਰਦਾ ਸੀ। ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਢਾਢੀ ਵਾਰਾਂ ਗਾ ਕੇ ਪੇਸ਼ ਕਰਦੇ ਸਨ। ਹੁਣ ਵਾਂਗ ਸਿਆਸੀ ਕਾਨਫਰੰਸਾਂ ਦਾ ਦੌਰ ਨਹੀਂ ਸੀ ਚਾਲੂ ਹੋਇਆ। ਬੜੇ ਅਫ਼ਸੋਸ ਦੀ ਗੱਲ ਹੈ ਕਿ ਅਕਾਲੀਆਂ ਨੇ ਗੁਰਦਵਾਰਿਆਂ ਤੇ ਕਾਬਜ਼ ਹੋ ਕੇ ਕਈ ਭੈੜੀਆਂ ਕਰਤੂਤਾਂ ਨੂੰ ਚਾਲੂ ਕਰ ਦਿਤਾ ਹੈ। ਇਸ ਸਾਲ ਚਮਕੌਰ ਅਤੇ ਫਤਹਿਗੜ੍ਹ ਦੇ ਸਮਾਗਮਾਂ ਵਿਚ ਅਕਾਲੀ ਦਲ ਦਾ ਪ੍ਰਧਾਨ ਆਪਣੇ ਹੀ ਰੋਣੇ ਰੋ ਰਿਹਾ ਸੀ ਜਦਕਿ ਇਹ ਮੌਕਾ ਸਾਹਿਬਜ਼ਾਦਿਆਂ ਨੂੰ ਸ਼ਰਧਾਜ਼ਲੀ ਪੇਸ਼ ਕਰਨ ਦਾ ਹੀ ਹੋਣਾ ਚਾਹੀਦਾ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਬੀਰ ਦਵਿੰਦਰ ਸਿੰਘ ਦੱਸ ਰਹੇ ਸਨ ਕਿ ਸਰਹਿੰਦ ਅਤੇ ਆਸਪਾਸ ਦੇ ਪਿੰਡਾਂ ਦੀਆਂ ਸਿੱਖ ਸੰਗਤਾਂ (ਪਾਕਿਸਤਾਨ ਬਣਨ ਤੱਕ) ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ ਦੇ ਦਿਨਾਂ ਵਿਚ ਧਰਤੀ



Academy of the Punjab in North America: http://www.apnaorg.com

ਉਪਰ ਸੌਂਦੀਆਂ ਸਨ ਅਤੇ ਆਪਣੇ ਘਰਾਂ ਵਿਚ ਚੁੱਲ੍ਹੇ 'ਚ ਅੱਗ ਨਹੀਂ ਬਾਲ਼ਦੀਆਂ ਸਨ। ਇਹ ਮਾਤਮੀ ਵਿਧੀ ਕੋਈ ਢਾਈ ਸੌ ਸਾਲ ਤੋਂ ਚੱਲਦੀ ਆ ਰਹੀ ਸੀ।

ਜੋ ਸੁਝਾਅ ਮੈਂ ਮੀਟਿੰਗ ਵਿਚ ਪੇਸ਼ ਕੀਤੇ, ਉਹ ਇਸ ਸ਼ਹੀਦੀ ਤ੍ਰੈ-ਸ਼ਤਾਬਦੀ ਦੀ ਮਹਾਨਤਾ ਨੂੰ ਮੁੱਖ ਰੱਖ ਕੇ ਅਪਨਾਉਣੇ ਬਣਦੇ ਹਨ। ਬੜੀ ਖ਼ੁਸ਼ੀ ਦੀ ਗੱਲ ਹੈ ਕਿ ਫ਼ਤਹਿਗੜ੍ਹ ਦੇ ਡਿਪਟੀ ਕਮਿਸ਼ਨਰ ਨੇ ਪੰਜਾਬ ਦੇ ਮੁੱਖ ਮੰਤਰੀ ਦੀ ਰਾਏ ਅਨੁਸਾਰ ਇਸ ਮਹਾਨ ਸ਼ਹੀਦੀ ਸਮਾਗਮ ਦੇ ਮਾਹੌਲ ਨੂੰ ਸੰਜੀਦਾ ਬਨਾਉਣ ਲਈ ਕਈ ਯੋਗ ਕਦਮ ਚੁੱਕੇ ਹਨ। ਜੋ ਕੰਮ ਅਕਾਲੀਆਂ ਨੇ ਨਹੀਂ ਕੀਤਾ ਕਿਉਂਕਿ ਲੱਖਾਂ ਰੁਪਏ ਦੀ ਕਮਾਈ ਇਨ੍ਹਾਂ ਸਮਾਗਮਾਂ ਤੋਂ ਗੁਰਦਵਾਰੇ ਦੇ ਪ੍ਰਬੰਧਕਾਂ ਨੂੰ ਹੁੰਦੀ ਸੀ, ਉਹ ਕਾਂਗਰਸ ਸਰਕਾਰ ਕਰਨ ਲਈ ਵਚਨਬੱਧ ਹੈ। ਮੇਰੀ ਰਾਏ ਮੁਤਾਬਕ ਪੁਰਾਣੀ ਪੰਥਕ ਰਿਵਾਇਤ ਮੁੜ ਕਾਇਮ ਕੀਤੀ ਜਾਣੀ ਚਾਹੀਦੀ ਹੈ। ਜੋੜ ਮੇਲੇ ਦੇ ਆਖਰੀ ਦਿਨ ਤੱਕ ਸਿੱਖ ਸੰਗਤ ਸੋਗਮਈ ਮਹੌਲ ਕਾਇਮ ਰੱਖੇ। ਪੰਜਾਬ ਭਰ ਵਿਚ ਰੰਗ ਤਮਾਸ਼ਿਆਂ, ਜੂਏ ਦੇ ਅੱਡਿਆਂ ਅਤੇ ਸਿਆਸੀ ਕਾਨਫਰੰਸਾਂ ਉਪਰ ਪੂਰਨ ਪਾਬੰਦੀ ਲਾਈ ਜਾਵੇ। ਭਾਵੇਂ ਗੁਰਦਵਾਰੇ ਨੂੰ ਕਿੰਨਾ ਘਾਟਾ ਪਵੇ ਪਰੰਤੂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਸਮਾਗਮ ਬਹੁਤ ਹੀ ਸੰਜੀਦਾ ਮਾਹੌਲ ਵਿਚ ਮਨੌਣ ਲਈ ਸਭ ਪੰਜਾਬੀਆਂ ਨੂੰ ਵਚਨਬੱਧ ਹੋਣਾ ਚਾਹੀਦਾ ਹੈ। ਦੱਸਿਆ ਜਾਂਦਾ ਹੈ ਕਿ ਗੁਰੂਮਾਰੀ ਸਰਹਿੰਦ ਦੀਆਂ ਇੱਟਾਂ ਵੀ ਕਿਸੇ ਨੇ ਵਰਤਣੀਆਂ ਯੋਗ ਨਾ ਸਮਝੀਆਂ ਅਤੇ ਅੰਗਰੇਜ਼ ਸਰਕਾਰ ਨੇ ਸਰਹਿੰਦ ਰੋਪੜ ਰੇਲਵੇ ਲਾਈਨ ਵਿਚ ਵਰਤ ਕੇ ਉਜੜੀ ਸਰਹਿੰਦ ਦਾ ਮਲਬਾ ਖਤਮ ਕੀਤਾ। ਸਿੱਖ ਨੌਜਵਾਨਾਂ ਲਈ ਇਹ ਅਦੁੱਤੀ ਸ਼ਹੀਦੀ ਇਕ ਚਾਨਣ-ਮੁਨਾਰੇ ਦਾ ਕੰਮ ਕਰ ਸਕਦੀ ਹੈ ਜੇਕਰ ਸਾਡੇ ਸਿੱਖ ਲੀਡਰ ਇਸ ਤ੍ਰੈ-ਸ਼ਤਾਬਦੀ ਉਪਰ ਇਕ ਚੰਗੇ ਰੋਲ-ਮਾਡਲ ਦੀ ਉਦਾਹਰਣ ਕਾਇਮ ਕਰਣ।

***



Academy of the Punjab in North America: http://www.apnaorg.com

# 4.

# ਗੁਰਦਵਾਰਾ ਸੁਧਾਰ ਲਹਿਰ : ਪਿੱਛਲ ਝਾਤ ਅਤੇ ਮੌਜੂਦਾ ਸਥਿਤੀ

ਗੁਰੂ ਅਰਜਨ ਦੇਵ ਜੀ ਨੇ ਆਦਿ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਸਤੰਬਰ 1604 ਈਸਵੀ ਨੂੰ ਹਰਿਮੰਦਰ ਸਾਹਿਬ ਵਿਖੇ ਕਰਕੇ ਭਾਈ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਨਿਯੁਕਤ ਕੀਤਾ। ਸਿੱਖ ਧਰਮ ਵਿਚ ਸੰਗਤ ਅਤੇ ਪੰਗਤ ਦਾ ਸਿਧਾਂਤ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਹੀ ਪ੍ਰਪੱਕ ਹੋ ਚੁੱਕਾ ਸੀ। ਧਰਮ ਦੇ ਪ੍ਰਚਾਰ ਲਈ 22 ਮੰਜੀਆਂ ਸਥਾਪਿਤ ਕੀਤੀਆਂ ਅਤੇ ਮਸੰਦ ਪ੍ਰੰਪਰਾ ਹੋਂਦ ਵਿਚ ਆਈ। ਸੰਗਤ ਦੇ ਜੁੜਣ ਲਈ ਧਰਮਸ਼ਾਲਾ ਤਾਂ ਗੁਰੂ ਨਾਨਕ ਸਾਹਿਬ ਦੇ ਸਮੇਂ ਹੀ ਚਾਲੂ ਹੋ ਗਈ ਸੀ ਜਿਵੇਂ ਕਿ ਭਾਈ ਗੁਰਦਾਸ ਦੀਆਂ ਵਾਰਾਂ ਤੋਂ ਸਿੱਧ ਹੋ ਜਾਂਦਾ ਹੈ। ਜਦੋਂ ਖਾਲਸੇ ਉਪਰ ਬਿਪਤਾ ਆਣ ਪਈ ਤਾਂ ਗੁਰਦਵਾਰਿਆਂ ਦੀ ਸੇਵਾ ਸੰਭਾਲ ਦਾ ਕੰਮ ਉਦਾਸੀ ਅਤੇ ਨਿਰਮਲੇ ਸੰਪਰਦਾ ਦੇ ਮਹੰਤਾਂ ਹੱਥ ਆ ਗਿਆ ਜੋ ਵਧੇਰੇ ਕਰਕੇ ਸਹਿਜਧਾਰੀ ਸਿੱਖ ਹੋਇਆ ਕਰਦੇ ਸਨ। ਸਿੱਖਾਂ ਵਿਚ ਵਿਦਿਆ ਦੀ ਘਾਟ ਕਾਰਣ ਵੀ ਮਹੰਤ ਡੇਰਿਆਂ ਵਿਚ ਪੜ੍ਹੇ ਲਿਖੇ ਹੋਣ ਕਾਰਣ ਗੁਰੂ ਗ੍ਰੰਥ ਸਾਹਿਬ ਦੇ ਗਿਆਤਾ ਸਨ। ਇਹ ਸਿਲਸਿਲਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵੀ ਚੱਲ ਰਿਹਾ ਸੀ ਪਰੰਤੂ ਮਿਸਲਾਂ ਦੇ ਰਾਜ ਸਮੇਂ ਇਹ ਹੋਰ ਮਜ਼ਬੂਤ ਹੋ ਗਿਆ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਸਮੇਂ ਤਾਂ ਗੁਰਦਵਾਰਿਆਂ ਨੂੰ ਜਗੀਰਾਂ ਲੱਗ ਜਾਣ ਕਾਰਣ ਮਹੰਤ ਬਹੁਤ ਹੀ ਸ਼ਕਤੀਸ਼ਾਲੀ ਹੋ ਨਿਬੜੇ। ਜਿਸ ਤਰ੍ਹਾਂ ਮਸੰਦ ਪ੍ਰੰਪਰਾ ਵਿਚ ਗਿਰਾਵਟ ਆ ਜਾਣ ਕਾਰਣ ਸਿੱਖ ਧਰਮ ਵਿਚ ਕੁਰੀਤੀਆਂ ਆ ਗਈਆਂ ਸਨ, ਇਸੇ ਤਰ੍ਹਾਂ ਮਹੰਤਾਂ ਨੇ ਵੀ ਗੁਰਦਵਾਰਿਆਂ ਵਿਚ ਬ੍ਰਾਹਮਣੀ ਰਹੁ-ਰੀਤ ਨੂੰ ਪ੍ਰਪੱਕ ਕੀਤਾ ਅਤੇ ਆਯਾਸ਼ੀ ਦੇ ਅੱਡੇ ਬਣਾ ਲਏ। ਸਿੱਖ ਰਾਜ ਤੋਂ ਬਾਅਦ ਇਹ ਮਹੰਤ ਅੰਗਰੇਜ਼ ਸਰਕਾਰ ਦੇ ਪਿੱਠੂ ਬਣ ਬੈਠੇ ਅਤੇ ਜਲਿਆਂਵਾਲੇ ਬਾਗ ਦੇ ਕਾਤਲ ਅੰਗਰੇਜ਼ ਅਫ਼ਸਰ ਜਨਰਲ ਡਾਇਰ ਨੂੰ ਸਿਰੋਪਾ ਦੇ ਕੇ ਨਿਵਾਜਿਆ ਗਿਆ। ਹਰਿਮੰਦਰ ਸਾਹਿਬ ਦੇ ਪੁਜਾਰੀਆਂ ਨੇ ਤਾਂ ਉਸ ਨੂੰ ਸਿੱਖ ਬਣਨ ਦੀ ਰਾਏ ਵੀ ਦਿੱਤੀ ਅਤੇ ਰਹਿਤ-ਮਰਿਆਦਾ ਵਿਚ ਰਿਆਇਤ ਦੇ ਕੇ ਅੰਮ੍ਰਿਤ ਛਕਾਉਣ ਦੀ ਪੇਸ਼ਕਸ਼ ਵੀ ਕੀਤੀ। ਅੰਗਰੇਜ਼ਾਂ ਨੇ ਮਹੰਤਾਂ ਨੂੰ ਗੁਰਦਵਾਰਿਆਂ ਦੀ ਜਾਇਦਾਦ ਦਾ ਵਾਲੀਵਾਰਸ ਬਣਾ ਕੇ ਜਗੀਰਦਾਰ ਹੀ ਬਣਾ ਦਿਤਾ। ਉਹ ਸਿੱਖ ਸੰਗਤ ਤੋਂ ਬਾਗੀ ਹੋ ਗਏ ਅਤੇ ਗੁਰਦਵਾਰੇ ਦੁਰਾਚਾਰ ਅਤੇ ਵਿਭਚਾਰ ਦੇ ਅੱਡੇ ਬਣ ਗਏ।



Academy of the Punjab in North America: http://www.apnaorg.com

ਗੁਰਦਵਾਰਾ ਸੁਧਾਰ ਲਹਿਰ ਬਾਰੇ ਕਈ ਪੁਸਤਕਾਂ ਲਿਖੀਆਂ ਗਈਆਂ ਹਨ। ਉਦਾਹਰਣ ਲਈ ਪ੍ਰਿੰਸੀਪਲ ਤੇਜਾ ਸਿੰਘ, ਡਾ. ਜਗਜੀਤ ਸਿੰਘ, ਨਰਾਇਣ ਸਿੰਘ, ਕਰਤਾਰ ਸਿੰਘ ਝੱਬਰ, ਰੁਚੀ ਰਾਮ ਸਾਹਨੀ ਅਤੇ ਸੋਹਨ ਸਿੰਘ ਜੋਸ਼। ਇਨ੍ਹਾਂ ਵਿਚ ਸੋਹਣ ਸਿੰਘ ਜੋਸ਼ ਦਾ 'ਅਕਾਲੀ ਮੋਰਚਿਆਂ ਦਾ ਇਤਿਹਾਸ' ਇਕ ਮਹੱਤਵਪੂਰਣ ਦਸਤਾਵੇਜ਼ ਹੈ ਜੋ ਅੰਗਰੇਜ਼ ਸਰਕਾਰ ਦੀਆਂ ਖੁਫੀਆ ਰੀਪੋਰਟਾਂ ਅਤੇ ਹੋਰ ਹਵਾਲਿਆਂ ਨਾਲ ਭਰਪੂਰ ਹੈ। ਸਿੱਖਾਂ ਨੇ ਮਹੰਤਾਂ ਦੀਆਂ ਕਰਤੂਤਾਂ ਤੋਂ ਦੁੱਖੀ ਹੋ ਕੇ ਗੁਰਦਵਾਰਿਆਂ ਦੀ ਅਜਾਦੀ ਲਈ ਲਹਿਰ ਚਲਾਈ ਜਿਸ ਨੂੰ ਗੁਰਦਵਾਰਾ ਸੁਧਾਰ ਲਹਿਰ ਕਰਕੇ ਜਾਣਿਆ ਜਾਂਦਾ ਹੈ। ਸਿੱਖ ਸੰਗਤ ਨੂੰ ਬੇਹੱਦ ਕੁਰਬਾਨੀਆਂ ਦੇਣੀਆਂ ਪਈਆਂ ਕਿਉਂਕਿ ਅੰਗਰੇਜ਼ੀ ਸਰਕਾਰ ਮਹੰਤਾਂ ਦੀ ਪਿੱਠ ਠੋਕ ਰਹੀ ਸੀ ਅਤੇ ਸਿੱਖਾਂ ਨੂੰ ਗੁਰਦਵਾਰਾ ਪ੍ਰਬੰਧ ਤੋਂ ਵਾਂਝਿਆ ਰੱਖਣ ਦੇ ਹੱਕ ਵਿਚ ਸੀ। ਇਸ ਦਾ ਕਾਰਣ ਸੀ : "ਪੰਜਾਬੀਆਂ ਦੇ ਧਰਮਾਂ ਵਿਚ ਜਿਹੜੇ ਮਹੰਤ, ਮੌਲਵੀ ਤੇ ਪੰਡਤ ਵਹਿਮ ਪ੍ਰਸਤੀ, ਦੁਰਾਚਾਰ ਤੇ ਕੁਕਰਮ ਫੈਲਾਂਦੇ ਸਨ ਅਤੇ ਇਨ੍ਹਾਂ ਨੂੰ ਅੰਗਰੇਜ਼ ਰਾਜ ਦੀ ਮਜ਼ਬੂਤੀ ਲਈ ਵਰਤਦੇ ਸਨ, ਸਰਕਾਰ ਉਨ੍ਹਾਂ ਨੂੰ ਖੁਲ੍ਹੀ ਛੁੱਟੀ ਦੇ ਰਹੀ ਸੀ ਤਾਂ ਜੋ ਧਰਮਾਂ ਨੂੰ ਅੰਗਰੇਜ਼ੀ ਰਾਜ ਦੀ ਸਦੀਵਤਾ ਲਈ ਵਰਤਿਆ ਜਾ ਸਕੇ।" ਸੋਹਣ ਸਿੰਘ ਜੋਸ਼ ਦੀ ਪੁਸਤਕ ਤੱਥਾਂ ਉੱਪਰ ਅਧਾਰਿਤ ਹੈ ਅਤੇ ਇਸ ਦੇ ਸਿੱਟੇ ਮੌਜੂਦਾ ਸਿੱਖ ਸਿਆਸਤ ਅਤੇ ਗੁਰਦਵਾਰਿਆਂ ਦੇ ਪ੍ਰਬੰਧ ਉਪਰ ਵੀ ਲਾਗੂ ਹੁੰਦੇ ਹਨ। ਪੁਸਤਕ ਦੇ ਪੰਨਾ 6 ਉਪਰ ਬਿਆਨ ਹੈ : "ਅੰਗਰੇਜ਼ ਰਾਜ ਦੇ ਅਸਰ ਥੱਲੇ ਪੁਜਾਰੀ ਸਿੱਖ ਧਰਮ ਦੇ ਅਸੂਲ ਤਿਆਗ ਚੁੱਕੇ ਸਨ ਅਤੇ ਬ੍ਰਿਟਿਸ਼ ਗੌਰਮਿੰਟ ਦੇ ਢਾਂਚੇ ਦਾ ਅੰਗ ਬਣ ਚੁੱਕੇ ਸਨ"।

ਮੌਜੂਦਾ ਦੌਰ ਵਿਚ ਵੀ ਇਹੋ ਕੁੱਝ ਹੋ ਰਿਹਾ ਹੈ। ਬਾਦਲ ਅਕਾਲੀ ਦਲ ਦੇ ਪ੍ਰਧਾਨ ਨੇ ਪਹਿਲਾਂ ਟੌਹੜੇ ਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਬਰਖਾਸਤ ਕਰਵਾਇਆ, ਫਿਰ ਬੀਬੀ ਜਗੀਰ ਕੌਰ ਨੂੰ ਗੱਦੀ ਤੋਂ ਲਾਹ ਕੇ ਤਲਵੰਡੀ ਨੂੰ ਪ੍ਰਧਾਨ ਬਣਾਇਆ, ਜਦੋਂ ਉਹ ਵਿਹਰਣ ਲੱਗਾ ਤਾਂ ਆਪਣੇ ਨਿੱਜੀ ਮਹਿਕਮੇ ਦੇ ਕ੍ਰਿਪਾਲ ਸਿੰਘ ਬਡੂੰਗਰ ਨੂੰ ਪ੍ਰਧਾਨ ਨਿਯੁਕਤ ਕਰਵਾ ਦਿਤਾ। ਹੁਣ ਜਥੇਦਾਰ ਟੌਹੜੇ ਨਾਲ ਸੁਲਾਹ ਕਰਕੇ ਪ੍ਰਧਾਨਗੀ ਦੀ ਕੁਰਸੀ ਮੋੜ ਦਿੱਤੀ ਹੈ ਕਿਉਂਕਿ ਬਾਦਲ ਖੁਦ ਕੁੜਿਕੀ ਵਿਚ ਫਸਿਆ ਹੋਇਆ ਹੈ ਅਤੇ ਉਹ ਪੰਥ ਦੀ ਸਮੁੱਚੀ ਸ਼ਕਤੀ ਨੂੰ ਆਪਣੀ ਬੰਦਖਲਾਸੀ ਲਈ ਵਰਤਣਾ ਚਾਹੁੰਦਾ ਹੈ। ਸਾਡੇ ਜਥੇਦਾਰ ਤਾਂ ਰਬਰ ਦੀਆਂ ਮੋਹਰਾਂ ਬਣ ਕੇ ਰਹਿ ਗਏ ਹਨ। ਅਕਾਲ ਤਖ਼ਤ ਦੀ ਹੋਂਦ ਅਤੇ ਅਜ਼ਾਦ ਹਸਤੀ ਨੂੰ ਜਿੰਨੀ ਠੇਸ ਬਾਦਲ ਦੇ ਰਾਜਕਾਲ ਵਿਚ ਪਹੁੰਚੀ ਹੈ ਇਤਨੀ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵੀ ਨਹੀਂ ਸੀ ਪਹੁੰਚੀ। ਮਹਾਰਾਜੇ ਨੂੰ ਤਾਂ ਕੋਰੜਿਆਂ ਦੀ ਸਜਾ ਮਿਲੀ ਸੀ ਜਦਕਿ ਬਾਦਲ ਸਾਹਿਬ ਨੂੰ ਤਾਂ ਕੜਾਹ ਪ੍ਰਸ਼ਾਦਿ ਛਕਣ ਦੀ ਸਜ਼ਾ ਹੀ ਸੁਣਾਈ ਗਈ। ਜਦੋਂ ਸਤੰਬਰ 2001 ਵਿਚ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਨੂੰ ਫਰੈਂਕਫਰਟ ਦੇ ਗੁਰਦਵਾਰੇ ਵਿਚ ਸਿੱਖ ਸੰਗਤ ਨੇ 'ਸਰਕਾਰੀ ਜਥੇਦਾਰ' ਦਾ ਖਿਤਾਬ ਦੇ ਕੇ ਸੰਬੋਧਿਤ ਕੀਤਾ ਤਾਂ ਉਹ



Academy of the Punjab in North America: http://www.apnaorg.com

ਕਹਿਣ ਲਗੇ ਕਿ ਉਹ ਤਾਂ ਇਕ ਤਨਖਾਹਦਾਰ ਮੁਲਾਜ਼ਮ ਹੈ ਜੇਕਰ ਸਿੱਖ ਸੰਗਤ ਅਕਾਲ ਤਖਤ ਦੀ ਅਜ਼ਾਦ ਹਸਤੀ ਨੂੰ ਮੁੜ ਬਹਾਲ ਕਰ ਦੇਣ ਤਾਂ ਜਥੇਦਾਰ ਵੀ ਯੋਗ ਕਾਰਵਾਈ ਕਰ ਸਕਦਾ ਹੈ। ਇਸ ਬਿਆਨ ਤੋਂ ਸਾਫ਼ ਜ਼ਾਹਰ ਹੋ ਗਿਆ ਕਿ ਅਕਾਲੀ ਸਰਕਾਰ ਜਥੇਦਾਰ ਨੂੰ ਆਪਣੇ ਹਿੱਤ ਵਿਚ ਵਰਤ ਸਕਦੀ ਹੈ। ਪੁਸਤਕ ਦੇ ਪੰਨਾ 15 ਤੇ ਉਲੇਖ ਹੈ : "ਇਸ ਤਰ੍ਹਾਂ ਗੁਰਦਵਾਰੇ ਅੰਗਰੇਜ਼ ਰਾਜ ਦੀ ਰੱਖਿਆ, ਮਜ਼ਬੂਤੀ ਅਤੇ ਖੁਸ਼ਾਮਦ ਦੇ ਕੇਂਦਰ ਬਣ ਗਏ ਸਨ ਅਤੇ ਇਨ੍ਹਾਂ ਵਿਚ ਅੰਗਰੇਜ਼ੀ ਰਾਜ ਦੀ ਖੁਸ਼ਹਾਲੀ ਤੇ ਸਦੀਵੀ ਰਹਿਣ ਦੇ ਅਰਦਾਸੇ ਹੁੰਦੇ ਸਨ।" ਜੋ ਕੰਮ ਅੰਗਰੇਜ਼ੀ ਸਰਕਾਰ ਕਰਵਾਂਦੀ ਸੀ, ਉਹੋ ਹੀ ਬਾਦਲ ਦੀ ਸਰਕਾਰ ਕਰਵਾਂਦੀ ਹੈ।

ਗੁਰਦਵਾਰਾ ਸੁਧਾਰ ਲਹਿਰ ਵਿਚ ਸਿੱਖਾਂ ਨੇ ਬੇਹੱਦ ਕੁਰਬਾਨੀ ਕੀਤੀ। ਨਨਕਾਣਾ ਸਾਹਿਬ ਵਿਚ 130 ਦੇ ਕਰੀਬ ਸਿੱਖ ਸ਼ਹੀਦ ਹੋਏ ਅਤੇ ਮਹੰਤ ਨੇ ਅੰਗਰੇਜ਼ਾਂ ਦੀ ਮਿਲੀਭੁਗਤ ਨਾਲ ਸ਼ਾਂਤਮਈ ਸਿੱਖਾਂ ਨੂੰ ਗੋਲੀਆਂ ਨਾਲ ਭੁੰਨਿਆ, ਜਿੰਦਾ ਜਲਾਇਆ ਅਤੇ ਗੁੰਡਾਗਰਦੀ ਦਾ ਦੌਰ ਚਲਾਈ ਰੱਖਿਆ। ਗੁਰੂ ਕੇ ਬਾਗ ਦਾ ਮੋਰਚਾ ਇਤਿਹਾਸਕ ਘਟਨਾ ਬਣ ਗਿਆ ਅਤੇ ਅੰਗਰੇਜ਼ ਸਰਕਾਰ ਨੇ ਬੇਤਹਾਸ਼ਾ ਜ਼ੁਲਮ ਢਾਹੇ। ਜੈਤੋ ਦੇ ਮੋਰਚੇ ਵਿਚ 200 ਦੇ ਕਰੀਬ ਸਿੱਖ ਜੇਹਲਾਂ ਵਿਚ ਤਸੀਹੇ ਝੱਲਦੇ ਹੋਏ ਹੀ ਮਰ ਗਏ। ਅੰਗਰੇਜ਼ ਸਰਕਾਰ ਨੇ ਪੂਰੇ ਪੰਜ ਸਾਲ ਸਿੱਖ ਜਥਿਆਂ ਨੂੰ ਕੁੱਟਿਆ, ਮਾਰਿਆ ਅਤੇ ਕੈਦ ਕਰੀ ਰੱਖਿਆ। ਸਿੱਖਾਂ ਦੀ ਜਾਇਦਾਦ ਕੁਰਕ ਕਰ ਲਈ ਪਰੰਤੂ ਸਿੱਖ ਕੌਮ ਵਿਚ ਇਕ ਅਜਿਹਾ ਜੋਸ਼ ਭਰਿਆ ਗਿਆ ਕਿ ਹਰ ਨੌਜਵਾਨ ਅੰਗਰੇਜ਼ ਹਕੂਮਤ ਨਾਲ ਟੱਕਰ ਲੈਣ ਲਈ ਮੈਦਾਨ ਵਿਚ ਨਿੱਤਰ ਆਇਆ। ਇਹੋ ਕਾਰਣ ਸੀ ਕਿ ਗੁਰਦਵਾਰਿਆਂ ਦਾ ਪ੍ਰਬੰਧ ਸਿੱਖ ਸੰਗਤ ਦੇ ਹਵਾਲੇ ਕਰਣ ਲਈ ਅੰਗਰੇਜ਼ੀ ਹਕੂਮਤ ਨੇ ਇਕ ਐਕਟ ਬਣਾ ਕੇ ਪਹਿਲਾਂ ਸਿੱਖ ਸੈਂਟਰਲ ਬੋਰਡ ਕਾਇਮ ਕੀਤਾ ਜਿਸ ਦਾ ਨਾਮ ਫਿਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਧਰਿਆ ਗਿਆ। ਗੁਰਦਵਾਰਿਆਂ ਦੀ ਅਜ਼ਾਦੀ ਦਾ ਇਤਿਹਾਸ ਭਾਰਤ ਦੀ ਅਜ਼ਾਦੀ ਦੇ ਇਤਿਹਾਸ ਦਾ ਇਕ ਸੁਨਹਿਰੀ ਕਾਂਡ ਹੈ। ਮਹਾਤਮਾ ਗਾਂਧੀ, ਪੰਡਤ ਨਹਿਰੂ ਅਤੇ ਮਦਨ ਮੋਹਨ ਮਾਲਵੀਆ ਸਿੱਖਾਂ ਦੀ ਮੱਦਦ ਲਈ ਹਮੇਸ਼ਾਂ ਤੱਤਪਰ ਰਹਿੰਦੇ ਸਨ ਕਿਉਂਕਿ ਸਿੱਖਾਂ ਦੀ ਲੜਾਈ ਅਹਿੰਸਕ ਸੀ ਅਤੇ ਮਹਾਤਮਾ ਗਾਂਧੀ ਦੇ ਹਥਿਆਰ ਦੀ ਪਰਖ।

ਗੁਰਦਵਾਰਾ ਸੁਧਾਰ ਲਹਿਰ ਦੇ ਆਗੂ ਸਿੱਖਾਂ ਦੇ ਸਿਰਕੱਢ ਲੀਡਰ ਸਨ। ਕਰਤਾਰ ਸਿੰਘ ਝੱਬਰ ਦਾ ਨਾਮ ਸਭ ਤੋਂ ਉਪਰ ਆਉਂਦਾ ਹੈ। ਮਾਸਟਰ ਤਾਰਾ ਸਿੰਘ, ਬਾਬਾ ਖੜਕ ਸਿੰਘ, ਮਹਿਤਾਬ ਸਿੰਘ, ਭਾਈ ਜੋਧ ਸਿੰਘ, ਤੇਜਾ ਸਿੰਘ ਸਮੁੰਦਰੀ, ਸਰਦੂਲ ਸਿੰਘ ਕਵੀਸ਼ਰ, ਗਿਆਨੀ ਸ਼ੇਰ ਸਿੰਘ ਅਤੇ ਹੋਰ ਅਨੇਕ ਲੀਡਰ (ਕੁੱਝ ਬਾਅਦ ਵਿਚ ਕਾਂਗਰਸ 'ਚ ਰਲ ਗਏ) ਇਸ ਲਹਿਰ ਨੇ ਪੈਦਾ ਕੀਤੇ। ਜਿਵੇਂ ਕਿ ਹਮੇਸ਼ਾਂ ਹੋਇਆ ਹੈ ਸਿੱਖ ਆਗੂ ਦੋ ਗਰੁੱਪਾਂ ਵਿਚ ਵੰਡੇ ਹੋਏ ਸਨ : ਨਰਮ ਦਲੀਏ ਅਤੇ ਗਰਮ ਦਲੀਏ। ਸਰਦਾਰ ਬਹਾਦਰ ਮਹਿਤਾਬ ਸਿੰਘ ਜੋ ਸ਼੍ਰੋਮਣੀ



Academy of the Punjab in North America: http://www.apnaorg.com

ਕਮੇਟੀ ਦੇ ਪਹਿਲੇ ਪ੍ਰਧਾਨ ਚੁਣੇ ਗਏ; ਨਰਮਦਲੀਆਂ ਦੇ ਲੀਡਰ ਸਨ ਅਤੇ ਅੰਗਰੇਜ਼ ਸਰਕਾਰ ਦੀਆਂ ਸ਼ਰਤਾਂ ਮੰਨ ਕੇ ਰਿਹਾ ਹੋ ਗਏ ਸਨ। ਤੇਜਾ ਸਿੰਘ ਸਮੁੰਦਰੀ ਗਰਮਦਲੀਆਂ ਦੇ ਉੱਘੇ ਲੀਡਰ ਸਨ। ਅਖੀਰ ਜਿੱਤ ਗਰਮਦਲੀਆਂ ਦੀ ਹੋਈ ਅਤੇ ਅੰਗਰੇਜ਼ ਸਰਕਾਰ ਨੂੰ ਝੁਕਣਾ ਪਿਆ। ਬਾਬਾ ਖੜਕ ਸਿੰਘ ਨੂੰ ਸਿੱਖਾਂ ਦੇ ਬੇ-ਤਾਜ ਬਾਦਸ਼ਾਹ ਕਿਹਾ ਜਾਂਦਾ ਸੀ। ਚੀਫ਼ ਖਾਲਸਾ ਦੀਵਾਨ ਅਤੇ ਸੁੰਦਰ ਸਿੰਘ ਮਜੀਠਿਆ ਅੰਗਰੇਜ਼ਾਂ ਦੇ ਪਿੱਠੂ ਸਨ ਅਤੇ ਸਰਕਾਰ ਨਾਲ ਹਰ ਤਰ੍ਹਾਂ ਮਿਲਵਰਤਣ ਕਰਕੇ ਅਹੁਦੇ ਲੈਣਾ ਲੋਚਦੇ ਸਨ। ਅੰਗਰੇਜ਼ ਸਰਕਾਰ ਨਰਮ-ਦਲੀਆਂ ਦਾ ਪੱਖ ਪੂਰਦੀ ਸੀ ਅਤੇ ਚਾਹੁੰਦੀ ਸੀ ਕਿ ਸਿੱਖ ਕੌਮ ਦੋ-ਫਾੜ ਹੀ ਰਹੇ। ਪੰਜਾਬ ਦਾ ਗਵਰਨਰ ਹੇਲੀ ਸਿੱਖਾਂ ਵਿਚ ਫੁੱਟ ਪਾਓ, ਪਾੜੋ ਤੇ ਰਾਜ ਕਰੋ ਦੀ ਪਾਲਿਸੀ ਲਾਗੂ ਕਰਨੀ ਚਾਹੁੰਦਾ ਸੀ। ਸਿੱਖ ਗੁਰਦਵਾਰਾ ਬਿਲ ਤਾਂ ਪਾਸ ਹੋ ਗਿਆ ਪਰੰਤੂ ਅੰਗਰੇਜ਼ੀ ਹਕੂਮਤ ਆਪਣੀ ਦਖ਼ਲਅੰਦਾਜ਼ੀ ਰੱਖਣਾ ਚਾਹੁੰਦੀ ਸੀ ਜੋ ਸਿੱਖ ਲੀਡਰਾਂ ਨੂੰ ਪਸੰਦ ਨਹੀਂ ਸੀ। ਇਹੋ ਕਾਰਨ ਸੀ ਕਿ ਗਰਮਦਲੀਏ ਸਰਕਾਰ ਦੀਆਂ ਸ਼ਰਤਾਂ ਮੰਨਣ ਨੂੰ ਤਿਆਰ ਨਹੀਂ ਸਨ ਅਤੇ ਰਿਹਾਈ ਨਹੀਂ ਚਾਹੁੰਦੇ ਸਨ।

ਜੁਲਾਈ 1925 ਵਿਚ ਗੁਰਦਵਾਰਾ ਬਿਲ ਪਾਸ ਹੋ ਗਿਆ ਅਤੇ 18 ਜੂਨ 1926 ਨੂੰ ਇਸ ਦੀਆਂ ਮੱਦਾਂ ਅਧੀਨ ਸੈਂਟਰਲ ਬੋਰਡ ਦੀਆਂ ਚੋਣਾਂ ਹੋਈਆਂ। ਤਿੰਨ ਗਰੁੱਪ ਚੋਣਾਂ ਦੇ ਮੈਦਾਨ ਵਿਚ ਨਿਤਰੇ : ਨਰਮਦਲੀਏ ਮਹਿਤਾਬ ਸਿੰਘ ਦੀ ਪਾਰਟੀ, ਗਰਮਦਲੀਏ ਅਕਾਲੀ ਦਲ ਦੀ ਪਾਰਟੀ ਅਤੇ ਗਵਰਨਰ ਹੇਲੀ ਦੀ ਸੁਧਾਰ ਕਮੇਟੀ। ਸਿੱਖਾਂ ਨੇ ਅਕਾਲੀ ਦਲ ਪਾਰਟੀ ਦੇ ਮੈਂਬਰਾਂ ਨੂੰ ਵੋਟਾਂ ਪਾ ਕੇ ਜਿਤਾ ਦਿੱਤਾ ਅਤੇ ਅੰਗਰੇਜ਼ ਸਰਕਾਰ ਦੇ ਪਿੱਠੂਆਂ ਦੀ ਪਾਰਟੀ ਨੂੰ ਬੁਰੀ ਤਰ੍ਹਾਂ ਹਰਾ ਦਿੱਤਾ। ਜੋ ਅੰਗਰੇਜ਼ ਹਕੂਮਤ ਦੀਆਂ ਸ਼ਰਤਾਂ ਮੰਨ ਕੇ ਰਿਹਾ ਹੋਏ ਸਨ, ਉਨ੍ਹਾਂ ਨੂੰ ਵੀ ਹਾਰ ਹੋਈ। ਅੰਗਰੇਜ਼ ਗਵਰਨਰ ਨਹੀਂ ਸੀ ਚਾਹੁੰਦਾ ਕਿ ਸੈਂਟਰਲ ਬੋਰਡ ਦਾ ਨਾਮ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਰੱਖਿਆ ਜਾਵੇ ਪਰੰਤੂ ਪਹਿਲੀ ਮੀਟਿੰਗ ਵਿਚ ਹੀ ਮਤਾ ਪਾਸ ਕਰਕੇ ਨਾਮ ਤਬਦੀਲ ਕਰ ਦਿੱਤਾ ਗਿਆ। ਸਰਦਾਰ ਮਹਿਤਾਬ ਸਿੰਘ ਦੀ ਪਾਰਟੀ ਭਾਵੇਂ ਵੋਟਾਂ ਵਿਚ ਹਾਰ ਗਈ ਸੀ ਪਰੰਤੂ ਉਨ੍ਹਾਂ ਨੇ ਗੁਰਦਵਾਰਾ ਫੰਡਾਂ ਦੀ ਦੁਰ-ਵਰਤੋਂ ਅਤੇ ਹੋਰ ਕਈ ਤਰ੍ਹਾਂ ਦੀਆਂ ਹੇਰਾ-ਫੇਰੀਆਂ ਵੀ ਕੀਤੀਆਂ। ਪੰਥਕ ਏਕੇ ਦਾ ਨਾਅਰਾ ਵੀ ਲਾਇਆ ਗਿਆ ਜੋ ਹੁਣ ਬਾਦਲ ਸਾਹਿਬ ਆਪਣੀ ਸਾਖ ਬਹਾਲ ਕਰਨ ਲਈ ਲਗਾ ਰਹੇ ਸਨ। ਪੁਸਤਕ ਦੇ ਪੰਨਾ 442 ਤੇ ਦਰਜ਼ ਹੈ : "ਇਨ੍ਹਾਂ ਚੋਣਾਂ ਵਿਚ ਉਹ ਸਭ ਬਦਨਾਮ ਤਰੀਕੇ ਵਰਤੇ ਗਏ ਜਿਹੜੇ ਅੱਜ ਕੱਲ੍ਹ ਵਿਧਾਨ ਸਭਾ ਤੇ ਲੋਕ ਸਭਾ ਦੀਆਂ ਚੋਣਾਂ ਵਿਚ ਵਰਤੇ ਜਾਂਦੇ ਹਨ। ਭਰਿਸ਼ਟਾਚਾਰ ਦੀ ਕੋਈ ਵੀ ਅਜੇਹੀ ਕਿਸਮ ਤੁਹਾਨੂੰ ਨਹੀਂ ਮਿਲੇਗੀ ਜਿਹੜੀ ਇਸ ਪਹਿਲੀ ਗੁਰਦਵਾਰਾ ਚੋਣ ਵਿਚ ਵਰਤੋਂ ਵਿਚ ਨਹੀਂ ਲਿਆਂਦੀ ਗਈ ਸੀ। ਚੋਣ ਜਿਤੋ, ਚੰਗੇ ਮੰਦੇ ਵਸੀਲੇ ਦੀ ਕੋਈ ਪ੍ਰਵਾਹ ਨਾ ਕਰੋ : ਸਭ ਮੈਂਬਰਾਂ ਦਾ ਨਾਹਰਾ ਬਣ ਗਿਆ ਸੀ"।



Academy of the Punjab in North America: http://www.apnaorg.com

ਮੌਜੂਦਾ ਦੌਰ ਵਿਚ ਏਹੋ ਕੁੱਝ ਹੀ ਵਾਪਰ ਰਿਹਾ ਹੈ। ਗੁਰਦਵਾਰਾ ਚੋਣਾਂ ਜਿੱਤਣ ਲਈ ਸ਼ਰਾਬ, ਭੁੱਕੀ ਅਤੇ ਪੈਸੇ ਦੀ ਦੁਰ-ਵਰਤੋਂ ਹੋ ਰਹੀ ਹੈ। ਚੰਗੇ ਭਲੇਮਾਣਸ ਸਿੱਖ ਤਾਂ ਗੁਰਦਵਾਰਾ ਚੋਣਾਂ ਦੇ ਦੰਗਲ ਵਿਚ ਸ਼ਾਮਲ ਹੀ ਨਹੀਂ ਹੁੰਦੇ। ਜੋ ਬੀਜ ਪਹਿਲੀਆਂ ਚੋਣਾਂ ਵਿਚ ਬੀਜਿਆ ਗਿਆ, ਉਹ ਕਈ ਗੁਣਾਂ ਵੱਧ ਹੁਣ ਦੀਆਂ ਚੋਣਾਂ ਵਿਚ ਪ੍ਰਫੁੱਲਤ ਹੋ ਗਿਆ ਹੈ। ਪੰਨਾ 435 ਤੇ ਪੰਥਕ ਏਕੇ ਦਾ ਨਾਹਰਾ ਕਿਵੇਂ ਵਰਤਿਆ ਗਿਆ ਵੀ ਦੱਸਿਆ ਗਿਆ ਹੈ : "ਪੰਥਕ ਏਕੇ ਦਾ ਜਜ਼ਬਾਤੀ ਨਾਹਰਾ ਉਸ ਵੇਲੇ ਵਰਤਿਆ ਜਾਂਦਾ ਹੈ ਜਦੋਂ ਇਕ ਸਿੱਖ ਧੜਾ ਕੁੜਿਕੀ ਵਿਚ ਫਸ ਜਾਂਦਾ ਹੈ ਅਤੇ ਉਹ ਕੁੜਿਕੀ ਵਿਚੋਂ ਨਿਕਲਣ ਲਈ ਇਸ ਨਾਹਰੇ ਦੇ ਪੜਦੇ ਪਿੱਛੇ ਚਾਲਾਂ ਤੇ ਕੁਚਾਲਾਂ ਖੇਡਦਾ ਹੈ ਅਤੇ ਮੁਖਾਲਫ ਧੜੇ ਵਿਚ ਖਲਬਲੀ ਮਚਾਉਣ ਦੇ ਯਤਨ ਕਰਦਾ ਹੈ।" ਜਥੇਦਾਰ ਟੌਹੜੇ ਨੂੰ ਸੋਚਣਾ ਚਾਹੀਦਾ ਹੈ ਕੀ ਬਾਦਲ ਸਾਹਿਬ ਕੁੜਿਕੀ ਵਿਚ ਫਸੇ ਹੋਣ ਕਰਕੇ ਹੀ ਤਾਂ ਪੰਥਕ ਏਕਤਾ ਦਾ ਨਾਹਰਾ ਨਹੀਂ ਲਗਾ ਰਹੇ। ਜੋ ਸ਼੍ਰੋਮਣੀ ਪ੍ਰਬੰਧਕ ਕਮੇਟੀ ਵਿਚ ਸੰਨ 1926 ਦੀਆਂ ਚੋਣਾਂ ਦੌਰਾਨ ਹੋਇਆ ਕੀ ਉਸੇ ਨੂੰ ਹੀ ਮੁੜ ਦੁਹਰਾਂਦੀ ਰਹੇਗੀ ਜਾਂ ਇਕੀਵੀਂ ਸਦੀ ਦੇ ਹਾਣ ਦੀ ਹੋ ਕੇ ਨਵੇਂ ਦਿਸਹੱਦੇ ਪਾਰ ਕਰੇਗੀ। ਗੁਰੂ ਸੁਮੱਤ ਬਖਸ਼ੇ।

***



Academy of the Punjab in North America: http://www.apnaorg.com

# 5.

# ਮਹਾਰਾਜਾ ਦਲੀਪ ਸਿੰਘ ਦੀ ਦਰਦ ਭਰੀ ਗਾਥਾ

ਸੋਹਣ ਸਿੰਘ ਸੀਤਲ ਦੀਆਂ ਢਾਡੀ ਵਾਰਾਂ ਸਿੱਖ ਧਾਰਮਿਕ ਦੀਵਾਨਾਂ ਵਿਚ ਗਾਈਆਂ ਜਾਂਦੀਆਂ ਸਨ ਅਤੇ ਬਚਪਨ ਵਿਚ ਹੀ ਮੈਂ ਕਈ ਰਚਨਾਵਾਂ ਪੜ੍ਹੀਆਂ ਜਿਨ੍ਹਾਂ ਵਿਚ 'ਸਿੱਖ ਰਾਜ ਕਿਵੇਂ ਗਿਆ' ਅਤੇ 'ਦੁਖੀਏ ਮਾਂ-ਪੁੱਤ' ਬਹੁਤ ਹੀ ਦਰਦਨਾਕ ਗਾਥਾਵਾਂ ਹਨ। ਪਿਛਲੇ ਨਵੰਬਰ 2003 ਇੰਗਲੈਂਡ ਦੀ ਯਾਤਰਾ ਦੌਰਾਨ ਮਹਾਰਾਜਾ ਦਲੀਪ ਸਿੰਘ ਦਾ ਐਲਵੀਡਨ ਅਸਟੇਟ ਵਿਚ ਬਣਿਆ ਮਹੱਲ ਵੇਖਣ ਦਾ ਮੌਕਾ ਬਣਿਆ ਅਤੇ ਅਜਾਇਬ ਘਰ ਵਿਚੋਂ ਕਈ ਦਸਤਾਵੇਜ਼ ਵੀ ਮਿਲ ਗਏ। ਕਰਿਸਤੀ ਕੈਂਪਬੈਲ ਦੁਆਰਾ ਲਿਖੀ ਪੁਸਤਕ 'ਮਹਾਰਾਜੇ ਦਾ ਡੱਬਾ' (Maharaja's Box) ਮਹਾਰਾਜਾ ਦਲੀਪ ਸਿੰਘ ਬਾਰੇ ਲਿਖੀ ਗਈ ਸੱਭ ਤੋਂ ਵੱਧ ਰੌਚਿਕ ਰਚਨਾ ਹੈ। ਇਸ ਵਿਚ ਸਿੱਖ ਰਾਜ ਦੀ ਢਹਿੰਦੀ ਕਲਾ, ਦਲੀਪ ਸਿੰਘ ਦਾ ਦੇਸ ਨਿਕਾਲਾ, ਰਾਣੀ ਜਿੰਦਾ ਨਾਲ ਮੁਲਾਕਾਤ ਅਤੇ ਸਿੱਖ ਰਾਜ ਕਾਇਮ ਕਰਨ ਲਈ ਕੀਤੀ ਜਦੋ-ਜਹਿਦ ਦਾ ਪੂਰਾ ਵੇਰਵਾ ਮਿਲਦਾ ਹੈ। ਇਸ ਦੀ ਵਿਲੱਖਣਤਾ ਇਹ ਹੈ ਕਿ ਸਭ ਘਟਨਾਵਾਂ ਬਾਰੇ ਜਾਣਕਾਰੀ ਤੱਥਾਂ ਉੱਪਰ ਅਧਾਰਿਤ ਹੈ ਅਤੇ ਹਵਾਲੇ ਦੇ ਕੇ ਸੱਚਾਈ ਸਿੱਧ ਕੀਤੀ ਗਈ ਹੈ। ਭਾਵੁਕਤਾ ਤੋਂ ਕੰਮ ਨਹੀਂ ਲਿਆ ਗਿਆ ਜਿਵੇਂ ਕਿ ਸੀਤਲ ਅਤੇ ਹੋਰ ਸਿੱਖ ਲਿਖਾਰੀਆਂ ਨੇ ਕੀਤਾ ਹੈ।

1839 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ ਅਤੇ ਡੋਗਰਿਆਂ, ਬ੍ਰਾਹਮਣਾਂ ਅਤੇ ਸਿੱਖ ਸਰਦਾਰਾਂ ਦੀ ਬੁਰਛਾਗਰਦੀ ਕਾਰਣ ਦਸ ਸਾਲਾਂ ਵਿਚ ਹੀ ਖ਼ਾਲਸਾ ਰਾਜ ਦਾ ਖਾਤਮਾ ਹੋ ਗਿਆ। 1849 ਵਿਚ ਅੰਗਰੇਜ਼ਾਂ ਨੇ ਪੰਜਾਬ ਉੱਪਰ ਕਬਜ਼ਾ ਕਰ ਲਿਆ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਲਾਹ ਲਿਆ। ਰਾਣੀ ਜਿੰਦਾ ਨੂੰ ਚੁਨਾਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ ਜਿਥੋਂ ਉਹ ਭੇਸ ਬਦਲ ਕੇ ਬਚ ਨਿਕਲੀ ਅਤੇ ਨੇਪਾਲ ਦੇ ਰਾਣੇ ਦੀ ਸ਼ਰਣ ਵਿਚ ਪਹੁੰਚ ਗਈ। ਲਾਰਡ ਡਲਹੌਜ਼ੀ ਨੇ ਲਾਹੌਰ ਦੇ ਤੋਸ਼ਾਖਾਨੇ ਵਿਚੋਂ ਕੋਹਿਨੂਰ ਹੀਰਾ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਲਈ ਭੇਜ ਦਿੱਤਾ ਅਤੇ ਨਬਾਲਗ ਮਹਾਰਾਜਾ ਦਲੀਪ ਸਿੰਘ ਨੂੰ ਸਰ ਜਾਨ ਲਾਗਿਨ ਦੀ ਦੇਖ-ਰੇਖ ਵਿਚ ਈਸਾਈ ਬਣਾਉਣ ਦੀ ਕੋਝੀ ਚਾਲ ਚੱਲੀ। 8 ਮਾਰਚ 1853 ਨੂੰ ਮਹਾਰਾਜੇ ਦੇ ਕੇਸ ਕਤਲ ਕਰਕੇ ਈਸਾਈ ਧਰਮ ਵਿਚ ਦਾਖਲ ਕਰਨ ਲਈ 'ਬੈਪਤਿਸਮਾ' (Baptism) ਦੀ ਰਸਮ ਅਦਾ ਕੀਤੀ ਗਈ। ਇਸ ਕਾਰਵਾਈ ਦੇ ਇਕ ਸਾਲ



Academy of the Punjab in North America: http://www.apnaorg.com

ਬਾਅਦ ਦਲੀਪ ਸਿੰਘ ਨੂੰ ਸਮੁੰਦਰੀ ਜਹਾਜ਼ 'ਐਸ.ਐਸ. ਹਿੰਦੁਸਤਾਨ' ਰਾਹੀਂ ਇੰਗਲੈਂਡ ਭੇਜ ਦਿੱਤਾ ਗਿਆ ਅਤੇ ਉਸਦੀਆਂ ਸਿੱਖ ਭਾਵਨਾਵਾਂ ਨੂੰ ਖਤਮ ਕਰਨ ਲਈ ਪੂਰਾ ਪੂਰਾ ਪ੍ਰਬੰਧ ਕੀਤਾ ਗਿਆ ਸੀ।

ਮਹਾਰਾਜੇ ਨੂੰ ਈਸਾਈਅਤ ਵਿਚ ਰੰਗਣ ਲਈ ਬਾਈਬਲ ਦੀ ਸਿੱਖਿਆ ਦਿੱਤੀ ਗਈ ਅਤੇ ਹੋਰ ਐਸ਼ੋ-ਇਸ਼ਰਤ ਦਾ ਮਾਹੌਲ ਤਿਆਰ ਕੀਤਾ ਗਿਆ। ਉਸਦੀ ਸਲਾਨਾ ਪੈਨਸ਼ਨ 50000 ਪੌਂਡ, ਲੰਡਨ ਨੇੜੇ ਇਕ ਮਹੱਲ ਅਤੇ ਸ਼ਹਿਜ਼ਾਦਿਆਂ ਵਾਲੀਆਂ ਸਹੂਲਤਾਂ ਮੁਹੱਈਆ ਕੀਤੀਆਂ ਗਈਆਂ। ਮਹਾਰਾਣੀ ਵਿਕਟੋਰੀਆ ਉਸਨੂੰ ਪੁੱਤਰਾਂ ਵਾਂਗ ਪਿਆਰ ਕਰਦੀ ਅਤੇ ਦਲੀਪ ਸਿੰਘ ਸ਼ਾਹੀ ਘਰਾਣੇ ਵਿਚ ਘੁਲਮਿਲ ਗਿਆ। ਉਹ ਮਹਾਰਾਣੀ ਦੀ ਅੱਖ ਦਾ ਤਾਰਾ ਬਣ ਗਿਆ ਅਤੇ ਲਾਰਡ ਡਲਹੌਜੀ ਇਸ ਗੱਲ ਤੋਂ ਸਖ਼ਤ ਨਾਰਾਜ਼ ਹੋ ਰਿਹਾ ਸੀ ਪਰ ਉਸਦੀ ਕੋਈ ਪੇਸ਼ ਨਾ ਗਈ। ਮਹਾਰਾਣੀ ਵਿਕਟੋਰੀਆ ਨੇ ਦਲੀਪ ਸਿੰਘ ਦੀਆਂ ਭਰ ਜਵਾਨੀ ਵਿਚ ਕੁੱਝ ਪੇਂਟਿੰਗ ਤਿਆਰ ਕਰਵਾਈਆਂ ਜੋ ਉਸਦੇ ਸ਼ਾਹੀ ਜਲਾਲ ਅਤੇ ਸਿੱਖੀ ਸ਼ਾਨ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ। ਅਜਾਇਬ ਘਰ ਵਿਚ ਮੈਨੂੰ ਮਹਾਰਾਜੇ ਦੇ ਪਰਿਵਾਰ ਦੇ ਮੈਂਬਰਾਂ ਦੇ ਚਿੱਤਰ ਵੀ ਮਿਲ ਗਏ ਅਤੇ ਲਾਰਡ ਡਲਹੌਜੀ ਦੁਆਰਾ ਭੇਂਟ ਕੀਤੀ ਬਾਈਬਲ ਦੀ ਕਾਪੀ। ਇੰਗਲੈਂਡ ਦੇ ਸ਼ਹਿਜ਼ਾਦੇ ਅਤੇ ਸ਼ਹਿਜ਼ਾਦੀਆਂ ਦਲੀਪ ਸਿੰਘ ਦੇ ਚੰਗੇ ਦੋਸਤ ਬਣ ਗਏ। ਉਹ ਲੰਡਨ ਦੇ ਕਲੱਬਾਂ ਵਿਚ ਸ਼ਾਹੀ ਘਰਾਣੇ ਦੀਆਂ ਦਾਅਵਤਾਂ ਵਿਚ ਅਤੇ ਹੋਰ ਰੰਗ ਰਲੀਆਂ ਵਿਚ ਗਲਤਾਨ ਰਹਿਣ ਲੱਗ ਪਿਆ ਅਤੇ ਹਮੇਸ਼ਾਂ ਕਰਜੇ ਥੱਲੇ ਦੱਬਿਆ ਰਹਿੰਦਾ।

## ਸਿੱਖੀ ਵਿਚ ਮੁੜ ਪ੍ਰਵੇਸ਼

ਜਦੋਂ ਅੰਗਰੇਜ਼ ਸਰਕਾਰ ਨੂੰ ਪੂਰਾ ਯਕੀਨ ਹੋ ਗਿਆ ਕਿ ਮਹਾਰਾਜਾ ਦਲੀਪ ਸਿੰਘ ਹੁਣ ਸਿੱਖੀ ਤੋਂ ਦੂਰ ਹੋ ਗਿਆ ਹੈ ਅਤੇ ਈਸਾਈਅਤ ਦਾ ਮੁੱਦਈ ਬਣ ਚੁੱਕਾ ਹੈ ਤਾਂ ਉਸ ਨੂੰ ਭਾਰਤ ਆਉਣ ਦੀ ਆਗਿਆ ਮਿਲ ਗਈ। 16 ਜਨਵਰੀ 1861 ਨੂੰ ਦਲੀਪ ਸਿੰਘ ਦਾ ਆਪਣੀ ਵਿਛੜੀ ਮਾਂ ਰਾਣੀ ਜਿੰਦਾਂ ਨਾਲ ਕਲਕੱਤੇ ਵਿਚ ਮਿਲਾਪ ਹੋਇਆ। 14 ਸਾਲ ਦੇ ਬਨਵਾਸ ਤੋਂ ਬਾਅਦ ਮਾਂ-ਪੁੱਤ ਗਲੇ ਲੱਗ ਕੇ ਰੋਏ। ਪੁੱਤ ਦੇ ਵਿਛੋੜੇ ਵਿਚ ਰਾਣੀ ਜਿੰਦਾਂ ਰੋ-ਰੋ ਕੇ ਅੰਨ੍ਹੀ ਹੋ ਗਈ ਸੀ। ਪ੍ਰੰਤੂ ਜਦੋਂ ਉਸਦਾ ਹੱਥ ਦਲੀਪ ਦੇ ਸਿਰ 'ਤੇ ਗਿਆ ਤਾਂ ਉਸਦੀਆਂ ਭੁੱਬਾਂ ਹੀ ਨਿਕਲ ਗਈਆਂ, ਉਸਦਾ ਪੁੱਤਰ ਦਲੀਪ ਸਿੱਖੀ ਸਰੂਪ ਨੂੰ ਤਿਲਾਂਜ਼ਲੀ ਦੇ ਚੁੱਕਾ ਸੀ। ਗ਼ਮ ਵਿਚ ਗਲਤਾਨ ਰਾਣੀ ਨੇ ਬਹੁਤ ਹੀ ਭਾਵੁਕਤਾ ਭਰੇ ਲਹਿਜ਼ੇ ਵਿਚ ਕਿਹਾ, "ਪੁੱਤਰ ਤੇਰੇ ਪਿਉ ਦਾ ਕਾਇਮ ਕੀਤਾ ਖ਼ਾਲਸਾ ਰਾਜ ਗੁਆਚ ਜਾਣ 'ਤੇ ਵੀ ਮੈਨੂੰ ਐਨਾ ਅਫ਼ਸੋਸ ਨਹੀਂ ਸੀ ਹੋਇਆ ਜਿੰਨਾ ਅੱਜ ਤੇਰੇ ਸਿੱਖੀ ਸਰੂਪ ਦੇ ਗਵਾਚ ਜਾਣ 'ਤੇ ਹੋਇਆ ਹੈ।" ਮਹਾਰਾਜੇ ਨੇ ਕੋਈ ਸ਼ਰਮ ਮਹਿਸੂਸ ਨਾ ਕੀਤੀ ਪ੍ਰੰਤੂ ਲੋਕਾਚਾਰੀ ਤੋਂ ਡਰਦੇ ਹੋਏ ਆਪਣੀ ਮਾਂ ਨੂੰ ਨਾਲ ਲੈ ਕੇ ਇੰਗਲੈਂਡ



Academy of the Punjab in North America: http://www.apnaorg.com

ਵੱਲ ਰਵਾਨਾ ਹੋ ਗਿਆ।

ਇੰਗਲੈਂਡ ਪਹੁੰਚ ਕੇ ਰਾਣੀ ਜਿੰਦਾਂ ਆਪਣੇ ਪੁੱਤ ਨੂੰ ਸਿੱਖੀ ਸਰੂਪ ਧਾਰਨ ਕਰਨ ਲਈ ਪ੍ਰੇਰਦੀ ਰਹੀ, ਉਸ ਨੂੰ ਆਪਣਾ ਰਾਜ-ਭਾਗ ਪ੍ਰਾਪਤ ਕਰਨ ਲਈ ਵੀ ਪ੍ਰੇਰਿਆ। ਮਹਾਰਾਣੀ ਨੇ ਦੱਸਿਆ ਕਿ ਗੁਰੂਆਂ ਦੀ ਭਵਿੱਖਬਾਣੀ ਅਨੁਸਾਰ ਅੰਗਰੇਜ਼ੀ ਰਾਜ ਦਾ ਖ਼ਾਤਮਾ ਹੋਵੇਗਾ ਅਤੇ ਮੁੜ ਖ਼ਾਲਸਾ ਰਾਜ ਕਾਇਮ ਹੋਵੇਗਾ। ਪ੍ਰੰਤੂ ਦਲੀਪ ਸਿੰਘ ਮਾਂ ਦੀਆਂ ਨਸੀਹਤਾਂ ਨੂੰ ਮੰਨਦਾ ਨਹੀਂ ਸੀ। ਮੌਸਮ ਦੀ ਤਰਾਸਦੀ ਅਤੇ ਪੁੱਤਰ ਵਲੋਂ ਗ਼ਮਗੀਨ ਰਹਿਣ ਕਰਕੇ ਰਾਣੀ ਜਿੰਦਾਂ 1863 ਵਿਚ ਚਲਾਣਾ ਕਰ ਗਈ।ਉਸਦੀ ਇੱਛਾ ਅਨੁਸਾਰ ਉਸਦਾ ਅੰਤਿਮ ਸੰਸਕਾਰ ਪੰਜਾਬ ਵਿਚ ਤਾਂ ਨਾ ਹੋ ਸਕਿਆ ਪ੍ਰੰਤੂ ਮਹਾਰਾਜੇ ਨੂੰ ਬੰਬਈ ਜਾਣ ਦੀ ਆਗਿਆ ਮਿਲ ਗਈ ਅਤੇ ਗੋਦਾਵਰੀ ਨਦੀ ਦੇ ਕੰਢੇ ਨਾਸਿਕ ਦੇ ਨੇੜੇ ਰਾਣੀ ਜਿੰਦਾ ਦਾ ਸਸਕਾਰ ਕਰਕੇ ਅਸਥੀਆਂ ਪਾਣੀ ਵਿਚ ਰੋੜ੍ਹ ਦਿੱਤੀਆਂ। ਦਲੀਪ ਸਿੰਘ ਰਸਤੇ ਵਿਚ ਮਿਸਰ ਦੇ ਸ਼ਹਿਰ ਕਾਹਿਰਾ ਵਿਖੇ ਰੁਕਿਆ ਅਤੇ ਇਕ ਖ਼ੂਬਸੂਰਤ ਕੁੜੀ ਬਾਂਬਾ ਮੂਲਰ ਨਾਲ ਸ਼ਾਦੀ ਕਰਵਾ ਲਈ। ਇਹ ਵਿਆਹ ਈਸਾਈ ਰਸਮਾਂ ਮੁਤਾਬਕ ਹੋਇਆ ਅਤੇ ਸ਼ਾਹੀ ਜੋੜੀ ਇੰਗਲੈਂਡ ਪਰਤ ਗਈ। 1863 ਵਿਚ ਮਹਾਰਾਜੇ ਨੇ ਲੰਡਨ ਛੱਡ ਕੇ ਕੈਂਬਰਿਜ ਦੇ ਨੇੜੇ ਐਲਵੀਡਨ ਅਸਟੇਟ ਖਰੀਦ ਲਈ ਜੋ 17000 ਏਕੜ ਉੱਪਰ ਫੈਲੀ ਹੋਈ ਸੀ। ਮਹਾਰਾਜੇ ਨੇ ਇਥੇ 1874 ਵਿਚ ਭਾਰਤ ਦੇ ਸ਼ਾਹੀ ਮਹਿਲਾਂ ਦੇ ਨਮੂਨੇ ਉੱਪਰ ਆਪਣਾ ਮਹਿਲ ਤਾਮੀਰ ਕਰਵਾਇਆ। ਇਸ ਮਹਿਲ ਅੰਦਰ ਉਹ ਐਸ਼ੋ-ਇਸ਼ਰਤ ਦਾ ਜੀਵਨ ਬਤੀਤ ਕਰਦਾ ਰਿਹਾ ਅਤੇ ਸ਼ਿਕਾਰ ਖੇਡਣ ਦਾ ਸ਼ੌਂਕ ਪਾਲਦਾ ਰਿਹਾ।ਸ਼ਾਹੀ ਘਰਾਣੇ ਦੇ ਸ਼ਹਿਜ਼ਾਦੇ ਵੀ ਉਸਦੀਆਂ ਸ਼ਿਕਾਰ ਪਾਰਟੀਆਂ ਵਿਚ ਸ਼ਾਮਿਲ ਹੁੰਦੇ ਰਹੇ।

1884 ਵਿਚ ਮਹਾਰਾਜੇ ਨੇ ਪੰਜਾਬ ਤੋਂ ਆਪਣੇ ਮਿੱਤਰ ਅਤੇ ਰਿਸ਼ਤੇਦਾਰ ਠਾਕਰ ਸਿੰਘ ਸੰਧਾਵਾਲੀਆ ਨੂੰ ਆਪਣੇ ਕੋਲ ਸੱਦ ਲਿਆ। ਠਾਕਰ ਸਿੰਘ ਨੇ ਦਲੀਪ ਸਿੰਘ ਨੂੰ ਗੁਰੂਆਂ ਦੀ ਭਵਿੱਖਬਾਣੀ ਯਾਦ ਕਰਵਾਈ ਅਤੇ ਦੱਸਿਆ ਕਿ ਅੰਗਰੇਜ਼ੀ ਸਰਕਾਰ ਨੇ ਧੋਖੇ ਨਾਲ ਤੇਰਾ ਰਾਜ-ਭਾਗ ਖੋਹਿਆ ਹੈ। ਤੇਰੀ ਨਾਬਾਲਿਗ ਉਮਰ ਦਾ ਫਾਇਦਾ ਉਠਾ ਕੇ ਤੇਰੀ ਨਿੱਜੀ ਜਾਇਦਾਦ ਜ਼ਬਤ ਕਰ ਲਈ ਹੈ ਜਿਸਦਾ ਤੂੰ ਜੱਦੀ ਵਾਰਿਸ ਹੈਂ। ਕੋਹੇਨੂਰ ਹੀਰਾ ਵੀ ਤੇਰਾ ਹੈ। ਰੂਸ ਦੀ ਫੌਜ ਪੰਜਾਬ 'ਤੇ ਧਾਵਾ ਬੋਲੇਗੀ, ਅੰਗਰੇਜ਼ੀ ਰਾਜ ਦਾ ਖਾਤਮਾ ਹੋਵੇਗਾ। ਦਲੀਪ ਸਿੰਘ ਨਾਮ ਦਾ ਸਿੱਖ ਯੋਧਾ ਰੂਸੀ ਫੌਜ ਦੀ ਮਦਦ ਨਾਲ ਭਾਰਤ ਉੱਪਰ ਰਾਜ ਕਾਇਮ ਕਰੇਗਾ ਅਤੇ ਖ਼ਾਲਸੇ ਦਾ ਹਾਥੀ ਸਾਰੇ ਸੰਸਾਰ ਵਿਚ ਗੇੜਾ ਦੇਵੇਗਾ। ਬਚਪਨ ਦੇ ਦੋਸਤ ਦੀ ਨਸੀਹਤ ਦਲੀਪ ਸਿੰਘ ਦੇ ਰਾਸ ਆ ਗਈ ਅਤੇ ਆਪਣੀ ਮਾਂ ਦੀ ਤਾੜਨਾ ਯਾਦ ਕਰਕੇ ਉਹ ਸਿੱਖੀ ਸਰੂਪ ਧਾਰਨ ਕਰਨ ਲਈ ਤਿਆਰ ਹੋ ਗਿਆ। ਮਹਾਰਾਜੇ ਨੇ ਪੰਜਾਬ ਜਾਣ ਦੇ ਲਈ ਮਨ ਤਿਆਰ ਕਰ ਲਿਆ ਅਤੇ ਲੰਡਨ ਤੋਂ ਮਨਜ਼ੂਰੀ ਮੰਗੀ। ਪ੍ਰੰਤੂ ਅੰਗਰੇਜ਼ ਸਰਕਾਰ ਉਸ ਨੂੰ ਕਿਸੇ ਸ਼ਰਤ 'ਤੇ ਵੀ



Academy of the Punjab in North America: http://www.apnaorg.com

ਭਾਰਤ ਨਹੀਂ ਭੇਜਣਾ ਚਾਹੁੰਦੀ ਸੀ। ਮਹਾਰਾਜੇ ਨੇ ਆਪਣੀ ਜਾਇਦਾਦ ਅਤੇ ਕੋਹਿਨੂਰ ਹੀਰਾ ਵੀ ਮੰਗਿਆ। ਉਸ ਨੇ ਆਪਣੇ ਦੇਸ਼ਵਾਸੀਆਂ ਦੇ ਨਾਮ 1886 ਈ: ਵਿਚ ਇਹ ਬਿਆਨ ਜਾਰੀ ਕੀਤਾ। "ਖ਼ਾਲਸਾ ਜੀ ਮੈਨੂੰ ਮੁਆਫ਼ ਕਰ ਦੇਣਾ ਕਿਉਂਕਿ ਮੈਂ ਅਨਜਾਣਪੁਣੇ ਵਿਚ ਸਿੱਖੀ ਸਰੂਪ ਨੂੰ ਤਿਲਾਂਜਲੀ ਦੇ ਕੇ ਇਸਾਈ ਧਰਮ ਧਾਰਣ ਕਰ ਲਿਆ ਸੀ। ਮੇਰੀ ਇੱਛਾ ਹੈ ਕਿ ਮੈਂ ਬੰਬਈ ਪਹੁੰਚ ਕੇ ਫਿਰ ਖੰਡੇ ਦੀ ਪਾਹੁਲ ਲੈ ਕੇ ਖ਼ਾਲਸਾ ਸਜ ਜਾਵਾਂ।" ਠਾਕਰ ਸਿੰਘ ਆਪਣੇ ਨਾਲ ਇਕ ਗ੍ਰੰਥੀ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਲੈ ਗਏ ਸੀ। ਮਹਾਰਾਜੇ ਨੂੰ ਹਰ ਰੋਜ਼ ਬਾਣੀ ਦਾ ਪਾਠ ਵੀ ਸੁਣਾਇਆ ਜਾਂਦਾ ਸੀ। ਸਿੱਖੀ ਦੀ ਤੜਫ ਨੇ ਮਹਾਰਾਜੇ ਨੂੰ ਬਿਹਬਲ ਕਰ ਦਿੱਤਾ ਅਤੇ ਉਹ ਅੰਗਰੇਜ਼ ਸਰਕਾਰ ਦੀ ਵਿਰੋਧਤਾ ਦੇ ਬਾਵਜੂਦ 1886 ਈ: ਵਿਚ ਪੰਜਾਬ ਵੱਲ ਰਵਾਨਾ ਹੋ ਪਿਆ। ਉਸਨੇ ਆਪਣੇ ਪਰਿਵਾਰ ਦੇ ਮੈਂਬਰ ਵੀ ਨਾਲ ਲੈ ਲਏ ਅਤੇ ਆਪਣੀ ਆਮਦ ਬਾਰੇ ਪੰਜਾਬ ਵਾਸੀਆਂ ਦੇ ਨਾਮ ਸੰਦੇਸ਼ ਭੇਜ ਦਿੱਤਾ।

ਲਾਰਡ ਡਫਰਿਨ ਨਹੀਂ ਸੀ ਚਾਹੁੰਦਾ ਕਿ ਮਹਾਰਾਜਾ ਭਾਰਤ ਵਿਚ ਪੁੱਜੇ ਕਿਉਂਕਿ ਪੰਜਾਬ ਵਿਚ ਉਸਦੇ ਪਰਤਣ ਦੀਆਂ ਖ਼ਬਰਾਂ ਸਨਸਨੀਖੇਜ਼ ਸਾਬਤ ਹੋ ਰਹੀਆਂ ਸਨ। ਕੂਕਿਆਂ ਨੇ ਮਹਾਰਾਜੇ ਦੇ ਹੱਕ ਵਿਚ ਅਫ਼ਵਾਹਾਂ ਫੈਲਾ ਰੱਖੀਆਂ ਸਨ ਅਤੇ ਗੁਰੂਆਂ ਦੀ ਭਵਿੱਖਬਾਣੀ ਅਤੇ ਖ਼ਾਲਸਾ ਰਾਜ ਦੀ ਪੁਨਰ ਸਥਾਪਨਾ ਵੀ ਉਨ੍ਹਾਂ ਦੀ ਹੀ ਕਾਢ ਜਾਪਦੀ ਹੈ। ਸੋਚੀ ਸਮਝੀ ਸਕੀਮ ਅਧੀਨ ਮਹਾਰਾਜੇ ਨੂੰ ਰਸਤੇ ਵਿਚ 'ਅਦਨ' ਦੀ ਬੰਦਰਗਾਹ 'ਤੇ ਹੀ ਕੈਦ ਕਰ ਲਿਆ ਗਿਆ। ਉਸਦੇ ਪਰਿਵਾਰ ਨੂੰ ਇੰਗਲੈਂਡ ਪਰਤਾ ਦਿੱਤਾ ਗਿਆ ਅਤੇ ਉਸ ਨੂੰ ਪਰਤਣ ਲਈ ਮਜ਼ਬੂਰ ਕੀਤਾ ਗਿਆ। ਠਾਕੁਰ ਸਿੰਘ ਨੇ ਦੋ ਸਿੰਘ ਪੰਜਾਬ ਤੋਂ ਅਦਨ ਭੇਜ ਦਿੱਤੇ ਅਤੇ ਤਿੰਨ ਹੋਰ ਫੌਜੀ ਸਿੰਘ ਅਦਨ ਤੋਂ ਲੈ ਕੇ 25 ਮਈ 1886 ਨੂੰ ਮਹਾਰਾਜਾ ਦਲੀਪ ਸਿੰਘ ਨੂੰ ਖੰਡੇ ਦੀ ਪਾਹੁਲ ਛਕਾਈ ਗਈ। ਉਹ ਸਿੰਘ ਤਾਂ ਸਜ ਗਿਆ ਪ੍ਰੰਤੂ ਉਸਦਾ ਪੰਜਾਬ ਪਹੁੰਚਣ ਦਾ ਸੁਪਨਾ ਸਾਕਾਰ ਨਾ ਹੋ ਸਕਿਆ। ਉਦਾਸੀ ਅਤੇ ਬੇਵਸੀ ਦੀ ਹਾਲਤ ਵਿਚ ਉਹ ਪੈਰਿਸ ਪਰਤ ਗਿਆ। ਅੰਗਰੇਜ਼ ਸਰਕਾਰ ਨੂੰ ਪੈਨਸ਼ਨ ਅਤੇ ਸਾਰੀ ਜਾਇਦਾਦ ਰੱਦ ਕਰਨ ਲਈ ਅਰਜ਼ੀ ਭੇਜ ਦਿੱਤੀ। ਉਹ ਗ਼ੁਲਾਮੀ ਦੇ ਜੀਵਨ ਤੋਂ ਤੰਗ ਆ ਚੁੱਕਾ ਸੀ। ਉਸਨੇ ਆਪਣੇ ਪਰਿਵਾਰ ਤੋਂ ਵੀ ਨਾਤਾ ਤੋੜ ਲਿਆ ਅਤੇ ਫਰਾਂਸ ਵਿਚ ਰਹਿਣ ਦੀ ਠਾਣ ਲਈ।

## ਮਹਾਰਾਜੇ ਦਾ ਭਾਰਤ ਦੀ ਅਜ਼ਾਦੀ ਲਈ ਘੋਲ

ਪੈਰਿਸ ਹਮੇਸ਼ਾਂ ਅਜ਼ਾਦੀ ਘੁਲਾਟੀਆਂ ਦੀ ਪਨਾਹਗਾਹ ਰਿਹਾ ਹੈ। ਮਹਾਰਾਜੇ ਨੇ ਆਪਣੇ ਅਜ਼ਾਦੀ ਦੇ ਘੋਲ ਲਈ ਇਸੇ ਸ਼ਹਿਰ ਨੂੰ ਅੱਡਾ ਬਣਾਇਆ। ਆਇਰਲੈਂਡ ਦੇ ਅਜ਼ਾਦੀ ਘੁਲਾਟੀਏ ਅੰਗਰੇਜ਼ ਸਰਕਾਰ ਦੇ ਵਿਰੁੱਧ ਬਗ਼ਾਵਤ ਲਈ ਤਿਆਰੀ ਕਰ ਰਹੇ ਸਨ। ਦਲੀਪ ਸਿੰਘ ਨੂੰ ਆਇਰਲੈਂਡ ਦੇ ਬਾਗ਼ੀਆਂ ਅਤੇ ਰੂਸੀ ਡਿਪਲੋਮੇਟਾਂ ਦੀ ਸਹਾਇਤਾ ਮਿਲ ਗਈ।



Academy of the Punjab in North America: http://www.apnaorg.com

ਉਸਨੇ ਆਪਣੀ ਸਕੀਮ ਨੂੰ ਸਿਰੇ ਚਾੜ੍ਹਨ ਲਈ ਪੈਰਿਸ ਵਿਚ ਦਫ਼ਤਰ ਖੋਲ੍ਹ ਲਿਆ। ਪਾਂਡੀਚਰੀ ਵਿਚ ਠਾਕਰ ਸਿੰਘ ਮਹਾਰਾਜੇ ਦਾ ਪ੍ਰਧਾਨ ਮੰਤਰੀ ਥਾਪਿਆ ਗਿਆ ਅਤੇ ਉਹ ਪੰਜਾਬ ਦੇ ਸਿੱਖਾਂ ਨਾਲ ਇਕ ਕੜੀ ਦਾ ਕੰਮ ਵੀ ਕਰ ਰਿਹਾ ਸੀ। ਪੈਰਿਸ ਤੋਂ ਮਹਾਰਾਜੇ ਨੇ ਦੋ ਸੰਦੇਸ਼ ਵੀ ਜਾਰੀ ਕੀਤੇ। ਪਹਿਲਾ ਪੰਜਾਬ ਦੇ ਸਿੱਖ ਭਰਾਵਾਂ ਦੇ ਨਾਮ ਅਤੇ ਦੂਜਾ ਭਾਰਤ ਦੇ ਮਹਾਰਾਜਿਆਂ ਅਤੇ ਜਨਤਾ ਦੇ ਨਾਮ ਸੀ। ਦੋਹਾਂ ਵਿਚ ਅੰਗਰੇਜ਼ੀ ਰਾਜ ਵਿਰੁੱਧ ਬਗ਼ਾਵਤ ਲਈ ਪ੍ਰੇਰਿਆ ਗਿਆ ਸੀ।

ਰੂਸ ਦੇ ਜ਼ਾਰ ਤੋਂ ਫੌਜੀ ਸਹਾਇਤਾ ਪ੍ਰਾਪਤ ਕਰਨ ਲਈ ਮਹਾਰਾਜੇ ਨੇ ਰੂਸ ਜਾਣ ਦੀ ਤਿਆਰੀ ਕਰ ਲਈ। ਰੂਸ ਦੇ ਪ੍ਰਸਿੱਧ ਅਖ਼ਬਾਰ 'ਮਾਸਕੋ ਗਜ਼ਟ' ਦਾ ਐਡੀਟਰ ਮਿਸਟਰ ਕੈਟਕਾਫ ਮਹਾਰਾਜੇ ਦਾ ਵਿਚੋਲਾ ਬਣ ਗਿਆ। ਅਤੇ ਉਸਦੇ ਸੱਦੇ ਉੱਪਰ ਉਹ ਰੂਸ ਦੀ ਰਾਜਧਾਨੀ ਸੇਂਟ ਪੀਟਰਜ਼ਬਰਗ ਜਾਣ ਲਈ ਤਿਆਰ ਹੋ ਗਿਆ। ਅੰਗਰੇਜ਼ ਸਰਕਾਰ ਨੇ ਮਹਾਰਾਜੇ ਦੀ ਹਰ ਕਾਰਵਾਈ ਉੱਪਰ ਨਿਗਾਹ ਰੱਖੀ ਹੋਈ ਸੀ ਅਤੇ ਉਸਦੇ ਪੈਰਿਸ ਦਫ਼ਤਰ ਦਾ ਇੰਚਾਰਜ ਅੰਗਰੇਜ਼ ਸਰਕਾਰ ਦੀ ਖੁਫੀਆ ਏਜੰਸੀ ਦਾ ਹੀ ਕਾਰਿੰਦਾ ਸੀ। ਹਰ ਖ਼ਬਰ ਲੰਡਨ ਅਤੇ ਸ਼ਿਮਲਾ ਤੁਰੰਤ ਭੇਜੀ ਜਾਂਦੀ ਰਹੀ। ਮਹਾਰਾਜੇ ਕੋਲ ਰੂਸ ਜਾਣ ਲਈ ਪਾਸਪੋਰਟ ਨਹੀਂ ਸੀ ਸੋ ਉਸਦੇ ਆਇਰਿਸ਼ ਦੋਸਤ, ਪੈਟਰਿਕ ਕੈਸੀ ਨੇ ਆਪਣੇ ਨਾਮ 'ਤੇ ਪਾਸਪੋਰਟ ਅਤੇ ਵੀਜ਼ਾ ਜਾਰੀ ਕਰਵਾ ਦਿੱਤਾ। ਦਲੀਪ ਸਿੰਘ ਰੂਸ ਵਿਚ ਪੈਟਰਿਕ ਕੈਸੀ ਦੀ ਸ਼ਨਾਖਤ 'ਤੇ ਦਾਖਲ ਹੋਇਆ। ਰੂਸ ਦੀ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਇਕ ਅੰਗਰੇਜ਼ ਕੁੜੀ ਮਹਾਰਾਜੇ ਦੀ ਸਹੇਲੀ ਬਣ ਗਈ ਅਤੇ ਉਸਦੀ ਪਤਨੀ ਬਣ ਕੇ ਰੂਸ ਦਾ ਵੀਜ਼ਾ ਲੈ ਆਈ। ਕਈਆਂ ਦਾ ਖ਼ਿਆਲ ਹੈ ਕਿ ਇਹ ਵੀ ਅੰਗਰੇਜ਼ੀ ਸਰਕਾਰ ਦੀ ਜਸੂਸ ਸੀ। ਮਹਾਰਾਜਾ ਦਲੀਪ ਸਿੰਘ, ਨਵੀਂ ਰਾਣੀ 'ਅਦਾ ਵੈਦਰਿਲ' (Ada Wetherill) ਅਤੇ ਇਕ ਸੇਵਾਦਾਰ ਅਰੂੜ ਸਿੰਘ ਗੱਡੀ 'ਤੇ ਸਵਾਰ ਹੋ ਕੇ ਪੈਰਿਸ ਤੋਂ ਰੂਸ ਦੀ ਰਾਜਧਾਨੀ ਵੱਲ ਚੱਲ ਪਏ। ਰਸਤੇ ਵਿਚ ਬਰਲਿਨ ਦੇ ਸਟੇਸ਼ਨ 'ਤੇ ਮਹਾਰਾਜੇ ਨੂੰ ਇਕ ਚੋਰ ਨੇ ਲੁੱਟ ਲਿਆ ਅਤੇ ਉਸਦਾ ਪਾਸਪੋਰਟ ਤੇ ਨਕਦੀ ਖੋਹ ਕੇ ਲੈ ਗਿਆ। ਹੁਣ ਰੂਸ ਦੇ ਬਾਰਡਰ 'ਤੇ ਮੁਸੀਬਤ ਆਣ ਪਈ ਅਤੇ ਕਈ ਦਿਨ ਰੁਕਣ ਤੋਂ ਬਾਅਦ ਅੱਗੇ ਲੰਘਣ ਦੀ ਇਜਾਜ਼ਤ ਮਿਲ ਗਈ ਜੋ ਮਿਸਟਰ ਕੈਟਕਾਫ ਦੀ ਮਦਦ ਕਰਕੇ ਸੰਭਵ ਹੋਇਆ।

ਰੂਸ ਦੇ ਜ਼ਾਰ ਦੀ ਧਾਂਕ ਸਾਰੇ ਯੂਰਪ ਵਿਚ ਸੀ ਅਤੇ ਅੰਗਰੇਜ਼ ਵੀ ਉਸਤੋਂ ਡਰਦੇ ਸਨ ਕਿਉਂਕਿ ਜ਼ਾਰ ਨੇ ਅਫਗਾਨਿਸਤਾਨ ਦੀ ਸਰਹੱਦ ਤਕ ਸਾਰਾ ਇਲਾਕਾ ਆਪਣੇ ਰਾਜ ਵਿਚ ਸ਼ਾਮਲ ਕਰ ਰੱਖਿਆ ਸੀ। ਦਲੀਪ ਸਿੰਘ ਨੇ ਇਕ ਪਟੀਸ਼ਨ ਤਿਆਰ ਕੀਤੀ ਜਿਸ ਵਿਚ ਦੱਸਿਆ ਗਿਆ ਸੀ ਕਿ ਗੁਰੂਆਂ ਦੀ ਭਵਿੱਖਬਾਣੀ ਕੀ ਹੈ ਅਤੇ ਉਹ ਰੂਸੀ ਫੌਜ ਦਾ ਜਰਨੈਲ ਬਣ ਕੇ ਪੰਜਾਬ ਉੱਪਰ ਧਾਵਾ ਬੋਲੇਗਾ ਅਤੇ ਪੰਜਾਬ ਦੇ ਸਿੱਖ ਫੌਜੀ ਅੰਗਰੇਜ਼ਾਂ ਵਿਰੁੱਧ ਬਗਾਵਤ



Academy of the Punjab in North America: http://www.apnaorg.com

ਕਰ ਦੇਣਗੇ। ਜੇਕਰ ਇਹ ਸਕੀਮ ਸਿਰੇ ਚੜ੍ਹ ਗਈ ਤਾਂ ਰੂਸ ਨੂੰ ਧਨ ਨਾਲ ਮਾਲਾਮਾਲ ਕਰ ਦਿੱਤਾ ਜਾਵੇਗਾ ਅਤੇ ਉਸਦੀ ਸਰਹੱਦ ਪੰਜਾਬ ਤਕ ਕਾਇਮ ਹੋ ਜਾਵੇਗੀ। ਹਿੰਦੁਸਤਾਨ ਦੇ ਸਾਰੇ ਰਾਜੇ ਮਹਾਰਾਜੇ, ਦਲੀਪ ਸਿੰਘ ਦੀ ਮਦਦ 'ਤੇ ਹੋਣਗੇ ਅਤੇ ਖ਼ਾਲਸਾ ਰਾਜ ਮੁੜ ਬਹਾਲ ਹੋ ਜਾਵੇਗਾ। ਇਸ ਪਟੀਸ਼ਨ ਵਿਚ ਸਾਰੀ ਜੰਗੀ ਪਲੈਨ ਇਕ ਸੁਚੱਜੇ ਜਰਨੈਲ ਵਾਂਗ ਤਿਆਰ ਕੀਤੀ ਗਈ ਸੀ।

ਦਲੀਪ ਸਿੰਘ ਨੂੰ ਰੂਸੀ ਜ਼ਾਰ ਨਾਲ ਮਿਲਣ ਦਾ ਮੌਕਾ ਨਾ ਮਿਲਿਆ। ਕੈਟਕਾਫ ਨੇ ਉਸ ਨੂੰ ਮਾਸਕੋ ਬੁਲਾ ਭੇਜਿਆ ਅਤੇ ਉਹ ਕਈ ਮਹੀਨੇ ਇਕ ਹੋਟਲ ਵਿਚ ਰਹਿਣ ਉਪਰੰਤ ਮਾਸਕੋ ਦੇ ਬਾਹਰ ਸਸਤਾ ਘਰ ਲੈ ਕੇ ਰਹਿਣ ਲੱਗਾ। ਅਰੂੜ ਸਿੰਘ ਨੂੰ ਮਾਇਆ ਇਕੱਠੀ ਕਰਨ ਲਈ ਹਿੰਦੁਸਤਾਨ ਭੇਜਿਆ ਅਤੇ ਆਪਣੇ ਮਿਸ਼ਨ ਬਾਰੇ ਭਾਰਤੀ ਰਾਜਿਆਂ ਨੂੰ ਸੂਚਨਾ ਵੀ ਭੇਜੀ। ਜਿਸ ਤਰ੍ਹਾਂ ਕਹਿੰਦੇ ਹਨ ਕਿ ਮੁਸੀਬਤਾਂ ਇਕੱਠੀਆਂ ਹੀ ਆਉਂਦੀਆਂ ਹਨ। ਮਹਾਰਾਜੇ ਦੀ ਬਦਕਿਸਮਤੀ ਨੂੰ ਉਸਦੇ ਮਦਦਗਾਰ ਕੈਟਕਾਫ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਅਤੇ ਕੁੱਝ ਮਹੀਨੇ ਬਾਅਦ ਹੀ ਉਹ ਕੈਂਸਰ ਨਾਲ ਮਰ ਗਿਆ। ਉਸ ਦੇ ਵਿਰੋਧੀ ਨਹੀਂ ਚਾਹੁੰਦੇ ਸਨ ਕਿ ਮਹਾਰਾਜਾ ਦਲੀਪ ਸਿੰਘ ਰੂਸੀ ਜ਼ਾਰ ਨੂੰ ਮਿਲੇ। ਪਾਂਡੀਚਰੀ ਵਿਚ ਠਾਕਰ ਸਿੰਘ ਦੀ ਮੌਤ ਹੋ ਗਈ ਅਤੇ ਅਰੂੜ ਸਿੰਘ ਜਦੋਂ ਕਲਕੱਤੇ ਪਹੁੰਚਿਆ ਤਾਂ ਉਸ ਨੂੰ ਇਕ ਬੰਗਾਲੀ ਬਾਬੂ ਮਿੱਤਰਾ ਨੇ ਧੋਖੇ ਨਾਲ ਪੁਲਿਸ ਦੇ ਹਵਾਲੇ ਕਰ ਦਿੱਤਾ। ਅੰਗਰੇਜ਼ੀ ਸਰਕਾਰ ਪਾਸ ਖ਼ੁਫੀਆ ਰਿਪੋਰਟਾਂ ਪੈਰਿਸ ਤੋਂ ਮਹਾਰਾਜੇ ਦਾ ਦਫਤਰ ਹੀ ਭੇਜ ਰਿਹਾ ਸੀ। ਅਰੂੜ ਸਿੰਘ ਨੇ ਸਾਰੀ ਸਕੀਮ ਅਤੇ ਮਹਾਰਾਜੇ ਦੇ ਭੇਦ ਅੰਗਰੇਜ਼ ਹਾਕਮਾਂ ਨੂੰ ਦੱਸ ਕੇ ਆਪਣੀ ਜਾਨ ਬਚਾਈ। ਮਹਾਰਾਜਾ ਦਲੀਪ ਸਿੰਘ ਅਤੀ ਉਦਾਸ ਹਾਲਤ ਵਿਚ ਪੈਰਿਸ ਪਰਤਣ ਲਈ ਮਜ਼ਬੂਰ ਹੋ ਗਿਆ। ਪੈਰਿਸ ਵਿਚ ਮਹਾਰਾਜਾ ਮਜ਼ਬੂਰੀ ਵੱਸ ਦਿਨ ਕੱਟੀ ਕਰ ਰਿਹਾ ਸੀ ਕਿ ਉਸਦੇ ਪੁੱਤਰ ਮਿਲਣ ਆਏ ਅਤੇ ਇੰਗਲੈਂਡ ਪਰਤਣ ਲਈ ਮਜ਼ਬੂਰ ਕਰਨ ਲੱਗੇ। ਮਹਾਰਾਜੇ ਨੂੰ ਅਧਰੰਗ ਹੋ ਚੁੱਕਾ ਸੀ ਅਤੇ ਉਸਦੀ ਸੰਭਾਲ ਕਰਨ ਵਾਲਾ ਵੀ ਕੋਈ ਨਹੀਂ ਸੀ। ਉਸਦੀ ਦੂਜੀ ਰਾਣੀ ਵੀ ਕਦੇ ਕਦਾਈਂ ਹੀ ਪਤਾ ਕਰਨ ਆਉਂਦੀ ਸੀ। ਜੋ ਪੈਸਾ ਜਮ੍ਹਾਂ ਸੀ ਉਹ ਵੀ ਰਾਣੀ ਨੇ ਉਜਾੜ ਛੱਡਿਆ ਸੀ। ਦਲੀਪ ਸਿੰਘ ਵੱਡੇ ਪੁੱਤਰ ਵਿਕਟਰ ਨਾਲ ਫਰਾਂਸ ਦੇ ਦੱਖਣ ਦੇ ਵਿਚ ਦਿਲ ਪਰਚਾਵੇ ਲਈ ਗਿਆ ਤਾਂ ਮਹਾਰਾਣੀ ਵਿਕਟੋਰੀਆ ਵੀ ਛੁੱਟੀਆਂ ਕੱਟਣ ਉਧਰ ਆਈ ਹੋਈ ਸੀ। ਮਹਾਰਾਜਾ ਮਲਿਕਾ ਵਿਕਟੋਰੀਆ ਨੂੰ ਮਿਲਿਆ ਅਤੇ ਮੁਆਫੀ ਮੰਗੀ ਕਿਉਂਕਿ ਮਲਿਕਾ ਹਮੇਸ਼ਾਂ ਉਸਨੂੰ ਪਿਆਰ ਕਰਦੀ ਰਹੀ ਸੀ। ਮਲਿਕਾ ਨੇ ਮਹਾਰਾਜੇ ਦੇ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਵੀ ਕੀਤਾ। ਰਾਣੀ ਬਾਂਬਾ ਤਾਂ 1887 ਵਿਚ ਹੀ ਮਰ ਗਈ ਅਤੇ ਮਾਂ-ਪਿਉ ਮਹਿਟਰ ਬੱਚੇ ਮਲਿਕਾ ਵਿਕਟੋਰੀਆ ਦੇ ਰਹਿਮ ਉੱਪਰ ਹੀ ਪਲਦੇ ਰਹੇ। ਦਲੀਪ ਸਿੰਘ ਇਕ ਵਾਰ ਲੰਡਨ ਗਿਆ ਅਤੇ ਬੱਚਿਆਂ ਨੂੰ ਮਿਲ ਕੇ ਪੈਰਿਸ ਪਰਤ ਆਇਆ। 1893 ਵਿਚ ਸਿੱਖਾਂ ਦਾ ਅਖੀਰੀ ਮਹਾਰਾਜਾ ਪੈਰਿਸ ਦੇ ਇਕ



Academy of the Punjab in North America: http://www.apnaorg.com

ਗੁਮਨਾਮ ਹੋਟਲ ਵਿਚ ਚਲਾਣਾ ਕਰ ਗਿਆ। ਉਸਦੀ ਇੱਛਾ ਦੇ ਵਿਰੁੱਧ ਉਸਦੇ ਮਿਰਤਕ ਸਰੀਰ ਨੂੰ ਐਲਵੀਡਨ ਦੇ ਗਿਰਜਾਘਰ ਦੇ ਕਬਰਿਸਤਾਨ ਵਿਚ ਦਫਨਾਇਆ ਗਿਆ।

ਨਵੰਬਰ 2003 ਨੂੰ ਮੈਂ ਇਸ ਪਿੰਡ ਦੀ ਯਾਤਰਾ ਕੀਤੀ ਅਤੇ ਦਲੀਪ ਸਿੰਘ ਦੇ ਮਹਿਲ, ਅਜਾਇਬ ਘਰ ਅਤੇ ਘੋੜੇ ਤੇ ਸਵਾਰ ਸਿੱਖ ਮਹਾਰਾਜੇ ਦਾ ਬੁੱਤ ਵੇਖਿਆ। ਮੈਂ ਸਰਦਾਰ ਤ੍ਰਿਲੋਚਨ ਸਿੰਘ (ਘੱਟਗਿਣਤੀ ਕਮੀਸ਼ਨ ਦੇ ਚੇਅਰਮੈਨ) ਹੋਰਾਂ ਦੀ ਰਾਇ ਨਾਲ ਸਹਿਮਤ ਹਾਂ ਕਿ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਪੰਜਾਬ ਵਿਚ ਲਿਆਂਦੀਆਂ ਜਾਣ ਅਤੇ ਸਿੱਖ ਰਵਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ ਕਿਉਂਕਿ ਉਹ ਮਰਨ ਤੋਂ ਪਹਿਲਾਂ ਸਿੰਘ ਸਜ ਗਿਆ ਸੀ।

***



Academy of the Punjab in North America: http://www.apnaorg.com

# 6.

# ਸਿੱਖ ਰਾਜ ਦੇ ਆਖਰੀ ਵਾਰਸਾਂ ਦਾ ਦੁਖਾਂਤ

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਦਸ ਸਾਲ ਦੇ ਅੰਦਰ ਹੀ ਖੇਰੂੰ-ਖੇਰੂੰ ਹੋ ਗਿਆ। ਇਸ ਦੇ ਪਿਛੋਕੜ ਵਿਚ ਜਾਣ ਦੀ ਲੋੜ ਨਹੀਂ। ਆਖਰੀ ਸਿੱਖ ਮਹਾਰਾਜਾ ਦਲੀਪ ਸਿੰਘ ਚੌਦਾਂ ਸਾਲ ਦੀ ਉਮਰ ਵਿਚ ਈਸਾਈ ਬਣਾ ਕੇ ਇੰਗਲੈਂਡ ਭੇਜ ਦਿੱਤਾ ਗਿਆ ਤਾਂ ਕਿ ਉਹ ਮੁੜ ਖ਼ਾਲਸਾ ਰਾਜ ਦਾ ਸੁਪਨਾ ਨਾ ਲਵੇ। ਸਿੱਖ ਸ਼ਹਾਦਤ ਦੇ ਜੂਨ ਅੰਕ ਵਿਚ ਮਹਾਰਾਜਾ ਦਲੀਪ ਸਿੰਘ ਦੀ ਦਰਦ ਭਰੀ ਗਾਥਾ ਬਿਆਨ ਕੀਤੀ ਗਈ ਹੈ। ਉਸ ਦੇ ਵਾਰਸਾਂ ਦਾ ਕੀ ਬਣਿਆ ਇਸ ਲੇਖ ਦਾ ਵਿਸ਼ਾ ਹੈ।

ਦਲੀਪ ਸਿੰਘ ਦੀਆਂ ਦੋ ਸ਼ਾਦੀਆਂ ਸਨ। ਪਹਿਲੀ ਬਾਂਬਾ ਮੂਲਰ ਨਾਲ ਮਿਸਰ ਦੀ ਰਾਜਧਾਨੀ ਕਾਹਿਰਾ (Cairo) ਵਿਖੇ 1864 ਵਿਚ ਹੋਈ। ਇਸ ਸ਼ਾਦੀ ਵਿਚੋਂ 6 ਬੱਚੇ ਪੈਦਾ ਹੋਏ, ਤਿੰਨ ਪੁੱਤਰ ਅਤੇ ਤਿੰਨ ਧੀਆਂ। ਦੂਜੀ ਸ਼ਾਦੀ ਪੈਰਿਸ ਵਿਖੇ 'ਅਦਾ ਵੈਦਰਿਲ' ਨਾਲ ਹੋਈ ਅਤੇ ਜਿਸ ਵਿਚੋਂ ਦੋ ਧੀਆਂ ਨੇ ਜਨਮ ਲਿਆ। ਮਹਾਰਾਜੇ ਦੀ ਮੌਤ 21 ਅਕਤੂਬਰ 1893 ਨੂੰ ਪੈਰਿਸ ਦੇ ਇਕ ਹੋਟਲ ਵਿਚ ਹੋਈ। ਉਸ ਵਕਤ ਉਹ ਅਧਰੰਗ ਦਾ ਸ਼ਿਕਾਰ ਹੋ ਚੁੱਕਾ ਸੀ ਅਤੇ ਮਾਯੂਸੀ ਦੀ ਹਾਲਤ ਵਿਚ ਦਿਨ ਕਟੀ ਕਰ ਰਿਹਾ ਸੀ। ਉਹ 24 ਘੰਟੇ ਬੇਹੋਸ਼ ਹੀ ਪਿਆ ਰਿਹਾ ਅਤੇ ਹੋਟਲ ਦੀ ਮੇਡ ਨੇ ਮਾਲਕ ਨੂੰ ਤਾੜਨਾ ਕੀਤੀ। ਮਹਾਰਾਜੇ ਦੀ ਦੂਜੀ ਰਾਣੀ ਅਤੇ ਦੋ ਪੁੱਤਰ ਲੰਡਨ ਤੋਂ ਪੈਰਿਸ ਆਏ ਅਤੇ ਉਸਦੀ ਦੇਹ ਨੂੰ ਇੰਗਲੈਂਡ ਲੈ ਗਏ। ਮਹਾਰਾਜਾ ਦਲੀਪ ਸਿੰਘ ਨਹੀਂ ਸੀ ਚਾਹੁੰਦਾ ਕਿ ਉਸ ਦੇ ਸਰੀਰ ਨੂੰ ਇੰਗਲੈਂਡ ਦੀ ਧਰਤੀ ਵਿਚ ਦਫਨਾਇਆ ਜਾਵੇ ਕਿਉਂਕਿ ਉਹ ਅੰਗਰੇਜ਼ ਹਕੂਮਤ ਤੋਂ ਆਕੀ ਹੋ ਕੇ ਪੈਰਿਸ ਵਿਚ ਰਹਿਣ ਲੱਗ ਪਿਆ ਸੀ। ਅਖੀਰਲੇ ਸਾਲਾਂ ਵਿਚ ਉਹ ਖ਼ਾਲਸਾ ਰਾਜ ਦੀ ਪੁਨਰ ਸਥਾਪਨਾ ਲਈ ਜੂਝਦਾ ਰਿਹਾ।

ਮਹਾਰਾਣੀ ਬਾਂਬਾ ਮੂਲਰ ਮਹਾਰਾਜਾ ਦਲੀਪ ਸਿੰਘ ਨਾਲ ਸ਼ਾਦੀ ਕਰਕੇ ਉਸਦੇ ਦੁਖ-ਸੁਖ ਦੀ ਭਾਈਵਾਲ ਬਣੀ ਰਹੀ। ਉਸ ਦੇ ਹਰ ਬੱਚੇ ਦੇ ਬਾਰਾਂ ਸਾਲ ਤੱਕ ਪੂਰੇ ਕੇਸ ਰੱਖੇ ਹੋਏ ਸਨ ਤਾਂ ਕਿ ਸਿੱਖੀ ਸਰੂਪ ਰੱਖਣਾ ਚਾਹੁਣ ਤਾਂ ਉਹ ਰੋਕੇਗੀ ਨਹੀਂ। ਮਹਾਰਾਣੀ ਖੁਦ ਵੀ ਪੂਰਬੀ ਅਤੇ ਪੱਛਮੀ ਪਹਿਰਾਵੇ ਵਿਚ ਰਹਿੰਦੀ। ਜਦੋਂ ਮਹਾਰਾਜਾ ਸਾਥ ਛੱਡ ਕੇ ਪੈਰਿਸ ਰਹਿਣ ਲੱਗ ਪਿਆ ਤਾਂ ਮਹਾਰਾਣੀ ਨੇ ਕਈ ਮੁਸੀਬਤਾਂ ਭਰੇ ਦਿਨ ਗੁਜ਼ਾਰੇ ਅਤੇ ਸ਼ਾਹੀ ਘਰਾਣੇ ਦੀਆਂ ਫਿਟਕਾਰਾਂ ਵੀ ਸਹਿਣੀਆਂ ਪਈਆਂ। ਉਸ ਨੇ ਮਹਾਰਾਜੇ ਦੀ ਗ਼ੈਰ-ਹਾਜ਼ਰੀ ਵਿਚ ਥੋੜ੍ਹੀ ਰਕਮ ਵਿਚ



Academy of the Punjab in North America: http://www.apnaorg.com

ਗੁਜ਼ਾਰਾ ਕੀਤਾ ਅਤੇ 6 ਬੱਚਿਆਂ ਦੀ ਸਾਂਭ ਸੰਭਾਲ ਵੀ ਕੀਤੀ। ਗ਼ਮਾਂ ਵਿਚ ਡੁੱਬੀ ਰਾਣੀ ਸਾਰੀ ਰਾਤ ਪ੍ਰਾਰਥਨਾ ਕਰਦੀ ਰਹਿੰਦੀ। 18 ਸਤੰਬਰ 1887 ਨੂੰ ਉਸਦੀ ਮੌਤ ਹੋ ਗਈ। ਮਹਾਰਾਜਾ ਦਲੀਪ ਸਿੰਘ ਉਸ ਸਮੇਂ ਰੂਸ ਵਿਚ ਸਿੱਖ ਰਾਜ ਮੁੜ ਪ੍ਰਾਪਤ ਕਰਨ ਦੀਆਂ ਗੋਂਦਾਂ ਗੁੰਦ ਰਿਹਾ ਸੀ।

ਮਹਾਰਾਣੀ ਵਿਕਟੋਰੀਆ ਨੇ ਮਹਾਰਾਜਾ ਦਲੀਪ ਸਿੰਘ ਦੇ ਬੱਚਿਆਂ ਦੀ ਸਾਂਭ ਸੰਭਾਲ ਦਾ ਪ੍ਰਬੰਧ ਕੀਤਾ। ਉਸ ਦੇ ਵੱਡੇ ਪੁੱਤਰ ਵਿਕਟਰ ਦਲੀਪ ਸਿੰਘ ਨੂੰ ਆਪਣਾ ਧਰਮ ਪੁੱਤਰ ਬਣਾ ਲਿਆ। ਵਿਕਟਰ ਪਹਿਲਾਂ ਈਟਨ ਅਤੇ ਫਿਰ ਕੈਂਬਰਿਜ ਵਿਚ ਦਾਖਲ ਹੋ ਗਿਆ। ਉਹ ਆਪਣੇ ਬਾਪ ਵਾਂਗ ਅਯਾਸ਼ੀ ਭਰਿਆ ਜੀਵਨ ਗੁਜ਼ਾਰਨਾ ਚਾਹੁੰਦਾ ਸੀ। ਉਸ ਨੂੰ ਜੂਏ ਦੀ ਭੈੜੀ ਆਦਤ ਪੈ ਗਈ। ਮਿਲਟਰੀ ਅਕੈਡਮੀ ਵਿਚੋਂ ਕੋਰਸ ਕਰਕੇ ਉਹ ਫੌਜ ਵਿਚ ਭਰਤੀ ਹੋ ਗਿਆ ਅਤੇ ਰਾਣੀ ਵਿਕਟੋਰੀਆ ਦੀ ਸਿਫਾਰਸ਼ ਨਾਲ ਕੈਪਟਨ ਬਣ ਗਿਆ। ਉਸ ਨੇ ਆਪਣੇ ਦੋਸਤ ਦੀ ਭੈਣ 'ਐਨੀ' ਨਾਲ ਸ਼ਾਦੀ ਕਰਵਾ ਲਈ। ਮਹਾਰਾਜਾ ਦਲੀਪ ਸਿੰਘ ਚਾਹੁੰਦਾ ਸੀ ਕਿ ਉਹ ਪੰਜਾਬ ਵਿਚ ਸਿੱਖ ਘਰਾਣੇ ਦੀ ਕਿਸੇ ਲੜਕੀ ਨਾਲ ਸ਼ਾਦੀ ਕਰੇ। ਇਸ ਗੱਲ ਤੇ ਬਾਪ-ਬੇਟੇ ਵਿਚ ਕਈ ਵਾਰ ਝਗੜਾ ਵੀ ਹੋਇਆ। ਵਿਕਟਰ ਦੀ ਸ਼ਾਦੀ ਵਿਚ ਦਲੀਪ ਸਿੰਘ ਸ਼ਾਮਲ ਨਹੀਂ ਸੀ ਹੋਇਆ ਅਤੇ ਰਾਣੀ ਵਿਕਟੋਰੀਆ ਵੀ ਨਾਰਾਜ਼ ਹੋ ਗਈ। ਉਸਨੇ ਸ਼ਾਦੀ ਬਾਅਦ ਵਿਕਟਰ ਤੇ ਰਾਣੀ ਐਨ ਨੂੰ ਬੁਲਾ ਕੇ ਖ਼ੂਬ ਝਾੜ ਪਾਈ ਅਤੇ ਦੇਸ ਨਿਕਾਲਾ ਦੇ ਦਿੱਤਾ। ਵਿਕਟੋਰੀਆ ਦਾ ਹੁਕਮ ਸੀ ਕਿ ਤੁਸੀ ਹੁਣ ਇੰਗਲੈਂਡ ਵਿਚ ਨਹੀਂ ਰਹੋਗੇ ਅਤੇ ਕੋਈ ਉਲਾਦ ਪੈਦਾ ਨਹੀਂ ਕਰੋਗੇ ਜੋ ਸਿੱਖ ਰਾਜ ਦੀ ਦਾਅਵੇਦਾਰ ਬਣੇ। ਇਹ ਭਾਰਤ ਵੱਲ ਰਵਾਨਾ ਹੋ ਗਏ ਪ੍ਰੰਤੂ ਕੋਲੰਬੋ ਪਹੁੰਚਣ ਤੇ ਅੰਗਰੇਜ਼ ਸਰਕਾਰ ਨੇ ਪੰਜਾਬ ਜਾਣ ਦੀ ਇਜਾਜ਼ਤ ਨਾ ਦਿੱਤੀ। ਇਹ ਜੋੜੀ ਫਰਾਂਸ ਦੇ ਸ਼ਹਿਰ ਪੈਰਿਸ ਵਿਚ ਰਹਿਣ ਲਗੀ ਅਤੇ ਮਾਯੂਸੀ ਦੀ ਹਾਲਤ ਵਿਚ ਵਿਕਟਰ ਦੀ 1918 ਵਿਚ ਮੌਤ ਹੋ ਗਈ। ਉਸ ਦੀ ਕਬਰ ਮੋਨਾਕੋ ਦੀ ਰਾਜਧਾਨੀ ਮੋਂਟ ਕਾਰਲੋ ਵਿਚ ਮਿਲਦੀ ਹੈ ਕਿਉਂਕਿ ਉਹ ਜੂਆ ਖੇਡਣ ਦਾ ਆਦੀ ਸੀ ਅਤੇ ਇਹ ਸ਼ਹਿਰ ਜੂਆਰੀਆਂ ਦਾ ਅੱਡਾ ਮੰਨਿਆ ਜਾਂਦਾ ਹੈ। ਉਸਦੀ ਘਰਵਾਲੀ ਬਾਰੇ ਕੋਈ ਪਤਾ ਨਹੀਂ ਚੱਲਿਆ।

ਫਰੈਡਰਿਕ ਦਲੀਪ ਸਿੰਘ ਮਹਾਰਾਜੇ ਦਾ ਦੂਜਾ ਪੁੱਤਰ ਸੀ ਜੋ ਪੜ੍ਹਾਈ ਵਿਚ ਹੁਸ਼ਿਆਰ ਸੀ ਅਤੇ ਕੈਂਬਰਿਜ਼ ਯੂਨੀਵਰਸਿਟੀ ਤੋਂ ਹਿਸਟਰੀ ਦੀ ਐਮ.ਏ. ਕਰਕੇ ਇਤਿਹਾਸਕ ਵਸਤਾਂ ਦੀ ਖੋਜ ਕਰਨ ਵਿਚ ਰੁੱਝਾ ਰਿਹਾ। ਕੁੱਝ ਦਿਨ ਉਸਨੇ ਵੀ ਫੌਜ ਦੀ ਨੌਕਰੀ ਕੀਤੀ ਅਤੇ ਦੂਜੇ ਵਿਸ਼ਵ ਯੁੱਧ ਵਿਚ ਫਰਾਂਸ ਜਾ ਕੇ ਜਰਮਨੀ ਵਿਰੁੱਧ ਲੜਿਆ। ਉਸਦਾ ਸੁਭਾਅ ਨੇਕ ਸੀ ਅਤੇ ਉਹ ਹਰ ਕਿਸੇ ਦੀ ਮਦਦ ਕਰਦਾ। ਆਪਣੇ ਬਾਪ ਅਤੇ ਸਿੱਖ ਰਾਜ ਦੀਆਂ ਅਖੀਰੀ ਨਿਸ਼ਾਨੀਆਂ ਦੀ ਭਾਲ ਵਿਚ ਉਸਨੇ ਕਈ ਸਾਲ ਗੁਜ਼ਾਰੇ। ਉਸ ਨੂੰ ਘੋੜ ਸਵਾਰੀ ਅਤੇ ਰਾਗ ਵਿਦਿਆ ਵਿਚ



Academy of the Punjab in North America: http://www.apnaorg.com

ਮੁਹਾਰਤ ਹਾਸਲ ਸੀ। ਉਸਨੇ ਆਪਣੇ ਪਿੰਡ ਥੈਟਫੋਰਡ ਵਿਚ ਇਕ ਪੁਰਾਣਾ ਆਲੀਸ਼ਾਨ ਘਰ ਖਰੀਦ ਕੇ ਆਪਣੀਆਂ ਕੀਮਤੀ ਸੁਗਾਤਾਂ ਇਸ ਮਿਊਜ਼ੀਅਮ ਨੂੰ ਦਾਨ ਕਰ ਦਿੱਤੀਆਂ। ਸਿੱਖ ਰਾਜ ਦੇ ਆਖਰੀ ਵਾਰਸਾਂ ਦੀਆਂ ਯਾਦਾਂ ਇਸ ਮਿਊਜ਼ੀਅਮ ਵਿਚ ਵੇਖੀਆਂ ਜਾ ਸਕਦੀਆਂ ਹਨ ਅਤੇ ਕੁੱਝ ਲਾਹੌਰ ਦੇ ਮਿਊਜ਼ੀਅਮ ਵਿਚ ਜੋ ਸ਼ਾਹੀ ਕਿਲੇ ਅੰਦਰ ਮੌਜੂਦ ਹਨ।

ਸ਼ਹਿਜ਼ਾਦਾ ਐਲਬਰਟ ਐਡਵਰਡ ਦਲੀਪ ਸਿੰਘ ਸਭ ਤੋਂ ਛੋਟਾ ਪੁੱਤਰ ਸੀ ਜੋ 1880 ਈ: ਵਿਚ ਪੈਦਾ ਹੋਇਆ। ਉਸਦੀ ਸਿਹਤ ਖਰਾਬ ਰਹਿੰਦੀ ਅਤੇ ਮਾਂ ਪਿਉ ਦੇ ਸਾਏ ਤੋਂ ਸੱਖਣਾ ਉਹ ਕੋਮਲ ਫੁੱਲ ਵਾਂਗ ਮੁਰਝਾਉਣ ਲੱਗ ਪਿਆ। ਅਪਰੈਲ 1893 ਵਿਚ ਜਦੋਂ ਉਹ ਤੇਰਾਂ ਵਰ੍ਹਿਆਂ ਦਾ ਸੀ ਤਾਂ ਮੌਤ ਹੋ ਗਈ। ਦਲੀਪ ਸਿੰਘ ਬੀਮਾਰ ਪੁੱਤਰ ਨੂੰ ਮਿਲਣ ਇੰਗਲੈਂਡ ਆਇਆ ਅਤੇ ਭੁੱਬਾਂ ਮਾਰ ਕੇ ਰੋਇਆ। ਮਾਂ ਮਹਿਟਰ ਪੁੱਤਰ ਹਫਤੇ ਬਾਅਦ ਹੀ ਸਵਾਸ ਪੂਰੇ ਕਰ ਗਿਆ ਅਤੇ ਦਲੀਪ ਸਿੰਘ ਪੈਰਿਸ ਜਾ ਚੁੱਕਾ ਸੀ ਕਿਉਂਕਿ ਉਹ ਤਾਂ ਇੰਗਲੈਂਡ ਰਹਿਣ ਨੂੰ ਨਫ਼ਰਤ ਕਰਦਾ ਸੀ।

ਮਹਾਰਾਜਾ ਦਲੀਪ ਸਿੰਘ ਦੀਆਂ ਤਿੰਨ ਧੀਆਂ ਸਨ ਅਤੇ ਸਭ ਤੋਂ ਵੱਡੀ ਬਾਂਬਾ ਦਲੀਪ ਸਿੰਘ ਆਪਣੇ ਬਾਪ ਵਾਂਗ ਬਾਗੀ ਸੁਭਾਅ ਦੀ ਹੋਣ ਕਰਕੇ ਸਿੱਖ ਰਾਜ ਦੇ ਸੁਪਨੇ ਸਾਕਾਰ ਕਰਨਾ ਚਾਹੁੰਦੀ ਸੀ। ਦੱਸਿਆ ਜਾਂਦਾ ਹੈ ਕਿ ਉਸਨੇ ਸਿੱਖ ਘਰਾਣੇ ਵਿਚ ਸ਼ਾਦੀ ਕਰਨ ਦਾ ਮਨ ਬਣਾ ਲਿਆ ਪ੍ਰੰਤੂ ਸਾਡੇ ਸਿੱਖ ਸਰਦਾਰ ਤਾਂ ਅੰਗਰੇਜ਼ਾਂ ਦੇ ਪਿੱਠੂ ਬਣ ਬੈਠੇ ਸਨ। ਉਹ ਯਰਕ ਗਏ ਅਤੇ ਸ਼ਹਿਜ਼ਾਦੀ ਨਿਰਾਸ਼ ਹੋ ਗਈ। ਉਸ ਨੇ 46 ਸਾਲ ਦੀ ਉਮਰ ਵਿਚ ਲਾਹੌਰ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਨਾਲ ਸ਼ਾਦੀ ਕਰ ਲਈ ਅਤੇ ਜੇਲ੍ਹ ਰੋਡ 'ਤੇ ਕੋਠੀ ਲੈ ਕੇ ਰਹਿਣ ਲੱਗ ਪਈ। ਅੰਗਰੇਜ਼ ਬਾਂਬਾ ਨੂੰ ਸਿੱਖਾਂ ਨਾਲ ਮਿਲਣ ਤੋਂ ਰੋਕਦੇ ਸਨ ਪ੍ਰੰਤੂ ਉਹ ਕੋਈ ਪ੍ਰਵਾਹ ਨਾ ਕਰਦੀ। ਇਕ ਵਾਰ ਪੁਲੀਸ ਨੇ ਉਸ ਦੀ ਕਾਰ ਦਾ ਚਲਾਣ ਕਰਨਾ ਚਾਹਿਆ ਅਤੇ ਉਹ ਕਹਿਣ ਲੱਗੀ ਕਿ ਇਹ ਕਾਰ ਪੰਜਾਬ ਦੀ ਸ਼ਹਿਜ਼ਾਦੀ ਦੀ ਹੈ। ਇਸ ਦਾ ਚਲਾਣ ਨਹੀਂ ਹੋ ਸਕਦਾ ਕਿਉਂਕਿ ਇੰਗਲੈਂਡ ਦੇ ਸ਼ਾਹੀ ਘਰਾਣੇ ਦਾ ਕੋਈ ਚਲਾਣ ਨਹੀਂ ਕਰ ਸਕਦਾ।

ਬਾਂਬਾ ਦਲੀਪ ਸਿੰਘ ਨੇ ਇੰਗਲੈਂਡ ਨੂੰ ਅਲਵਿਦਾ ਕਹੀ ਅਤੇ 1948 ਵਿਚ ਲਾਹੌਰ ਡੇਰੇ ਲਾ ਲਏ। ਉਹ ਪੰਜਾਬ ਦੀ ਵੰਡ ਦੇ ਵਿਰੁੱਧ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਪੰਜਾਬ ਨੂੰ ਹੀ ਅਸਲੀ ਪੰਜਾਬ ਸਮਝਦੀ ਸੀ। ਲਾਹੌਰ ਉਸ ਦੇ ਪੁਰਖਿਆਂ ਦੀ ਰਾਜਧਾਨੀ ਸੀ। ਇਸਦੀਆਂ ਗਲੀਆਂ ਵਿਚ ਉਹ ਸਿੱਖ ਸ਼ਹਿਜਾਦੀ ਬਣ ਕੇ ਘੁੰਮਦੀ ਅਤੇ ਰਾਹਤ ਮਹਿਸੂਸ ਕਰਦੀ। ਉਸ ਨੇ ਆਪਣੀ ਭੈਣ ਸੋਫੀਆ ਦੀ ਅਖੀਰਲੀ ਇੱਛਾ ਪੂਰੀ ਕਰਨ ਲਈ ਉਸ ਦੀਆਂ ਅਸਥੀਆਂ ਲਾਹੌਰ ਲਿਆ ਕੇ ਦੱਬੀਆਂ ਜਿੱਥੇ ਰਣਜੀਤ ਸਿੰਘ ਦੀ ਸਮਾਧ ਹੈ। ਆਪਣੀਆਂ ਕੀਮਤੀ ਸੁਗਾਤਾਂ ਲਾਹੌਰ ਦੇ ਸ਼ਾਹੀ ਕਿਲ੍ਹੇ ਅੰਦਰ ਬਣੇ ਮਿਊਜ਼ੀਅਮ ਨੂੰ ਸੌਂਪ ਕੇ ਬਾਂਬਾ ਦਲੀਪ ਸਿੰਘ ਲਾਹੌਰ ਵਿਚ



Academy of the Punjab in North America: http://www.apnaorg.com

ਹੀ ਪ੍ਰਾਣ ਤਿਆਗ ਗਈ। ਉਸਦੀ ਮੌਤ 10 ਮਾਰਚ 1957 ਨੂੰ ਹੋਈ। ਉਸ ਦੀ ਕਬਰ ਲਾਹੌਰ ਵਿਚ ਬਣਾਈ ਗਈ ਹੈ। ਉਹ ਇਕ ਵਾਰ ਮਾਸਟਰ ਤਾਰਾ ਸਿੰਘ ਦੇ ਸੱਦੇ ਉੱਪਰ ਪੰਜਾਬ ਦਾ ਦੌਰਾ ਕਰਨ ਆਈ ਪ੍ਰੰਤੂ ਉਸਦਾ ਮੋਹ ਲਾਹੌਰ ਨਾਲ ਹੀ ਰਿਹਾ।

ਮਹਾਰਾਜੇ ਦੀਆਂ ਦੋ ਹੋਰ ਧੀਆਂ ਸਨ। ਕੈਥਰੀਨ ਦਲੀਪ ਸਿੰਘ ਨੇ ਸ਼ਾਦੀ ਨਹੀਂ ਕੀਤੀ ਸੀ। ਪ੍ਰੰਤੂ ਉਹ ਯੂਰਪ ਦੀਆਂ ਸਭ ਤੋਂ ਹੁਸੀਨ ਸ਼ਹਿਜ਼ਾਦੀਆਂ ਵਿਚ ਗਿਣੀ ਜਾਂਦੀ ਸੀ। 1903 ਵਿਚ ਉਹ ਪੰਜਾਬ ਦੇ ਦੌਰੇ 'ਤੇ ਆਈ ਅਤੇ ਆਪਣੇ ਪੁਰਖਿਆਂ ਦੀਆਂ ਯਾਦਾਂ ਤਾਜ਼ਾ ਕਰਨ ਲਈ ਪੰਜਾਬ ਦੇ ਕਈ ਸ਼ਹਿਰਾਂ ਦਾ ਦੌਰਾ ਕੀਤਾ। ਗੋਲਡਨ ਟੈਂਪਲ ਦੀ ਦੀਵਾਲੀ ਵੇਖ ਕੇ ਪ੍ਰਸੰਨ ਹੋਈ। ਰਿਆਸਤਾਂ ਦੇ ਸਿੱਖ ਰਾਜਿਆਂ ਨਾਲ ਮੁਲਾਕਾਤ ਕਰਕੇ ਉਹ 1904 ਵਿਚ ਇੰਗਲੈਂਡ ਪਰਤ ਗਈ। ਇਕ ਵਾਰ ਦੋਵੇਂ ਭੈਣਾਂ ਫਿਰ ਪੰਜਾਬ ਪਰਤੀਆਂ। ਲਾਹੌਰ ਦੀਆਂ ਗਲੀਆਂ ਵਿਚ ਲੋਕਾਂ ਦਾ ਹਜ਼ੂਮ ਵੇਖਣ ਆ ਗਿਆ ਕਿ ਮਹਾਰਾਜਾ ਦਲੀਪ ਸਿੰਘ ਦੀਆਂ ਸ਼ਹਿਜ਼ਾਦੀਆਂ ਆਈਆਂ ਹਨ। ਅੰਗਰੇਜ਼ ਸਰਕਾਰ ਘਬਰਾ ਗਈ ਅਤੇ ਦੋਹਾਂ ਭੈਣਾਂ ਨੂੰ ਇੰਗਲੈਂਡ ਪਰਤ ਜਾਣ ਲਈ ਮਜ਼ਬੂਰ ਹੋਣਾ ਪਿਆ।

ਮਹਾਰਾਜੇ ਦੀ ਸਭ ਤੋਂ ਛੋਟੀ ਧੀ ਸੋਫੀਆ ਦਲੀਪ ਸਿੰਘ ਵੀ ਬਾਗੀ ਸੁਭਾਅ ਦੀ ਸ਼ਹਿਜ਼ਾਦੀ ਸੀ। ਉਸਨੇ ਸਾਰੀ ਉਮਰ ਸ਼ਾਦੀ ਨਾ ਕਰਵਾਈ ਅਤੇ ਔਰਤਾਂ ਦੇ ਹੱਕਾਂ ਲਈ ਜੂਝਦੀ ਰਹੀ। ਯੂਰਪ ਵਿਚ ਔਰਤ ਨੂੰ ਵੋਟ ਦੇਣ ਦਾ ਹੱਕ ਪ੍ਰਾਪਤ ਨਹੀਂ ਸੀ ਜਿਸ ਲਈ ਸ਼ਹਿਜ਼ਾਦੀ ਨੇ ਮੋਰਚਾ ਲਗਾ ਦਿੱਤਾ ਅਤੇ ਦਸ ਹਜ਼ਾਰ ਔਰਤਾਂ ਦੀ ਅਗਵਾਈ ਕਰਕੇ ਲੰਡਨ ਵਿਚ ਜਲੂਸ ਕੱਢਿਆ। ਮਹਾਰਾਜੇ ਦੇ ਪੁੱਤਰਾਂ ਨਾਲੋਂ ਉਸਦੀਆਂ ਧੀਆਂ ਵਧੇਰੇ ਵਫਾਦਾਰ ਸਿੱਧ ਹੋਈਆਂ। ਪਹਿਲੇ ਵਿਸ਼ਵ ਯੁੱਧ ਦੌਰਾਨ ਸੋਫੀਆ ਹਸਪਤਾਲਾਂ ਵਿਚ ਜਾ ਕੇ ਸਿੱਖ ਫੌਜੀਆਂ ਨੂੰ ਮਿਲਦੀ। ਆਪਣੀ ਜਾਣ ਪਹਿਚਾਣ ਕਰਵਾਂਦੀ ਅਤੇ ਕਹਿੰਦੀ ਕਿ ਮੈਂ ਤੁਹਾਡੇ ਰਣਜੀਤ ਸਿੰਘ ਦੀ ਪੋਤਰੀ ਹਾਂ। ਕਈ ਫੌਜੀਆਂ ਨੇ ਇਹ ਵਾਕਿਆ ਪੰਜਾਬ ਪਰਤ ਕੇ ਸਾਥੀਆਂ ਨੂੰ ਦੱਸਿਆ।

ਮਹਾਰਾਜੇ ਦੀ ਦੂਜੀ ਸ਼ਾਦੀ ਵਿਚੋਂ ਦੋ ਧੀਆਂ ਸਨ। ਉਨ੍ਹਾਂ ਦੀ ਵੀ ਕੋਈ ਔਲਾਦ ਨਹੀਂ ਮਿਲਦੀ। ਅੱਠ ਬੱਚਿਆਂ ਵਿਚੋਂ ਕੋਈ ਹੁਣ ਜਿਉਂਦਾ ਨਹੀਂ ਅਤੇ ਨਾ ਹੀ ਕੋਈ ਔਲਾਦ ਜਾਂ ਵਾਲੀ-ਵਾਰਸ ਹੀ ਮਿਲਦਾ ਹੈ। ਕੀ ਇਹ ਉਸ ਸਰਾਪ ਕਰਕੇ ਹੈ ਜੋ ਮਹਾਰਾਜਾ ਰਣਜੀਤ ਸਿੰਘ ਬਾਰੇ ਦੰਦ ਕਥਾ ਪ੍ਰਚੱਲਤ ਹੈ: ਮਹਾਰਾਜੇ ਨੇ ਗੁਰੂ ਗੋਬਿੰਦ ਸਿੰਘ ਦੀ ਯਾਦ ਕਾਇਮ ਕੀਤੀ ਜਿਸ ਕਰਕੇ ਉਸਦਾ ਖਾਨਦਾਨ ਹੀ ਤਬਾਹ ਹੋ ਗਿਆ ?



Academy of the Punjab in North America: http://www.apnaorg.com

# 7.

# ਖਾਲਸਾ ਕਾਲਜ ਅੰਮ੍ਰਿਤਸਰ ਕਿਵੇਂ ਹੋਂਦ ਵਿਚ ਆਇਆ ?

ਖ਼ਾਲਸਾ ਰਾਜ ਦਾ ਸੂਰਜ ਅਸਤ ਹੋਣ ਦੀ ਦੇਰ ਸੀ ਕਿ ਅੰਗਰੇਜ਼ੀ ਹਕੂਮਤ ਨੇ 1849 ਵਿਚ ਪੰਜਾਬ ਨੂੰ ਅਪਣੇ ਕਬਜ਼ੇ ਹੇਠ ਲੈ ਲਿਆ। ਸ਼ੇਰੇ ਪੰਜਾਬ ਨੇ ਖ਼ਾਲਸਾ ਫ਼ੌਜ ਦੀ ਬਿਹਤਰ ਸਿਖਲਾਈ ਲਈ ਯੂਰਪੀਨ ਜਰਨੈਲ ਭਰਤੀ ਕਰ ਰੱਖੇ ਸਨ ਪਰੰਤੂ ਵਿਦਿਆ ਦੇ ਖੇਤਰ ਵਿਚ ਪੰਜਾਬ ਬਾਕੀ ਸੂਬਿਆਂ ਨਾਲੋਂ ਪਛੜਿਆ ਹੀ ਰਿਹਾ। ਸ਼ੇਰੇ ਪੰਜਾਬ ਆਪ ਵੀ ਅਨਪੜ੍ਹ ਸੀ ਅਤੇ ਉਹ ਯੂਰਪੀਨ ਅਫ਼ਸਰਾਂ ਦੀ ਸਲਾਹ ਨਾਲ ਯੂਰਪੀਨ ਵਿਦਿਆ ਦਾ ਪ੍ਰਬੰਧ ਨਾ ਕਰ ਸਕਿਆ। 1850 ਤਕ ਪੰਜਾਬ ਭਰ ਵਿਚ ਕੋਈ ਸਕੂਲ ਅਤੇ ਕਾਲਜ ਨਹੀਂ ਸੀ ਜਿਥੇ ਅੰਗਰੇਜ਼ੀ ਅਤੇ ਵਿਗਿਆਨ ਦੀ ਸਿਖਿਆ ਦਿਤੀ ਜਾਂਦੀ। ਸਿੱਖ ਬੱਚਿਆਂ ਲਈ ਗੁਰਮੁਖੀ ਲਿਪੀ ਵਿਚ ਪੰਜਾਬੀ, ਗੁਰਦਵਾਰਿਆਂ ਵਿਚ ਪੜ੍ਹਾਈ ਜਾਂਦੀ ਸੀ। ਸੰਸਕ੍ਰਿਤ ਦੀ ਪੜ੍ਹਾਈ ਲਈ ਪਾਠਸ਼ਾਲਾ ਅਤੇ ਚਾਟਸ਼ਾਲਾ ਮੌਜੂਦ ਸਨ। ਫ਼ਾਰਸੀ ਅਤੇ ਅਰਬੀ ਦੀ ਪੜ੍ਹਾਈ ਮਕਤਬ ਵਿਚ ਮੌਲਵੀ ਕਰਾਉਂਦੇ ਸਨ ਅਤੇ ਉਚੇਰੀ ਸਿਖਿਆ ਲਈ ਮਦਰੱਸੇ ਖੋਹਲੇ ਹੋਏ ਸਨ ਜਿਥੇ ਹਰ ਮਜ਼ਹਬ ਦੇ ਬੱਚੇ ਦਾਖ਼ਲ ਹੋ ਸਕਦੇ ਸਨ। ਖ਼ਾਲਸਾ ਦਰਬਾਰ ਦੀ ਰਾਜ ਭਾਸ਼ਾ ਪੰਜਾਬੀ ਨਹੀਂ ਬਲਕਿ ਫ਼ਾਰਸੀ ਹੀ ਰਹੀ ਜਿਸ ਕਰ ਕੇ ਸਰਕਾਰੀ ਨੌਕਰੀਆਂ ਲਈ ਫ਼ਾਰਸੀ ਦਾ ਇਲਮ ਜ਼ਰੂਰੀ ਸਮਝਿਆ ਜਾਂਦਾ ਰਿਹਾ। ਕੰਵਰ ਨੌਨਿਹਾਲ ਸਿੰਘ ਦੀ ਉਚੇਰੀ ਸਿਖਿਆ ਲਾਹੌਰ ਦੇ ਮੰਨੇ ਪਰਮੰਨੇ ਉਸਤਾਦ ਅਖਾਵੰਦ ਅਲੀ ਦੀ ਨਿਗਰਾਨੀ ਹੇਠ ਹੋਈ। ਮਹਾਰਾਜਾ ਸ਼ੇਰ ਸਿੰਘ ਨੇ ਫਰਾਂਸੀਸੀ ਜਰਨੈਲਾਂ ਦੀ ਮਦਦ ਨਾਲ ਵਿਗਿਆਨ ਅਤੇ ਯੂਰਪੀਨ ਭਾਸ਼ਾਵਾਂ ਦਾ ਗਿਆਨ ਹਾਸਲ ਕੀਤਾ। ਜਦੋਂ ਕੁਝ ਪਾਦਰੀ ਅੰਗਰੇਜ਼ੀ ਸਕੂਲ ਸ਼ੁਰੂ ਕਰਨ ਦੀ ਰਾਏ ਲੈ ਕੇ ਪੇਸ਼ ਹੋਏ ਤਾਂ ਸ਼ੇਰੇ ਪੰਜਾਬ ਨੇ ਬਾਈਬਲ ਪੜ੍ਹਨ ਤੇ ਰੋਕ ਲਾ ਦਿਤੀ ਅਤੇ ਮਾਮਲਾ ਠੱਪ ਹੋ ਗਿਆ।

ਅੰਗਰੇਜ਼ੀ ਹਕੂਮਤ ਨੇ 1851 ਵਿਚ ਅੰਮ੍ਰਿਤਸਰ ਵਿਖੇ ਸਰਕਾਰੀ ਹਾਈ ਸਕੂਲ ਕਾਇਮ ਕੀਤਾ ਜੋ ਟਾਊਨ ਹਾਲ ਦੇ ਕੋਲ ਸਾਰਾਗੜ੍ਹੀ ਹਾਈ ਸਕੂਲ ਕਰ ਕੇ ਜਾਣਿਆ ਜਾਂਦਾ ਹੈ। 1864 ਈ: ਵਿਚ ਗੌਰਮਿੰਟ ਕਾਲਜ ਲਾਹੌਰ ਸ਼ੁਰੂ ਕੀਤਾ ਗਿਆ ਅਤੇ 1882 ਈ: ਵਿਚ ਪੰਜਾਬ ਯੂਨੀਵਰਸਿਟੀ ਦੀ ਸਥਾਪਨਾ ਹੋਈ। ਪੂਰਬੀ ਭਾਸ਼ਾਵਾਂ ਦੀ ਉਚੇਰੀ ਸਿਖਿਆ ਲਈ ਲਾਹੌਰ ਵਿਚ ਓਰੀਐਂਟਲ ਕਾਲਜ ਖੋਲ੍ਹਿਆ ਗਿਆ ਅਤੇ ਪ੍ਰੋ: ਗੁਰਮੁਖ ਸਿੰਘ ਪੰਜਾਬੀ ਦੇ ਪਹਿਲੇ



Academy of the Punjab in North America: http://www.apnaorg.com

ਅਧਿਆਪਕ ਨਿਯੁਕਤ ਹੋਏ। ਪੰਜਾਬ ਵਿਚ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਪ੍ਰੋ: ਗੁਰਮੁੱਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਇਸੇ ਕਾਲਜ ਵਿਚ ਪੰਜਾਬੀ ਪੜ੍ਹਾਉਂਦੇ ਸਨ। ਆਰੀਆ ਸਮਾਜ ਅਤੇ ਅਹਿਮਦੀਆ ਲਹਿਰ ਦਾ ਵੀ ਪੰਜਾਬ ਵਿਚ ਬੋਲਬਾਲਾ ਸੀ। ਆਰੀਆ ਸਮਾਜੀਆਂ ਨੇ ਲਾਹੌਰ ਵਿਚ ਡੀ.ਏ.ਵੀ. ਸਕੂਲ ਕਾਇਮ ਕੀਤਾ ਜੋ 1889 ਈ: ਵਿਚ ਕਾਲਜ ਬਣ ਗਿਆ। ਸਿੰਘ ਸਭਾ ਲਾਹੌਰ ਨੇ ਧਾਰਮਕ ਪ੍ਰਚਾਰ ਦੇ ਨਾਲ ਨਾਲ ਸਿੱਖਾਂ ਵਿਚ ਵਿਦਿਆ ਪ੍ਰਾਪਤੀ ਲਈ ਲਹਿਰ ਵੀ ਚਲਾ ਦਿਤੀ। ਪ੍ਰੋ. ਗੁਰਮੁਖ ਸਿੰਘ ਇਸ ਲਹਿਰ ਦੇ ਮੋਢੀ ਹੋ ਨਿਬੜੇ। ਸਿੱਖਾਂ ਲਈ ਉਚੇਰੀ ਸਿਖਿਆ ਦੇ ਨਾਲ ਨਾਲ ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਦੀ ਜਾਣਕਾਰੀ ਲਈ ਇਕ ਕਾਲਜ ਖੋਲ੍ਹਣ ਦੀ ਤਜਵੀਜ਼ 1887 ਈ: ਵਿਚ ਘੜੀ ਗਈ ਅਤੇ 1890 ਈ: ਵਿਚ ਖ਼ਾਲਸਾ ਕਾਲਜ ਸਥਾਪਨਾ ਕਮੇਟੀ ਕਾਇਮ ਕੀਤੀ ਗਈ। ਇਸ ਕਮੇਟੀ ਦੇ 121 ਮੈਂਬਰ ਸਨ ਅਤੇ ਪੰਜਾਬ ਦਾ ਡੀ.ਪੀ.ਆਈ ਇਸ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਦੇ ਉਘੇ ਸਿੱਖ ਮੈਂਬਰ ਸਰਦਾਰ ਅਤਰ ਸਿੰਘ ਭਦੌੜ, ਗੁਰਦਿਆਲ ਸਿੰਘ ਨਾਭਾ, ਦੀਵਾਨ ਗੁਰਮੁਖ ਸਿੰਘ ਪਟਿਆਲਾ, ਭਾਈ ਕਾਹਨ ਸਿੰਘ ਨਾਭਾ ਅਤੇ ਪ੍ਰੋ: ਗੁਰਮੁਖ ਸਿੰਘ ਲਾਹੌਰ ਸਨ। ਕਮੇਟੀ ਨੇ ਸਿੱਖ ਰਾਜਿਆਂ ਤੋਂ ਸਹਾਇਤਾ ਮੰਗੀ ਅਤੇ ਮਹਾਰਾਜਾ ਰਾਜਿੰਦਰ ਸਿੰਘ ਪਟਿਆਲਾ, ਮਹਾਰਾਜਾ ਹੀਰਾ ਸਿੰਘ ਨਾਭਾ ਅਤੇ ਮਹਾਰਾਜਾ ਜਗਤਜੀਤ ਸਿੰਘ ਕਪੂਰਥਲਾ ਇਸ ਦੇ ਮੁੱਖ ਦਾਨ ਪਾਤਰ ਹੋ ਨਿਬੜੇ।

ਅਜੇ ਕਮੇਟੀ ਨੇ ਕੰਮ ਸ਼ੁਰੂ ਹੀ ਕੀਤਾ ਸੀ ਕਿ ਖ਼ਾਲਸਾ ਕਾਲਜ ਦੀ ਸਥਾਪਨਾ ਬਾਰੇ ਇਕ ਵਿਵਾਦ ਖੜਾ ਹੋ ਗਿਆ। ਕਮੇਟੀ ਦੋ ਧੜਿਆਂ ਵਿਚ ਵੰਡੀ ਗਈ। ਖਾਲਸਾ ਦੀਵਾਨ ਲਾਹੌਰ ਅਤੇ ਅੰਗਰੇਜ਼ ਅਫ਼ਸਰ ਚਾਹੁੰਦੇ ਸਨ ਕਿ ਖ਼ਾਲਸਾ ਕਾਲਜ ਲਾਹੌਰ ਵਿਖੇ ਕਾਇਮ ਕੀਤਾ ਜਾਵੇ ਜਦਕਿ ਚੀਫ਼ ਖ਼ਾਲਸਾ ਦੀਵਾਨ ਅਤੇ ਪੰਜਾਬ ਦਾ ਗਵਰਨਰ ਇਸ ਨੂੰ ਅੰਮ੍ਰਿਤਸਰ ਵਿਖੇ ਸਥਾਪਤ ਕਰਨ ਦੇ ਹੱਕ ਵਿਚ ਸਨ। ਇਸ ਝਗੜੇ ਦਾ ਫ਼ੈਸਲਾ ਇਕ ਦਿਲਚਸਪ ਕਹਾਣੀ ਨਾਲ ਜੁੜਿਆ ਹੋਇਆ ਹੈ। ਕੁਝ ਆਰੀਆ ਸਮਾਜੀ ਸਿੱਖਾਂ ਨੇ ਭਗਤ ਲਕਸ਼ਮਨ ਸਿੰਘ ਦੀ ਅਪੀਲ ਮੰਨ ਕੇ ਪੰਜਾਬ ਦੇ ਕੋਨੇ ਕੋਨੇ ਵਿਚ ਅੰਮ੍ਰਿਤਸਰ ਦੇ ਹੱਕ ਵਿਚ ਸਿੱਖਾਂ ਦੇ ਦਸਤਖ਼ਤ ਕਰਵਾਣੇ ਸ਼ੁਰੂ ਕਰ ਦਿਤੇ। ਇਸ ਮੁਹਿੰਮ ਸਦਕਾ ਲਗਭਗ ਸੰਤਾਲੀ ਹਜ਼ਾਰ ਸਿੱਖਾਂ ਨੇ ਖ਼ਾਲਸਾ ਕਾਲਜ ਗੁਰੂ ਦੀ ਨਗਰੀ (ਅੰਮ੍ਰਿਤਸਰ) ਵਿਚ ਕਾਇਮ ਕਰਨ ਲਈ ਅਪੀਲ ਤੇ ਦਸਤਖਤ ਕੀਤੇ। ਦੋ ਹਜ਼ਾਰ ਫ਼ੁੱਟ ਲੰਬਾਈ ਦਾ ਇਹ ਰੋਲ ਇਕ ਰੇਸ਼ਮੀ ਚੱਦਰ ਵਿਚ ਲਪੇਟ ਕੇ, ਸੁੰਦਰ ਪਾਲਕੀ ਵਿਚ ਰਖ ਕੇ ਜਲੂਸ ਦੀ ਸ਼ਕਲ ਵਿਚ ਪੰਜਾਬ ਗਵਰਨਰ ਦੀ ਕੋਠੀ ਜਾ ਕੇ ਭੇਂਟ ਕੀਤਾ ਗਿਆ। ਸਰ ਜੇਮਜ਼ ਲਾਇਲ ਪਹਿਲਾਂ ਹੀ ਅੰਮ੍ਰਿਤਸਰ-ਪੱਖੀ ਸਨ। ਜਦੋਂ ਇਸ ਅਪੀਲ ਤੇ ਗ਼ੌਰ ਕੀਤਾ ਗਿਆ ਤਾਂ ਖ਼ਾਲਸਾ ਕਾਲਜ ਦੀ ਸਥਾਪਨਾ ਦਾ ਫ਼ੈਸਲਾ ਅੰਮ੍ਰਿਤਸਰ ਦੇ ਹੱਕ ਵਿਚ ਹੋ ਗਿਆ।

ਅੰਗਰੇਜ਼ ਸਰਕਾਰ ਦੀ ਇੱਛਾ ਸੀ ਕਿ ਖ਼ਾਲਸਾ ਕਾਲਜ ਸ਼ਹਿਰ ਦੇ ਨਜ਼ਦੀਕ ਰਾਮ ਬਾਗ਼ ਦੇ ਗਰਾਊਂਡ ਵਿਚ ਸਥਾਪਿਤ ਕੀਤਾ ਜਾਵੇ ਪਰੰਤੂ ਇਸ ਦੇ ਉਲਟ ਰਾਏ ਜ਼ੋਰ ਪਕੜ ਗਈ ਅਤੇ



Academy of the Punjab in North America: http://www.apnaorg.com

ਖ਼ਾਲਸਾ ਕਾਲਜ ਸ਼ਹਿਰ ਤੋਂ ਤਿੰਨ ਮੀਲ ਦੀ ਦੂਰੀ ਤੇ ਕੋਟ ਖ਼ਾਲਸਾ ਦੀ ਜ਼ਮੀਨ ਖਰੀਦ ਕੇ ਕਾਇਮ ਕੀਤਾ ਗਿਆ। 5 ਮਾਰਚ 1892 ਨੂੰ ਪੰਜਾਬ ਦੇ ਗਵਰਨਰ ਨੇ ਖ਼ਾਲਸਾ ਕਾਲਜ ਦਾ ਨੀਂਹ ਪੱਥਰ ਰਖਿਆ ਅਤੇ ਪੰਜਾਬ ਦੇ ਪ੍ਰਸਿੱਧ ਆਰਕੀਟੈਕਟ ਰਾਮ ਸਿੰਘ ਨੇ ਇਸ ਦੀ ਇਮਾਰਤ ਦਾ ਨਕਸ਼ਾ ਤਿਆਰ ਕੀਤਾ ਸੀ। ਦਸਿਆ ਜਾਂਦਾ ਹੈ ਕਿ ਲੰਡਨ ਦੇ ਬਕਿੰਘਮ ਮਹਿਲ ਦਾ ਡੀਜ਼ਾਇਨ ਵੀ ਰਾਮ ਸਿੰਘ ਨੇ ਹੀ ਤਿਆਰ ਕੀਤਾ ਸੀ। ਬਾਅਦ ਵਿਚ ਖ਼ਾਲਸਾ ਕਾਲਜ ਦੀ ਇਮਾਰਤ ਧਰਮ ਸਿੰਘ ਇੰਜੀਨੀਅਰ ਦੀ ਦੇਖ ਰੇਖ ਵਿਚ ਤਿਆਰ ਹੋਈ। ਅਕਤੂਬਰ 1893 ਵਿਚ ਖ਼ਾਲਸਾ ਮਿਡਲ ਸਕੂਲ ਦੀਆਂ ਜਮਾਤਾਂ ਸ਼ੁਰੂ ਹੋਈਆਂ ਅਤੇ ਤਿੰਨ ਸਾਲ ਮਗਰੋਂ ਹਾਈ ਸਕੂਲ ਸਥਾਪਤ ਹੋ ਗਿਆ। ਇਸ ਤੋਂ ਬਾਅਦ ਐਫ਼.ਏ. ਅਤੇ 1899 ਵਿਚ ਆਰਟਸ ਦੀ ਬੀ.ਏ. ਸ਼ੁਰੂ ਕੀਤੀ ਗਈ। 1905 ਵਿਚ ਸਾਇੰਸ ਦੀ ਬੀ.ਐਸ.ਸੀ. ਖੁਲ੍ਹ ਗਈ ਅਤੇ 1916 ਵਿਚ ਐਮ.ਏ. ਦੀਆਂ ਜਮਾਤਾਂ ਸ਼ੁਰੂ ਹੋ ਗਈਆਂ। ਖ਼ਾਲਸਾ ਕਾਲਜ ਦੀ ਆਲੀਸ਼ਾਨ ਇਮਾਰਤ ਵੀ ਕਈ ਸਟੇਜਾਂ ਵਿਚ ਉਸਾਰੀ ਗਈ ਅਤੇ ਲਾਹੌਰ ਤੋਂ ਬਾਅਦ ਇਹ ਪੰਜਾਬ ਦਾ ਉਘਾ ਵਿਦਿਆ ਕੇਂਦਰ ਹੋ ਨਿਬੜਿਆ।

ਖ਼ਾਲਸਾ ਕਾਲਜ ਦੀ ਸਥਾਪਨਾ ਤੋਂ ਤੁਰੰਤ ਬਾਅਦ ਅੰਗਰੇਜ਼ ਸਰਕਾਰ ਚਾਹੁੰਦੀ ਸੀ ਕਿ ਉਸ ਦੇ ਪਿੱਠੂ ਹੀ ਇਸ ਦੀ ਪ੍ਰਬੰਧਕੀ ਕਮੇਟੀ ਤੇ ਭਾਰੂ ਹੋਣ। 1902 ਵਿਚ ਪ੍ਰਿੰਸੀਪਲ ਦੀ ਨਿਯੁਕਤੀ ਬਾਰੇ ਵਿਵਾਦ ਖੜਾ ਹੋ ਗਿਆ। ਕਮੇਟੀ ਦੋ ਧੜਿਆਂ ਵਿਚ ਵੰਡੀ ਗਈ। ਅੰਗਰੇਜ਼ ਅਫ਼ਸਰ ਮਿਸਟਰ ਕੋਲ (Cole) ਨੂੰ ਪ੍ਰਿੰਸੀਪਲ ਲਾਉਣ ਦੇ ਹੱਕ ਵਿਚ ਸਨ ਜਦਕਿ ਸਿੱਖ ਧੜਾ ਕਿਸੇ ਪੜ੍ਹੇ ਲਿਖੇ ਅਤੇ ਧਾਰਮਕ ਵਿਚਾਰਾਂ ਦੇ ਸਿੱਖ ਨੂੰ ਪ੍ਰਿੰਸੀਪਲ ਨਿਯੁਕਤ ਕਰਨਾ ਲੋਚਦਾ ਸੀ। ਕਈ ਮਹੀਨੇ ਤਕਰਾਰ ਚਲਦਾ ਰਿਹਾ ਅਤੇ ਸਿੱਖਾਂ ਨੇ ਪੰਜਾਬ ਭਰ ਵਿਚ ਰੋਸ ਮੁਜ਼ਾਹਰੇ ਵੀ ਕੀਤੇ। ਅੰਗਰੇਜ਼ ਹਾਕਮਾਂ ਨੇ ਕਾਲਜ ਨੂੰ ਬੰਦ ਕਰਨ ਦੀ ਧਮਕੀ ਵੀ ਦਿਤੀ। ਸਿੱਖ ਰਾਜਿਆਂ ਨੇ ਗਰਾਂਟ ਦੇਣੀ ਬੰਦ ਕਰ ਦਿਤੀ। ਅੰਗਰੇਜ਼ ਸਰਕਾਰ ਨੇ ਕਮੇਟੀ ਦਾ ਮੁੜ ਗਠਨ ਕਰ ਦਿਤਾ ਅਤੇ ਡਿਪਟੀ ਕਮਿਸ਼ਨਰ ਨੂੰ ਪ੍ਰਧਾਨ ਥਾਪ ਕੇ ਕਾਲਜ ਪ੍ਰਿੰਸੀਪਲ ਨੂੰ ਕਮੇਟੀ ਦਾ ਸੈਕਟਰੀ ਮੁਕਰਰ ਕਰ ਦਿਤਾ। ਇਸ ਦੇ ਵਿਰੋਧ ਵਿਚ ਬਹੁਤ ਸਾਰੇ ਸਿੱਖ ਮੈਂਬਰਾਂ ਨੇ ਅਸਤੀਫ਼ੇ ਦੇ ਦਿਤੇ। ਸਰਦਾਰ ਹਰਬੰਸ ਸਿੰਘ ਅਟਾਰੀ ਅਤੇ ਸਰਦਾਰ ਸੁੰਦਰ ਸਿੰਘ ਮਜੀਠੀਆ ਸਿੱਖਾਂ ਦੇ ਪ੍ਰਮੁੱਖ ਨੁਮਾਇੰਦੇ ਸਨ। ਹਰਬੰਸ ਸਿੰਘ ਤਾਂ ਅਸਤੀਫਾ ਦੇ ਕੇ ਲਾਂਭੇ ਹੋ ਗਏ ਪਰੰਤੂ ਸੁੰਦਰ ਸਿੰਘ ਮਜੀਠੀਆ ਕਮੇਟੀ ਉਪਰ ਕਾਇਮ ਰਹੇ।

ਅਜੇ ਕਮੇਟੀ ਦੇ ਪੁਨਰ ਗਠਨ ਦਾ ਰੇੜਕਾ ਮੁਕਿਆ ਹੀ ਸੀ ਕਿ ਖ਼ਾਲਸਾ ਕਾਲਜ ਦੀ ਮਾਲੀ ਹਾਲਤ ਨਿਘਰ ਗਈ। ਲਾਰਡ ਕਰਜ਼ਨ ਨਹੀਂ ਸੀ ਚਾਹੁੰਦਾ ਕਿ ਸਿੱਖਾਂ ਦਾ ਇਕੋ ਇਕ ਕਾਲਜ ਬੰਦ ਹੋ ਜਾਵੇ। ਉਸ ਨੇ ਫੂਲਕੀਆਂ ਰਿਆਸਤਾਂ ਦੇ ਰਾਜਿਆਂ ਕੋਲ ਮੱਦਦ ਲਈ ਅਪੀਲ ਕੀਤੀ। ਖ਼ਾਲਸਾ ਕਾਲਜ ਕਮੇਟੀ ਦੇ ਸੱਦੇ ਤੇ 1904 ਦੀ ਵਿਸਾਖੀ ਤੇ ਭਾਰੀ ਇਕੱਠ ਹੋਇਆ ਜਿਸ ਦੀ ਪ੍ਰਧਾਨਗੀ ਮਹਾਰਾਜਾ ਹੀਰਾ ਸਿੰਘ ਨਾਭਾ ਨੇ ਕੀਤੀ। ਇਸ ਇਕੱਠ ਵਿਚ ਸਿੰਘ



Academy of the Punjab in North America: http://www.apnaorg.com

ਸਭਾਵਾਂ ਅਤੇ ਹੋਰ ਸਿੱਖ ਜਥੇਬੰਦੀਆਂ ਨੇ ਬੜੇ ਹੀ ਨਾਟਕੀ ਢੰਗ ਨਾਲ ਮਹਾਰਾਜਾ ਹੀਰਾ ਸਿੰਘ ਅੱਗੇ ਅਪਣੇ ਚੋਲੇ ਦਾ ਪੱਲਾ ਅੱਡ ਕੇ ਦਾਨ ਲਈ ਅਪੀਲ ਕੀਤੀ। ਮਹਾਰਾਜੇ ਤੋਂ ਬਾਅਦ ਉਹ ਦਰਬਾਰੀਆਂ ਅਤੇ ਸਿੱਖ ਸੰਗਤ ਦੇ ਕੋਲ ਗਏ। ਸਿੱਖਾਂ ਨੇ ਦਿਲ ਖੋਲ੍ਹ ਕੇ ਕਾਲਜ ਦੀ ਬਿਹਤਰੀ ਲਈ ਦਾਨ ਦਿਤਾ। ਇਕ ਮਤੇ ਰਾਹੀਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਸਿੱਖ ਜ਼ਿਮੀਦਾਰਾਂ ਦੇ ਮਾਮਲੇ ਨਾਲ ਰੁਪਏ ਪਿਛੇ ਦੋ ਪੈਸੇ ਖ਼ਾਲਸਾ ਕਾਲਜ ਫ਼ੰਡ ਲਈ ਉਗਰਾਹੇ ਜਾਣ। ਸਤਿ ਸ੍ਰੀ ਅਕਾਲ ਦੇ ਨਾਹਰਿਆਂ ਨਾਲ ਇਹ ਮਤਾ ਪ੍ਰਵਾਨ ਹੋ ਗਿਆ ਅਤੇ ਖ਼ਾਲਸਾ ਕਾਲਜ ਦਾ ਮਾਲੀ ਸੰਕਟ ਹਮੇਸ਼ਾਂ ਲਈ ਹੱਲ ਹੋ ਗਿਆ।

ਖ਼ਾਲਸਾ ਕਾਲਜ ਦੇ ਉਘੇ ਪ੍ਰਿੰਸੀਪਲਾਂ ਵਿਚ ਸਰਦਾਰ ਬਿਸ਼ਨ ਸਿੰਘ, ਜੀ.ਏ. ਵਾਦਨ ਅਤੇ ਭਾਈ ਜੋਧ ਸਿੰਘ ਦਾ ਜ਼ਿਕਰ ਜ਼ਰੂਰੀ ਹੈ। ਵਾਦਨ ਸਾਹਿਬ ਵਿਦਿਆਰਥੀਆਂ ਵਿਚ ਬਹੁਤ ਹੀ ਹਰਮਨ ਪਿਆਰੇ ਸਨ ਅਤੇ ਉਹ ਸਿੱਖ ਵਿਦਿਆਰਥੀਆਂ ਨੂੰ ਸਰਕਾਰੀ ਨੌਕਰੀਆਂ ਲੱਭਣ ਵਿਚ ਮਦਦ ਕਰਦੇ ਸਨ। ਪਹਿਲੇ ਵਿਸ਼ਵ ਯੁੱਧ ਵਿਚ ਖ਼ਾਲਸਾ ਕਾਲਜ ਦੇ ਬਹੁਤ ਸਾਰੇ ਵਿਦਿਆਰਥੀ ਭਰਤੀ ਕੀਤੇ ਗਏ। ਪ੍ਰਿੰਸੀਪਲ ਵਾਦਨ ਦਾ ਅਕੀਦਾ ਸੀ ਕਿ ਖ਼ਾਲਸਾ ਕਾਲਜ ਨੂੰ ਸਿੱਖ ਯੂਨੀਵਰਸਿਟੀ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਹਿੰਦੂਆਂ ਦੀ ਬਨਾਰਸ ਹਿੰਦੂ ਯੂਨੀਵਰਸਿਟੀ ਅਤੇ ਮੁਸਲਮਾਨਾਂ ਦੀ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਕਾਇਮ ਹੋ ਚੁਕੀਆਂ ਸਨ। ਕੇਵਲ ਸਿੱਖਾਂ ਦੀ ਹੀ ਅਪਣੀ ਕੋਈ ਯੂਨੀਵਰਸਿਟੀ ਨਹੀਂ ਸੀ। ਇਸ ਮੰਤਵ ਨੂੰ ਪੂਰਾ ਕਰਨ ਲਈ ਉਹ ਸਿੱਖ ਮਹਾਰਾਜਿਆਂ ਦੀ ਰਜ਼ਾਮੰਦੀ ਵੀ ਹਾਸਲ ਕਰ ਚੁੱਕੇ ਸਨ।

ਪਹਿਲਾ ਵਿਸ਼ਵ ਯੁੱਧ ਖ਼ਤਮ ਹੋਇਆ ਤਾਂ ਪਰਿੰਸ ਆਫ਼ ਵੇਲਜ਼ ਇੰਗਲੈਂਡ ਤੋਂ ਭਾਰਤ ਦੇ ਦੌਰੇ ਤੇ ਆਇਆ। ਸਿੱਖਾਂ ਦੀ ਚੰਗੀ ਕਾਰਗੁਜ਼ਾਰੀ ਸਦਕਾ ਅੰਗਰੇਜ਼ ਸਰਕਾਰ ਖ਼ਾਲਸਾ ਕਾਲਜ ਨੂੰ ਸਿੱਖ ਯੂਨੀਵਰਸਿਟੀ ਬਨਾਉਣ ਦੇ ਹੱਕ ਵਿਚ ਸੀ। ਪ੍ਰਿੰਸ ਆਫ਼ ਵੇਲਜ਼ ਨੂੰ ਖ਼ਾਲਸਾ ਕਾਲਜ ਵਿਚ ਉਚੇਚੇ ਤੌਰ ਤੇ ਸੱਦਿਆ ਗਿਆ। ਬਾਬਾ ਖੜਕ ਸਿੰਘ ਦੀ ਅਗਵਾਈ ਵਿਚ ਸਿੱਖ ਕਾਂਗਰਸ ਦੇ ਪਿੱਠੂ ਬਣ ਚੁੱਕੇ ਸਨ ਅਤੇ ਮਹਾਤਮਾ ਗਾਂਧੀ ਦੀ ਨਾ-ਮਿਲਵਰਤਣ ਲਹਿਰ ਦੇ ਸਮਰਥਕ। ਜਦੋਂ ਪ੍ਰਿੰਸ ਆਫ਼ ਵੇਲਜ਼ ਖ਼ਾਲਸਾ ਕਾਲਜ ਪਹੁੰਚਿਆ ਤਾਂ ਕੁਝ ਸਿਰ-ਫਿਰੇ ਸਿੱਖ ਵਿਦਿਆਰਥੀਆਂ ਨੇ ਗਾਂਧੀਵਾਦੀ ਪ੍ਰੋਫੈਸਰਾਂ ਦੀ ਸ਼ਹਿ ਤੇ ਕਾਲੀਆਂ ਝੰਡੀਆਂ ਨਾਲ ਰੋਸ ਮੁਜ਼ਾਹਰਾ ਕੀਤਾ ਜਿਸ ਕਰ ਕੇ ਸਿੱਖਾਂ ਦੀ ਬਣ ਰਹੀ ਯੂਨੀਵਰਸਿਟੀ ਦਾ ਪ੍ਰੋਗਰਾਮ ਠੱਪ ਹੋ ਗਿਆ। ਭਾਵੇਂ ਖ਼ਾਲਸਾ ਕਾਲਜ ਨੇ ਸਿੱਖ ਕੌਮ ਦੀ ਰਹਿਨੁਮਾਈ ਕੀਤੀ ਹੈ ਪਰੰਤੂ ਵਿਦਿਆ ਦੇ ਖ਼ੇਤਰ ਵਿਚ ਸਿੱਖ ਯੂਨੀਵਰਸਿਟੀ ਦੀ ਅਣਹੋਂਦ ਸਦਾ ਹੀ ਇਕ ਬੱਜਰ ਭੁੱਲ ਬਣ ਕੇ ਅਖਰਦੀ ਰਹੇਗੀ। ਕੀ ਸਿੱਖ ਅਜੇ ਵੀ ਹੰਭਲਾ ਮਾਰਨ ਦੀ ਕੋਸ਼ਿਸ਼ ਕਰਨਗੇ ?

***



Academy of the Punjab in North America: http://www.apnaorg.com

# 8.

# ਵਪਾਰੀਕਰਨ ਹੋ ਰਿਹਾ ਹੈ ਸਿੱਖ ਅਧਿਆਤਮਕ ਕੇਂਦਰਾਂ ਦਾ

ਦਿੱਲੀ ਸ਼ਹਿਰ ਦੇ ਇਤਿਹਾਸਕ ਗੁਰਦਵਾਰਿਆਂ ਦੇ ਦਰਸ਼ਨ ਕਰਨ ਲਈ ਸਿੱਖ ਸੰਗਤਾਂ ਦੂਰੋਂ-ਦੂਰੋਂ ਆਉਂਦੀਆਂ ਹਨ। ਸੀਸ ਗੰਜ, ਰਕਾਬ ਗੰਜ ਅਤੇ ਬੰਗਲਾ ਸਾਹਿਬ ਸਿੱਖ ਸੰਗਤਾਂ ਲਈ ਵਧੇਰੇ ਖਿੱਚ ਦਾ ਕੇਂਦਰ ਬਣ ਚੁੱਕੇ ਹਨ।21 ਫ਼ਰਵਰੀ 2006 ਨੂੰ ਮੈਂ ਗੁਰਦਵਾਰਾ ਰਕਾਬ ਗੰਜ ਮੱਥਾ ਟੇਕਣ ਗਿਆ ਅਤੇ ਇਕ ਘੰਟੇ ਦੌਰਾਨ ਜੋ ਨਜ਼ਾਰੇ ਵੇਖੇ, ਉਹ ਸਿੱਧ ਕਰਦੇ ਹਨ ਕਿ ਸਿੱਖਾਂ ਦੇ ਗੁਰਦਵਾਰੇ ਹੁਣ ਅਧਿਆਤਮਕ ਕੇਂਦਰ ਘੱਟ ਅਤੇ ਵਪਾਰਕ ਕੇਂਦਰ ਵਧੇਰੇ ਬਣਦੇ ਜਾ ਰਹੇ ਹਨ।

ਰਕਾਬ ਗੰਜ ਗੁਰਦਵਾਰਾ ਪਾਰਲੀਮੈਂਟ ਹਾਊਸ ਦੇ ਬਿਲਕੁਲ ਨਜ਼ਦੀਕ ਹੈ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਉਪਰੰਤ ਧੜ ਦੇ ਸਸਕਾਰ ਵਾਲੀ ਜਗ੍ਹਾ 'ਤੇ ਸੁਸ਼ੋਭਿਤ ਹੈ। ਸਿੱਖਾਂ ਨੇ ਅੰਗਰੇਜ਼ੀ ਸਰਕਾਰ ਖ਼ਿਲਾਫ਼ ਜਦੋਜਹਿਦ ਕਰਕੇ ਇਸ ਗੁਰਦਵਾਰੇ ਦੀ ਪਵਿੱਤਰ ਯਾਦ ਕਾਇਮ ਰੱਖੀ ਹੈ। ਇਸ ਦੇ ਖੁਲ੍ਹੇ ਅਹਾਤੇ ਵਿਚ ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਦਫ਼ਤਰ, ਗੁਰਦਵਾਰੇ ਦੀ ਆਲੀਸ਼ਾਨ ਇਮਾਰਤ ਅਤੇ ਯਾਤਰੀਆਂ ਲਈ ਇਕ ਸਰਾਂ ਕਾਇਮ ਹੈ। ਗੁਰਦਵਾਰੇ ਦੇ ਬਾਹਰ ਲੰਘਦੀ ਸੜਕ ਕਿਨਾਰੇ ਇਕ ਖੂੰਜੇ ਉਮਰ ਮਾਸਟਰ ਤਾਰਾ ਸਿੰਘ ਦਾ ਬੁੱਤ ਲਗਾਇਆ ਗਿਆ ਹੈ।

ਸਰਦਾਰ ਤਰਲੋਚਨ ਸਿੰਘ (ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ) ਦੱਸਿਆ ਕਰਦੇ ਸਨ ਕਿ ਸਿੱਖਾਂ ਦੇ ਮਹਾਨ ਲੀਡਰ ਦਾ ਬੁੱਤ ਕਈ ਸਾਲ ਤੋਂ ਸਟੋਰਾਂ ਵਿਚ ਰੁਲ ਰਿਹਾ ਹੈ, ਇਸ ਨੂੰ ਕਿਸੇ ਯੋਗ ਟਿਕਾਣੇ 'ਤੇ ਲਗਾ ਦੇਣਾ ਚਾਹੀਦਾ ਹੈ। ਮੈਨੂੰ ਅਫ਼ਸੋਸ ਹੈ ਕਿ ਇਹ ਬੁੱਤ ਹੁਣ ਜਿਸ ਜਗ੍ਹਾ ਲਗਾਇਆ ਗਿਆ ਹੈ, ਉਸ ਤੋਂ ਇੰਜ ਪਰਤੀਤ ਹੁੰਦਾ ਹੈ ਕਿ ਮਾਸਟਰ ਜੀ ਨੂੰ ਗੁਰਦਵਾਰੇ 'ਚੋਂ ਧੱਕੇ ਮਾਰ ਕੇ ਬਾਹਰ ਕੱਢਿਆ ਗਿਆ ਹੋਵੇ। ਜੇਕਰ ਗੁਰਦਵਾਰੇ ਦੇ ਮੁੱਖ ਦੁਆਰ 'ਤੇ ਨਹੀਂ ਸੀ ਲਗਾਉਣਾ, ਕਿਸੇ ਚੌਂਕ ਵਿਚ ਲਗਾ ਦੇਣਾ ਸੀ ਤਾਂ ਕਿ ਪਬਲਿਕ ਨੂੰ ਸਿੱਖਾਂ ਦੇ ਲੀਡਰ ਦੇ ਦੀਦਾਰ ਹੁੰਦੇ ਰਹਿਣ ਜਿਵੇਂ ਕਿ ਨੇੜੇ ਹੀ ਪਟੇਲ ਚੌਂਕ ਵਿਚ ਸਰਦਾਰ ਪਟੇਲ ਦਾ ਬੁੱਤ ਸੁਸ਼ੋਭਿਤ ਹੈ।



Academy of the Punjab in North America: http://www.apnaorg.com

ਗੁਰਦਵਾਰੇ ਦੇ ਅੰਦਰ ਦਾਖਲ ਹੁੰਦਿਆਂ ਹੀ ਜੋ ਨਜ਼ਾਰਾ ਵੇਖਣ ਨੂੰ ਮਿਲਿਆ ਉਸ ਤੋਂ ਸਿੱਖਾਂ ਦੀ ਘਟੀਆ ਸਿਆਸਤ ਅਤੇ ਨਿਘਰੀ ਹੋਈ ਹਾਲਤ ਦਾ ਅੰਦਾਜ਼ਾ ਲਗ ਗਿਆ। ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਅੱਗੇ ਪੁਲਿਸ ਦੀ ਟੁਕੜੀ ਤਾਇਨਾਤ ਸੀ ਅਤੇ ਮੈਨੂੰ ਇਸ਼ਾਰੇ ਨਾਲ ਉਧਰ ਜਾਣ ਤੋਂ ਰੋਕਿਆ ਗਿਆ। ਦਫ਼ਤਰ ਨੂੰ ਤਾਲੇ ਲੱਗੇ ਹੋਏ ਸਨ। ਸਰਨਾ ਗਰੁੱਪ ਅਤੇ ਬਾਦਲ ਧੜੇ ਦੇ ਅਵਤਾਰ ਸਿੰਘ ਹਿਤ ਗਰੁੱਪ ਵਿਚ ਕਮੇਟੀ 'ਤੇ ਕਾਬਜ਼ ਹੋਣ ਲਈ ਝਗੜਾ ਜੁ ਚੱਲ ਰਿਹਾ ਸੀ। ਮੀਡੀਏ ਨੇ ਸਿੱਖਾਂ ਵਿਰੁੱਧ ਭੰਡੀ ਪ੍ਰਚਾਰ ਦੀ ਮੁਹਿੰਮ ਚਲਾ ਰੱਖੀ ਸੀ, ਜਿਸ ਕਰਕੇ ਮੈਨੂੰ ਇਹ ਨਜ਼ਾਰਾ ਓਪਰਾ ਨਾ ਲੱਗਿਆ, ਬਲਕਿ ਇਹ ਨਜ਼ਾਰਾ ਸਿੱਖ ਸਿਆਸਤ ਅਤੇ ਗੁਰਦਵਾਰਿਆਂ ਦੀ ਨਿਘਰੀ ਹੋਈ ਹਾਲਤ ਦਾ ਪ੍ਰਤੀਕ ਜਾਪਿਆ। ਅੰਗਰੇਜ਼ਾਂ ਨੇ ਸਿੱਖ ਗੁਰਦਵਾਰਾ ਐਕਟ ਬਣਾ ਕੇ ਸਿੱਖਾਂ ਨੂੰ ਐਸਾ ਗਧੀ-ਗੇੜ ਵਿਚ ਪਾ ਰਖਿਆ ਹੈ ਕਿ ਸਿੱਖਾਂ ਦੇ ਗੁਰਦਵਾਰੇ ਹੁਣ ਅਧਿਆਤਮਕ ਕੇਂਦਰ ਘੱਟ ਅਤੇ ਸਿਆਸੀ ਤੇ ਵਪਾਰਕ ਕੇਂਦਰ ਵਧੇਰੇ ਬਣ ਚੁੱਕੇ ਹਨ। ਦਿੱਲੀ, ਅੰਮ੍ਰਿਤਸਰ ਅਤੇ ਅਮਰੀਕਾ-ਕੈਨੇਡਾ ਦੇ ਗੁਰਦਵਾਰੇ ਹੁਣ ਸਿੱਖਾਂ ਦੀ 'ਧਰਮ ਅਤੇ ਸਿਆਸਤ' ਜਾਂ 'ਮੀਰੀ ਅਤੇ ਪੀਰੀ' ਸਿਧਾਂਤ ਦੀ ਹੋ ਰਹੀ ਅਵੱਗਿਆ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੇ ਹਨ। ਸਿੱਖਾਂ ਦੀ ਲੜਾਈ ਹੁਣ ਚੌਧਰ ਅਤੇ ਗੋਲਕ ਉਪਰ ਕਾਬਜ਼ ਹੋਣ ਦੀ ਲੜਾਈ ਬਣ ਕੇ ਰਹਿ ਗਈ ਹੈ ਅਤੇ ਬਾਕੀ ਧਰਮਾਂ ਵਾਲੇ ਸਾਡੀ ਮੂਰਖਤਾ ਉਪਰ ਹੱਸ ਰਹੇ ਹਨ।

ਗੁਰਦਵਾਰੇ ਅੰਦਰ ਮੱਥਾ ਟੇਕਣ ਲਈ ਦਾਖਲ ਹੋਇਆ ਤਾਂ ਮਾਇਆ ਜਾਲ ਦਾ ਅਡੰਬਰ ਨਜ਼ਰੀਂ ਪਿਆ। ਗੁਰਦਵਾਰੇ ਦੇ ਹਾਲ ਅੰਦਰ ਸਿੰਘ ਅਤੇ ਸਿੰਘਣੀਆਂ ਗੋਲਕ ਦੀ ਮਾਇਆ ਦੇ ਢੇਰ ਦੁਆਲੇ ਝੁਰਮਟ ਪਾਈ ਬੈਠੇ ਸਨ। ਕਈ ਸੱਜਣ ਨੋਟ ਗਿਣ ਰਹੇ ਸਨ ਅਤੇ ਕਈ ਚਾਂਦੀ ਦੇ ਸਿੱਕਿਆਂ ਦੀ ਗਿਣਤੀ ਕਰ ਰਹੇ ਸਨ। ਮੇਰੇ ਲਈ ਤਾਂ ਇਹ ਦ੍ਰਿਸ਼ ਸਭ ਤੋਂ ਘਟੀਆ ਸਾਬਤ ਹੋਇਆ ਕਿਉਂਕਿ ਮੈਂ ਤਾਂ ਆਤਮਿਕ ਸਕੂਨ ਖਾਤਰ ਰਕਾਬ ਗੰਜ ਅੰਦਰ ਸ਼ਰਧਾ ਭਾਵ ਨਾਲ ਮੱਥਾ ਟੇਕਣ ਗਿਆ ਸਾਂ ਪਰ ਇਥੇ ਹਾਲ ਅੰਦਰ ਸਟਾਕ ਮਾਰਕੀਟ ਵਾਲਾ ਰੌਲਾ ਰੱਪਾ ਪੈ ਰਿਹਾ ਸੀ। ਮਾਇਆ ਦੀ ਗਿਣਤੀ ਮਿਣਤੀ ਅਤੇ ਵਾਰਤਾਲਾਪ ਅਧਿਆਤਮਕ ਮਹੌਲ ਨੂੰ ਭੰਗ ਕਰ ਰਿਹਾ ਸੀ। ਹਾਲ ਅੰਦਰ ਇਕ ਢਾਡੀ ਜਥਾ ਸਿੰਘਾਂ ਦੇ ਕਾਰਨਾਮਿਆਂ ਦੀ ਗਾਥਾ ਬਿਆਨ ਕਰ ਰਿਹਾ ਸੀ। ਸੰਗਤ ਵਿਰਲੀ ਟਾਵੀਂ ਹੋਣ ਕਰਕੇ ਢਾਡੀ ਵੀ ਜੋਸ਼ ਵਿਚ ਨਹੀਂ ਸਨ, ਕਿਉਂਕਿ ਮਾਇਆ ਭੇਟਾ ਕਰਨ ਵਾਲਾ ਕੋਈ ਵੀ ਨਹੀਂ ਸੀ। ਮਾਇਆ ਗਿਣਦੇ ਸਿੰਘ ਅਤੇ ਸਿੰਘਣੀਆਂ ਬਹੁਤੇ ਅੰਮ੍ਰਿਤਧਾਰੀ ਸਨ ਅਤੇ ਚਾਹ ਦਾ ਲੰਗਰ ਵੀ ਆਪ ਹੀ ਛਕੀ ਜਾ ਰਹੇ ਸਨ। ਮੈਨੂੰ ਜਾਪਿਆ ਕਿ ਸਿੱਖਾਂ ਦੇ ਧਾਰਮਿਕ ਅਸੂਲ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਦੀ ਬੇਅਦਬੀ ਹੋ ਰਹੀ ਹੈ। ਦੁਪਹਿਰ ਦਾ ਸਮਾਂ ਹੋਣ ਕਰਕੇ ਕੋਈ ਵਿਰਲਾ ਟਾਵਾਂ ਮੇਰੇ ਵਰਗਾ ਯਾਤਰੀ ਹੀ ਰਕਾਬ ਗੰਜ ਅੰਦਰ ਦਾਖਲ ਹੋ ਰਿਹਾ ਸੀ।



Academy of the Punjab in North America: http://www.apnaorg.com

ਮੇਰੇ ਬੈਠਿਆਂ ਹੀ ਦੋ ਸਿਪਾਹੀ ਬੀਬੀਆਂ ਮੱਥਾ ਟੇਕਣ ਅੰਦਰ ਆਈਆਂ। ਸੇਵਾਦਾਰ ਨੇ ਟੋਕਿਆ ਕਿ ਵਰਦੀ ਨਾਲ ਚਮੜੇ ਦੀ ਪੇਟੀ ਲਗੀ ਹੋਈ ਹੈ। ਇਹ ਉਤਾਰ ਕੇ ਆਉ ਪਰ ਉਹ ਤਾਂ ਗੁਰਦਵਾਰੇ ਉਪਰ ਕਾਬਜ਼ ਸਨ, ਮੱਥਾ ਟੇਕ ਕੇ ਡਿਊਟੀ ਉਪਰ ਚਲੀਆਂ ਗਈਆਂ। ਮੈਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਦਾ ਬਿਆਨ ਯਾਦ ਆ ਗਿਆ, ਜੋ ਅਖ਼ਬਾਰਾਂ ਵਿਚ ਛਪਿਆ ਸੀ, ਜਦੋਂ ਗਵਰਨਰ ਬੂਟਾ ਸਿੰਘ ਅਪਣੇ ਸੁਰੱਖਿਆ ਦਸਤੇ ਸਮੇਤ ਪਟਨਾ ਸਾਹਿਬ ਮੱਥਾ ਟੇਕਣ ਗਿਆ ਸੀ। ਪ੍ਰਧਾਨ ਜੀ ਦਾ ਬਿਆਨ ਸੀ ਕਿ ਸਿਪਾਹੀ ਚਮੜੇ ਦੀ ਪੇਟੀ ਲਗਾ ਕੇ ਅੰਦਰ ਦਾਖਲ ਹੋਏ ਹਨ, ਜਿਸ ਕਰਕੇ ਮਰਯਾਦਾ ਦੀ ਉਲੰਘਣਾ ਸਦਕਾ ਬੂਟਾ ਸਿੰਘ ਨੂੰ ਅਕਾਲ ਤਖ਼ਤ 'ਤੇ ਤਲਬ ਕੀਤਾ ਜਾਵੇ। ਉਸੇ ਸ਼ਾਮ ਸੈਰ ਕਰਦਿਆਂ ਮੈਨੂੰ ਕੁਝ ਪੜ੍ਹੀਆਂ-ਲਿਖੀਆਂ ਬੀਬੀਆਂ ਨੇ ਘੇਰ ਲਿਆ ਅਤੇ ਕਿਹਾ ਕਿ ਉਹ ਤਾਂ ਸਿੱਖ ਧਰਮ ਤੋਂ ਮੁਨਕਰ ਹੋ ਜਾਣਗੀਆਂ, ਜੇਕਰ ਇਹੋ ਜਿਹੇ ਹਾਸੋ ਹੀਣੇ ਬਿਆਨ ਪ੍ਰਧਾਨ ਸਾਹਿਬ ਦਾਗਦੇ ਰਹੇ, ਕਿਉਂਕਿ ਇਹ ਬੀਬੀਆਂ ਚਮੜੇ ਦੇ ਪਰਸ ਲੈ ਕੇ ਹਮੇਸ਼ਾ ਹੀ ਗੁਰਦਵਾਰਿਆਂ ਅੰਦਰ ਦਾਖ਼ਲ ਹੁੰਦੀਆਂ ਹਨ। ਮੈਂ ਕਿਹਾ ਪ੍ਰਧਾਨ ਜੀ ਦੇ ਅਗਲੇ ਬਿਆਨ ਦਾ ਇੰਤਜ਼ਾਰ ਕਰੋ, ਜੋ ਹੋਵੇਗਾ "ਸਭ ਸਿੱਖਾਂ ਨੂੰ ਹੁਕਮ ਹੈ ਕਿ ਅਪਣੀ ਖੱਲ ਉਤਾਰ ਕੇ ਗੁਰਦਵਾਰੇ ਅੰਦਰ ਦਾਖ਼ਲ ਹੋਣ, ਕਿਉਂਕਿ ਦੇਹ ਉਪਰ ਚਮੜੇ ਦੀ ਖੱਲ ਮਰਯਾਦਾ ਦੀ ਉਲੰਘਣਾ ਕਰਦੀ ਹੈ।" ਕਿੱਥੇ ਗੁਰੂ ਨਾਨਕ ਸਾਹਿਬ ਦਾ ਸੰਦੇਸ਼, ਜੋ ਸਿੱਖੀ ਨੂੰ ਬ੍ਰਾਹਮਣਵਾਦ ਤੋਂ ਮੁਕਤ ਕਰਾ ਰਿਹਾ ਹੈ ਅਤੇ ਕਿੱਥੇ ਪ੍ਰਧਾਨ ਜੀ ਦਾ ਬਿਆਨ ਜੋ ਸਿੱਖਾਂ ਨੂੰ ਸਿੱਖੀ ਦੇ ਘੇਰੇ ਤੋਂ ਬਾਹਰ ਭਜਾ ਰਿਹਾ ਹੈ। ਭਾਈ ਗੁਰਦਾਸ ਤਾਂ ਸ਼ਰਧਾਵਾਨ ਸਿੱਖ ਖ਼ਾਤਰ ਅਪਣੀ ਖੱਲ ਦੇ ਮੌਜੇ ਵੀ ਭੇਟ ਕਰ ਰਹੇ ਹਨ:

*ਮੇਰੀ ਖਲਹੁੰ ਮੌਜੜੇ ਗੁਰਸਿਖ ਹਡਾਉਂਦੇ*

ਮੱਥਾ ਟੇਕਣ ਉਪਰੰਤ ਅਸ਼ਾਂਤ ਮਨ ਨਾਲ ਮੈਂ ਬਾਹਰ ਨਿਕਲ ਆਇਆ। ਗੁਰਦਵਾਰਿਆਂ ਅੰਦਰ ਗਿਰਜਾਘਰ ਅਤੇ ਮਸਜਿਦ ਵਰਗਾ ਸ਼ਾਂਤ ਮਹੌਲ ਨਹੀਂ ਰਿਹਾ, ਸਗੋਂ ਮਾਰਕੀਟ ਵਾਲਾ ਰੌਲਾ ਰੱਪਾ ਹੀ ਲੱਭਦਾ ਹੈ। ਮੇਰੀ ਗੱਡੀ ਦੇ ਚਲਣ ਵਿਚ ਇਕ ਘੰਟਾ ਬਾਕੀ ਰਹਿ ਗਿਆ ਸੀ ਅਤੇ ਮੈਂ ਸਟੇਸ਼ਨ ਜਾਣ ਲਈ ਸਵਾਰੀ ਵੀ ਲੱਭਣੀ ਸੀ। ਦੋ ਹੋਰ ਨਜ਼ਾਰੇ ਪਾਠਕਾਂ ਲਈ ਭੇਟ ਕਰਨ ਲਈ ਦਿਲਚਸਪ ਲਗ ਰਹੇ ਹਨ। ਜੋੜਾ ਘਰ ਦੇ ਨੇੜੇ ਹੀ ਇਕ ਟੀ.ਵੀ. ਕੈਮਰੇ ਵਾਲੀ ਟੀਮ ਕੁਝ ਬੀਬੀਆਂ ਨੂੰ ਘੇਰ ਕੇ ਖੜ੍ਹੀ ਸੀ। ਮਨਮੋਹਨ ਸਿੰਘ ਪ੍ਰਧਾਨ ਮੰਤਰੀ ਨੇ ਦੰਗਾ ਪੀੜਤਾਂ ਲਈ ਦੋ ਲੱਖ ਪ੍ਰਤੀ ਟੱਬਰ ਦੇਣ ਦਾ ਐਲਾਨ ਕਰ ਰੱਖਿਆ ਸੀ, ਕੁੱਝ ਬੀਬੀਆਂ ਨੇ ਰੋਣਾ ਸ਼ੁਰੂ ਕਰ ਦਿਤਾ ਕਿਉਂਕਿ ਟੀ.ਵੀ. ਵਾਲੇ ਕਹਿ ਰਹੇ ਸਨ ਕਿ ਤੁਹਾਡੀ ਸ਼ਕਲ ਸੂਰਤ ਤੋਂ ਪਤਾ ਲੱਗਣਾ ਚਾਹੀਦਾ ਹੈ ਕਿ ਵਾਕਿਆ ਹੀ ਤੁਸੀ ਅਸਲੀ ਦੰਗਾ ਪੀੜਤ ਹੋ। ਮੈਂ ਇਹ ਸਾਰਾ ਡਰਾਮਾ ਦੇਖ ਰਿਹਾ ਸੀ ਅਤੇ ਪੰਜ ਸੱਤ ਬੀਬੀਆਂ ਨੂੰ ਫੜ ਕੇ ਲਿਆਂਦਾ ਗਿਆ ਜਾਪਦਾ ਸੀ। ਉਨ੍ਹਾਂ ਦਾ



Academy of the Punjab in North America: http://www.apnaorg.com

ਇਕ ਲੀਡਰ ਵੀ ਅਪਣੀ ਫ਼ੋਟੋ ਖਿਚਵਾ ਰਿਹਾ ਸੀ। ਮੈਨੂੰ ਇਕ ਨਿਹੰਗ ਸਿੰਘ ਨੇ ਦੱਸਿਆ ਕਿ ਅੱਧਾ ਪੈਸਾ ਇਹ ਭੜੂਆ ਲੈ ਲਵੇਗਾ ਕਿਉਂਕਿ ਫਾਰਮ ਭਰਨ ਤੋਂ ਲੈ ਕੇ ਰਕਮ ਮਿਲਣ ਤਕ ਇਹ ਬੀਬੀਆਂ ਨੂੰ ਚੰਬੜਿਆ ਰਹੇਗਾ। ਉਹ ਕਹਿਣ ਲੱਗਾ – ਮੈਂ ਅੰਮ੍ਰਿਤਸਰ ਜ਼ਿਲ੍ਹੇ ਦਾ ਰਹਿਣ ਵਾਲਾ ਹਾਂ। ਜੇਕਰ ਪਤਾ ਹੁੰਦਾ ਕਿ ਸਰਕਾਰ ਨੇ ਏਨੀ ਰਕਮ ਦੇਣੀ ਹੈ ਤਾਂ ਪਿੰਡ ਦੇ ਪੰਜ ਸੱਤ ਬੁੱਢੇ ਸ਼ਹੀਦ ਕਰਕੇ ਮੈਂ ਵੀ ਦੰਗਾ ਪੀੜਤਾਂ ਦੀ ਲਿਸਟ ਵਿਚ ਨਾਮ ਦਰਜ ਕਰਵਾ ਲੈਂਦਾ। ਮਾਇਆ ਦੇ ਚੱਕਰ ਵਿਚ ਨਿਹੰਗ ਸਿੰਘ ਵੀ ਪੈ ਚੁੱਕੇ ਹਨ ਅਤੇ ਗੁਰਦਵਾਰਿਆਂ ਉਪਰ ਕਬਜ਼ੇ ਕਰਨ ਵਿਚ ਉਹ ਕਿਸੇ ਦੀ ਮਾਂ–ਧੀ ਨਾਲੋਂ ਘੱਟ ਨਹੀਂ।

ਰਕਾਬ ਗੰਜ ਅੰਦਰ ਹਰ ਧਰਮ ਦੇ ਯਾਤਰੀ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਆਉਂਦੇ ਹਨ। ਦਿੱਲੀ ਵਾਸੀਆਂ ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਦੀ ਲਾਸਾਨੀ ਸ਼ਹੀਦੀ ਦਾ ਪਤਾ ਹੋਣਾ ਚਾਹੀਦਾ ਹੈ। ਇਸ ਵਾਸਤੇ ਗੁਰਦਵਾਰਾ ਰਕਾਬ ਗੰਜ ਅਤੇ ਸੀਸ ਗੰਜ ਅੰਦਰ ਯਾਤਰੀਆਂ ਦੀ ਸਹੂਲਤ ਲਈ ਚੰਗੇ ਗਾਈਡ, ਧਾਰਮਿਕ ਲਿਟਰੇਚਰ ਆਦਿ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਮੇਰੀ ਯਾਤਰਾ ਦੌਰਾਨ ਐਸਾ ਕੋਈ ਪ੍ਰਬੰਧ ਨਜ਼ਰੀਂ ਨਹੀਂ ਪਿਆ, ਬਲਕਿ ਇਕ ਘਿਨੌਣੀ ਘਟਨਾ ਦਾ ਜ਼ਿਕਰ ਕਰਨਾ ਬਣਦਾ ਹੈ। ਯੂ.ਪੀ. ਤੋਂ ਕੁਝ ਯਾਤਰੀ ਮੱਥਾ ਟੇਕਣ ਰਕਾਬ ਗੰਜ ਅੰਦਰ ਆਏ। ਸ਼ਰਧਾ ਵੱਸ ਉਨ੍ਹਾਂ ਨੇ ਅਪਣੇ ਗਿੱਲੇ ਕੱਪੜੇ ਅਤੇ ਸ਼ਾਲ ਨਿਸ਼ਾਨ ਸਾਹਿਬ ਦੇ ਕੋਲ ਰੱਖ ਕੇ ਪਰਿਕਰਮਾ ਕੀਤੀ ਅਤੇ ਅੰਦਰ ਮੱਥਾ ਟੇਕਿਆ। ਪੰਜ ਦਸ ਮਿੰਟਾਂ ਵਿਚ ਜਦੋਂ ਬਾਹਰ ਆਏ ਉਨ੍ਹਾਂ ਦੇ ਕੱਪੜੇ ਗਾਇਬ ਸਨ। ਜੋੜਾ ਘਰ 'ਚ ਸੇਵਾ ਕਰ ਰਿਹਾ ਇਕ ਸਿੱਖ ਕਹਿਣ ਲੱਗਾ ਕਿ ਗੁਰਦਵਾਰੇ ਅੰਦਰ ਚੋਰੀ ਆਮ ਹੋ ਜਾਂਦੀ ਹੈ। ਕਈ ਵਾਰ ਤਾਂ ਸੇਵਾਦਾਰ ਹੀ ਅਜਿਹੀਆਂ ਹਰਕਤਾਂ ਕਰਦੇ ਹਨ। ਮੈਂ ਹਮਦਰਦੀ ਜ਼ਾਹਰ ਕੀਤੀ ਪਰ ਯਾਤਰੀ ਕਹਿਣ ਲੱਗੇ ਕਿ ਉਹ ਤਾਂ ਸਿੱਖ ਗੁਰਦਵਾਰਿਆਂ ਨੂੰ ਬਹੁਤ ਉਤਮ ਸਮਝਦੇ ਸਨ ਪਰ ਇਹ ਨਹੀਂ ਸੀ ਪਤਾ ਕਿ ਇਥੋਂ ਦੇ ਸੇਵਾਦਾਰ ਹੀ ਚੋਰ ਉਚੱਕੇ ਬਣ ਗਏ ਹਨ। ਮੈਂ ਅਪਣੇ ਮਨ ਅੰਦਰ ਸ਼ਰਮਿੰਦਗੀ ਮਹਿਸੂਸ ਕਰ ਰਿਹਾ ਸਾਂ। ਬਾਹਰ ਨਿਕਲ ਕੇ ਦਿੱਲੀ ਰੇਲਵੇ ਸਟੇਸ਼ਨ ਦਾ ਰਾਹ ਫੜਿਆ।

ਹੁਣ ਅਸੀਂ ਹਰਿਮੰਦਰ ਸਾਹਿਬ ਵਿਚ ਵਾਪਰ ਰਹੇ ਵਰਤਾਰੇ ਦੀ ਗੱਲ ਕਰਦੇ ਹਾਂ। ਵਿਸ਼ਵ ਭਰ ਦੇ ਸਿੱਖਾਂ ਦੀ ਆਸਥਾ ਦਾ ਕੇਂਦਰ ਗੋਲਡਨ ਟੈਂਪਲ ਹੈ ਅਤੇ ਇਹ ਲਾਜ਼ਮੀ ਹੈ ਕਿ ਇਸ ਨੂੰ ਇਕ ਅਧਿਆਤਮਕ ਕੇਂਦਰ ਵਜੋਂ ਉਭਾਰਿਆ ਜਾਵੇ ਅਤੇ ਵਪਾਰਕ ਕੇਂਦਰ ਨਾ ਬਣਾਇਆ ਜਾਵੇ। ਵਿਸ਼ਵ ਭਰ ਦੇ ਯਾਤਰੀਆਂ ਲਈ ਵੀ ਗੋਲਡਨ ਟੈਂਪਲ ਖਿੱਚ ਦਾ ਕੇਂਦਰ ਬਣ ਚੁੱਕਾ ਹੈ ਅਤੇ ਉਹ ਸਿੱਖਾਂ ਦੇ ਇਸ ਅਦੁੱਤੀ ਸਮਾਰਕ ਨੂੰ ਆਪੋ–ਅਪਣੇ ਨਜ਼ਰੀਏ ਨਾਲ ਵੇਖਣ ਆਉਂਦੇ ਹਨ। ਅਪ੍ਰੈਲ ਦੇ 'ਸਿੱਖ ਰੀਵੀਊ' ਵਿਚ ਕਰਤਾਰ ਸਿੰਘ ਦੁੱਗਲ ਦਾ ਲੇਖ ਛਪਿਆ ਹੈ, ਜਿਸ ਵਿਚ ਕੀਰਤਨ ਦੀ ਮਹਾਨਤਾ ਦਰਸਾਈ ਗਈ ਹੈ ਅਤੇ ਕੁੱਝ ਸੁਝਾਅ ਪੇਸ਼ ਕੀਤੇ ਗਏ ਹਨ ਤਾਂ



Academy of the Punjab in North America: http://www.apnaorg.com

ਕਿ ਅਧਿਆਤਮਕ ਮਾਹੌਲ ਕਾਇਮ ਰੱਖਿਆ ਜਾ ਸਕੇ। ਦੁੱਗਲ ਸਾਹਿਬ ਰੇਡੀਓ ਸਟੇਸ਼ਨ ਦੇ ਡਾਇਰੈਕਟਰ ਰਹੇ ਹਨ ਅਤੇ ਹੁਣੇ ਜਿਹੇ ਗੁਰੂ ਗ੍ਰੰਥ ਸਾਹਿਬ ਦਾ ਕਾਵਿਕ ਅਨੁਵਾਦ ਵੀ ਛਪਵਾ ਚੁੱਕੇ ਹਨ, ਜੋ ਅਪਣੀ ਕਿਸਮ ਦਾ ਪਹਿਲਾ ਯਤਨ ਹੈ। ਮੁੱਖ ਸੁਝਾਅ ਹੈ ਕਿ ਕੀਰਤਨ ਪ੍ਰਸਾਰ ਲਈ ਗੋਲਡਨ ਟੈਂਪਲ ਦਾ ਅਪਣਾ ਟੀ.ਵੀ ਚੈਨਲ ਹੋਣਾ ਲਾਜ਼ਮੀ ਹੈ। ਆਧੁਨਿਕ ਤਕਨੀਕਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਦਰਸ਼ਕਾਂ ਦੀ ਇਕਾਗਰਤਾ ਭੰਗ ਨਹੀਂ ਕਰਨੀ ਚਾਹੀਦੀ। ਅਰਦਾਸ ਬੜੇ ਸੁਹਜਮਈ ਢੰਗ ਅਤੇ ਮਨ ਨੂੰ ਸ਼ਾਂਤ ਕਰਨ ਵਾਲੇ ਲਹਿਜੇ ਵਿਚ ਕਰਨੀ ਚਾਹੀਦੀ ਹੈ। ਮੈਂ ਇਨ੍ਹਾਂ ਵਿਚਾਰਾਂ ਦੀ ਲੜੀ ਨੂੰ ਹੋਰ ਅੱਗੇ ਤੋਰਨ ਲਈ ਇਹ ਨਿਮਾਣਾ ਜਿਹਾ ਯਤਨ ਕਰ ਰਿਹਾ ਹਾਂ।

ਗੁਰੂ ਨਾਨਕ ਦੇਵ ਜੀ ਨੇ ਅਪਣੇ ਸਿੱਖਾਂ ਲਈ ਜੋ ਗਾਡੀਰਾਹ ਚਲਾਇਆ ਉਸ ਵਿਚ ਬ੍ਰਾਹਮਣਵਾਦੀ ਕਰਮ-ਕਾਂਡ ਦੇ ਮਾਇਆਜਾਲ ਦਾ ਖੰਡਨ ਕੀਤਾ ਗਿਆ ਹੈ। ਗੁਰੂ ਸਾਹਿਬਾਨ ਨੇ ਬਾਹਰਲੇ ਅਡੰਬਰ ਨੂੰ ਵਿਅਰਥ ਦਸਿਆ ਹੈ ਅਤੇ ਸਿੱਖ ਦੇ ਮਨ ਦੀ ਅਵਸਥਾ ਨੂੰ ਉਭਾਰਿਆ ਹੈ। ਮੇਰੇ ਖਿਆਲ ਵਿਚ ਉਹ ਸਭ ਕੁਰੀਤੀਆਂ, ਜੋ ਗੁਰੂ ਸਾਹਿਬਾਨ ਨੇ ਸਿੱਖ ਧਰਮ ਵਿਚੋਂ ਨਕਾਰੀਆਂ ਸਨ, ਮੁੜ ਸਾਡੇ ਰੂੜੀਵਾਦੀ ਪ੍ਰਚਾਰਕਾਂ, ਗ੍ਰੰਥੀਆਂ ਅਤੇ ਜਥੇਦਾਰਾਂ ਦੁਆਰਾ ਘਸੋੜ ਦਿਤੀਆਂ ਗਈਆਂ ਹਨ। ਗੁਰੂ ਨਾਨਕ ਸਾਹਿਬ ਆਸਾ ਦੀ ਵਾਰ ਵਿਚ ਸਿੱਖਾਂ ਨੂੰ ਬ੍ਰਾਹਮਣਵਾਦੀ ਭਰਮਜਾਲ ਵਿਚੋਂ ਕੱਢਣ ਲਈ ਕਈ ਯਤਨ ਕਰਦੇ ਹਨ। ਸਿੱਖ ਦਾ ਮੱਥਾ ਟੇਕਣਾ ਵੀ ਤਾਂ ਹੀ ਪ੍ਰਵਾਨ ਹੈ, ਜੇਕਰ ਹਿਰਦਾ ਸ਼ੁੱਧ ਹੋਵੇ।

***"ਸੀਸਿ ਨਿਵਾਇਐ ਕਿਆ ਥੀਐ, ਜਾ ਰਿਦੈ ਕਸੁਧੇ ਜਾਹਿ"***

ਤੀਰਥ ਯਾਤਰਾ ਸਿੱਖਾਂ ਲਈ ਵਿਵਰਜਤ ਹੈ, ਅੰਦਰ ਦੇ ਇਸ਼ਨਾਨ ਦੀ ਤਾਕੀਦ ਕੀਤੀ ਗਈ ਹੈ। ਇਸ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਵਾਰ ਵਾਰ ਉਪਦੇਸ਼ ਕੀਤਾ ਗਿਆ ਹੈ। ਅੱਜ ਸਾਡੇ ਗੁਰਦਵਾਰਿਆਂ ਵਿਚ ਅਤੇ ਖ਼ਾਸ ਕਰ ਕੇ ਗੋਲਡਨ ਟੈਂਪਲ ਅੰਦਰ ਗੁਰੂ ਉਪਦੇਸ਼ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਕੁਝ ਉਦਾਹਰਣਾਂ ਇਸ ਲੇਖ ਵਿਚ ਪੇਸ਼ ਕਰ ਰਿਹਾ ਹਾਂ।

ਗੋਲਡਨ ਟੈਂਪਲ ਦੀ ਯਾਤਰਾ ਲਈ ਕਈ ਵਾਰ ਮੇਰੇ ਵਿਦੇਸ਼ੀ ਮਿੱਤਰ ਵੀ ਆਉਂਦੇ ਹਨ। ਜੇਕਰ ਗਾਈਡ ਦੀ ਸਹਾਇਤਾ ਲਈ ਜਾਵੇ ਤਾਂ ਉਹ ਭੰਬਲਭੂਸੇ ਵਿਚ ਪਾ ਦਿੰਦੇ ਹਨ। ਹਰੇਕ ਗਾਈਡ ਦਾ ਤਕੀਆ ਕਲਾਮ ਇਥੋਂ ਸ਼ੁਰੂ ਹੁੰਦਾ ਹੈ, "ਗੋਲਡਨ ਟੈਂਪਲ ਦੇ ਸਰੋਵਰ ਵਾਲੀ ਥਾਂ 'ਤੇ ਇਕ ਛਪੜੀ ਹੋਇਆ ਕਰਦੀ ਸੀ, ਇਥੇ ਕਾਲੇ ਕਾਂ ਨਹਾ ਕੇ ਹੰਸ ਬਣ ਜਾਂਦੇ ਸਨ। ਬੀਬੀ ਰਜਨੀ ਦੇ ਪਿੰਗਲੇ ਪਤੀ ਨੇ ਇਹ ਕੌਤਕ ਵੇਖਿਆ ਅਤੇ ਇਸ਼ਨਾਨ ਕਰ ਕੇ ਉਸ ਦਾ ਕੋਹੜੀ ਸਰੀਰ



Academy of the Punjab in North America: http://www.apnaorg.com

ਅਰੋਗ ਹੋ ਗਿਆ। ਉਸ ਛਪੜੀ ਦੇ ਕਿਨਾਰੇ ਵਾਲੀ ਦੁੱਖ ਭੰਜਨੀ ਬੇਰੀ ਅੱਜ ਤਕ ਕਾਇਮ ਹੈ ਅਤੇ ਇਸ ਜਗਾ ਇਸ਼ਨਾਨ ਕਰਨ ਨਾਲ ਰੋਗਾਂ ਤੋਂ ਮੁਕਤੀ ਮਿਲ ਜਾਂਦੀ ਹੈ।"

ਇਸ ਸਾਰੀ ਦੰਦ ਕਥਾ ਨੇ ਸਿੱਖ ਸੰਗਤਾਂ ਨੂੰ ਐਸਾ ਭਰਮਾਇਆ ਹੈ ਕਿ ਅਮਰੀਕਾ, ਕੈਨੇਡਾ ਤੋਂ ਸਿੱਖ ਇਸ ਦੁੱਖ ਭੰਜਨੀ ਬੇਰੀ ਹੇਠ ਇਸ਼ਨਾਨ ਕਰਨ ਲਈ ਵਹੀਰਾਂ ਘੱਤੀ ਆਉਂਦੇ ਹਨ। ਕੀ ਇਹ ਸਾਰਾ ਵਰਤਾਰਾ ਗੁਰੂ ਉਪਦੇਸ਼ ਦੀ ਤੌਹੀਨ ਨਹੀਂ ਹੈ ? ਗੁਰੂ ਸਾਹਿਬ ਤਾਂ ਸਾਡੇ ਸਰੀਰ ਨੂੰ ਹੀ ਹਰਿਮੰਦਰ ਦਸਦੇ ਹਨ, 'ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ' ਦਾ ਉਪਦੇਸ਼ ਦਿੰਦੇ ਹਨ ਅਤੇ ਸਰੀਰ ਦੇ ਇਸ਼ਨਾਨ ਨਾਲੋਂ ਮਨ ਦੇ ਇਸ਼ਨਾਨ ਦੀ ਸਿਫਾਰਸ਼ ਕਰਦੇ ਹਨ। ਲੋੜ ਹੈ ਕਿ ਸਾਡੇ ਪ੍ਰਚਾਰਕ ਗੁਰਬਾਣੀ ਦੀ ਸਹੀ ਵਿਆਖਿਆ ਪੇਸ਼ ਕਰਨ ਅਤੇ ਸਿੱਖ ਸੰਗਤਾਂ ਨੂੰ ਬ੍ਰਾਹਮਣਵਾਦੀ ਕਰਮ-ਕਾਂਡ ਤੋਂ ਨਿਜਾਤ ਦਿਵਾਉਣ।

ਜਦੋਂ ਗੋਲਡਨ ਟੈਂਪਲ ਵਿਚ ਬਿਜਲੀ ਲਗਾਉਣ ਦੀ ਤਜ਼ਵੀਜ਼ ਪੇਸ਼ ਹੋਈ ਤਾਂ ਰੂੜੀਵਾਦੀ ਪੁਜਾਰੀਆਂ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ ਅਤੇ ਘਿਉ ਦੀ ਜੋਤ ਨੂੰ ਪਵਿੱਤਰ ਦੱਸਦਿਆਂ ਬਿਜਲੀ ਦੀ ਰੌਸ਼ਨੀ ਨੂੰ ਅਪਵਿੱਤਰ ਅਤੇ ਹਾਨੀਕਾਰਕ ਦੱਸਿਆ। ਉਹਨਾਂ ਪੁਜਾਰੀਆਂ ਦੀ ਔਲਾਦ ਅਤੇ ਭਾਈਵਾਲ ਹੁਣ ਵੀ ਗੋਲਡਨ ਟੈਂਪਲ ਉੱਪਰ ਕਾਬਜ਼ ਹਨ। ਕੁਝ ਸਾਲ ਪਹਿਲਾਂ ਜਦੋਂ ਅਮਰੀਕਾ ਦੇ 'ਟੁੱਟ' ਪ੍ਰੀਵਾਰ ਨੇ ਅੰਮ੍ਰਿਤ ਸਰੋਵਰ ਵਿਚ ਪਾਣੀ ਦੇ ਸ਼ੁੱਧੀਕਰਣ ਲਈ ਇਕ ਪਲਾਂਟ ਲਗਾਉਣ ਦੀ ਤਜਵੀਜ਼ ਪੇਸ਼ ਕੀਤੀ ਤਾਂ ਜਥੇਦਾਰ ਪੂਰਨ ਸਿੰਘ ਨੇ ਅਖ਼ਬਾਰਾਂ ਵਿਚ ਇਕ ਬਿਆਨ ਦਾਗ਼ ਦਿਤਾ ਕਿ ਸਰੋਵਰ ਦੇ ਪਾਣੀ ਵਿਚ ਸਰੀਰਕ ਰੋਗ ਦੂਰ ਕਰਨ ਦੀ ਸਮਰੱਥਾ ਹੈ, ਜੋ ਇਸ ਪਲਾਂਟ ਦੇ ਚਾਲੂ ਹੋਣ ਨਾਲ ਜਾਂਦੀ ਰਹੇਗੀ। ਕਿਥੇ ਗੁਰੂ ਸਾਹਿਬ ਦਾ ਅਧਿਆਤਮਕ ਸੰਦੇਸ਼, ਜੋ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੈ ਅਤੇ ਕਿਥੇ ਸਾਡੇ ਉਸ ਸਮੇਂ ਦੇ ਅਕਾਲ ਤਖ਼ਤ ਦੇ ਜਥੇਦਾਰ ਦਾ ਹਾਸੋਹੀਣਾ ਅਤੇ ਦਕੀਆਨੂਸੀ ਬਿਆਨ! ਸਿੱਖ ਸੰਗਤਾਂ ਨੂੰ ਅਪੀਲ ਹੈ ਕਿ ਗੁਰੂ ਸ਼ਬਦ ਦੀ ਅਗਵਾਈ ਵਿਚ ਜੀਵਨ ਸੇਧ ਪ੍ਰਾਪਤ ਕਰਨ ਅਤੇ ਬ੍ਰਹਾਮਣਵਾਦੀ ਕਰਮ-ਕਾਂਡ ਤੋਂ ਨਿਜ਼ਾਤ ਹਾਸਲ ਕਰਨ।

ਗੋਲਡਨ ਟੈਂਪਲ ਦੀ ਪਰਿਕਰਮਾ ਵਿਚ ਕਦੇ ਮੂਰਤੀਆਂ ਹੋਇਆ ਕਰਦੀਆਂ ਸਨ। ਇਹ ਇਥੋਂ ਦੇ ਪੁਜਾਰੀਆਂ ਦੀ ਮਿਲੀਭੁਗਤ ਕਰ ਕੇ ਹੀ ਰੱਖੀਆਂ ਗਈਆਂ ਸਨ। ਸਿੰਘ ਸਭੀਆਂ ਨੇ ਇਸ ਪ੍ਰੰਪਰਾ ਨੂੰ ਸਮਾਪਤ ਕਰ ਦਿਤਾ। ਹੁਣ ਪਰਿਕਰਮਾ ਵਿਚ ਬਾਬਾ ਦੀਪ ਸਿੰਘ ਸ਼ਹੀਦ ਦਾ ਗੁਰਦਵਾਰਾ ਹੈ ਅਤੇ ਇਕ ਪੱਥਰ ਮਾਇਆ ਭੇਟ ਕਰਨ ਲਈ ਜੜਿਆ ਹੋਇਆ ਹੈ। ਸਿੱਖ ਸੰਗਤਾਂ ਇਸ ਪੱਥਰ ਨੂੰ ਮੂਰਤੀ ਵਾਂਗ ਹੀ ਪੂਜ ਰਹੀਆਂ ਹਨ। ਵਿਸ਼ਵ ਸਿੱਖ ਸੰਮੇਲਨ ਸਮੇਂ ਜਥੇਦਾਰ ਮਨਜੀਤ ਸਿੰਘ ਹੁਰਾਂ ਸਾਡੀ ਬੇਨਤੀ ਪ੍ਰਵਾਨ ਕਰ ਕੇ ਇਸ ਪੱਥਰ ਨੂੰ ਚੁਕਵਾ ਦਿਤਾ ਸੀ। ਅੰਧ ਵਿਸ਼ਵਾਸੀ ਸਿੱਖਾਂ ਅਤੇ ਉਨ੍ਹਾਂ ਦੇ ਹਿਮਾਇਤੀਆਂ ਨੇ ਹੰਗਾਮਾ ਸ਼ੁਰੂ ਕਰ ਦਿਤਾ ਅਤੇ



Academy of the Punjab in North America: http://www.apnaorg.com

ਪੱਥਰ ਮੁੜ ਉਥੇ ਹੀ ਜੜਿਆ ਗਿਆ। ਸਿੱਖ ਸੰਗਤਾਂ ਗੁਰੂ ਸ਼ਬਦ ਦੇ ਲੜ ਨਹੀਂ ਲੱਗੀਆਂ, ਬਲਕਿ ਗੋਲਡਨ ਟੈਂਪਲ ਦੀ ਹਰ ਬੇਰੀ, ਪੱਥਰ, ਸਰਦਲ ਅਤੇ ਹੁਕਮਨਾਮੇ ਦੀਆਂ ਤਖ਼ਤੀਆਂ ਅੱਗੇ ਮੱਥੇ ਟੇਕ ਕੇ ਤੁਰ ਜਾਂਦੀਆਂ ਹਨ।

ਗੋਲਡਨ ਟੈਂਪਲ ਅੰਦਰ ਰਸ ਭਿੰਨਾ ਕੀਰਤਨ ਰੂਹ ਨੂੰ ਧਰਵਾਸ ਦਿੰਦਾ ਹੈ। ਕਈ ਵਾਰ ਪਹਿਲੀ ਮੰਜ਼ਿਲ ਉੱਪਰ ਸ਼ਾਂਤ ਮਾਹੌਲ ਵਿਚ ਕੀਰਤਨ ਦਾ ਰਸ ਮਾਣਿਆ ਜਾ ਸਕਦਾ ਸੀ। ਮੇਰਾ ਨਿਜੀ ਤਜਰਬਾ ਵੀ ਰਿਹਾ ਹੈ। ਗੁਰਦਵਾਰਾ ਸ਼ਹੀਦਾਂ ਵਿਚ ਤਾਂ ਹਮੇਸ਼ਾ ਕਰਮ-ਕਾਂਡ ਦਾ ਬੋਲਬਾਲਾ ਰਿਹਾ ਹੈ ਅਤੇ ਸੰਗਤਾਂ ਚਲੀਹੇ ਕੱਟਦੀਆਂ ਹਨ। ਹੁਣ ਹਰਿਮੰਦਰ ਸਾਹਿਬ ਦਾ ਅਧਿਆਤਮਕ ਮਾਹੌਲ ਵੀ ਭੰਗ ਹੋ ਰਿਹਾ ਹੈ। ਪਹਿਲੀ ਮੰਜ਼ਿਲ ਉੱਪਰ ਗੁਟਕਿਆਂ ਦੀ ਅਲਮਾਰੀ ਪਤਾ ਨਹੀਂ ਕਿਸ ਜਥੇਦਾਰ ਦੀ ਮਨਜ਼ੂਰੀ ਨਾਲ ਰੱਖੀ ਗਈ ਹੈ? ਮੇਰੇ ਵਰਗੇ ਕੀਰਤਨ ਸੁਣਨ ਵਾਲੇ ਪ੍ਰੇਮੀਆਂ ਨੂੰ ਬਹੁਤ ਹੀ ਅਫ਼ਸੋਸ ਹੁੰਦਾ ਹੈ ਜਦ ਚਲੀਹਾ ਅਤੇ ਹੋਰ ਪਾਠ ਕਰਨ ਵਾਲੇ ਸੱਜਣ ਉੱਚੀ ਸੁਰ ਵਿਚ ਪਾਠ ਕਰ ਕੇ ਸ਼ਾਂਤ ਮਾਹੌਲ ਨੂੰ ਭੰਗ ਕਰ ਦਿੰਦੇ ਹਨ। ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਕੀਰਤਨ ਦੌਰਾਨ ਪਾਠ ਕਰਨ ਦੀ ਮਨਾਹੀ ਹੋਣੀ ਚਾਹੀਦੀ ਹੈ ਅਤੇ ਗੁਟਕਿਆਂ ਦੀ ਅਲਮਾਰੀ ਕਿਸੇ ਹੋਰ ਕਮਰੇ ਵਿਚ ਰੱਖ ਦੇਣੀ ਚਾਹੀਦੀ ਹੈ ਤਾਂ ਕਿ ਸ਼ਰਧਾਵਾਨ ਸਿੱਖ ਉਥੇ ਬੈਠ ਕੇ ਪਾਠ ਕਰ ਲਿਆ ਕਰਨ।

ਗੁਰਦਵਾਰੇ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਕੇਂਦਰ ਹੋਣੇ ਚਾਹੀਦੇ ਹਨ। ਕੀਰਤਨ ਦੇ ਨਾਲ ਸ਼ਬਦ ਵਿਚਾਰ ਵੀ ਲਾਜ਼ਮੀ ਹੈ। ਮੇਰਾ ਵਿਚਾਰ ਹੈ ਕਿ ਗੋਲਡਨ ਟੈਂਪਲ ਦੇ ਹੁਕਮਨਾਮੇ ਦੀ ਕਥਾ ਟੀ.ਵੀ. ਉੱਪਰ ਵਿਸ਼ਵ ਭਰ ਦੇ ਸਿੱਖਾਂ ਲਈ ਪ੍ਰਸਾਰ ਕਰਨ ਦੀ ਜ਼ਰੂਰਤ ਹੈ। ਜੇ ਪੰਜਾਬੀ ਅਤੇ ਅੰਗਰੇਜ਼ੀ ਦੋਹਾਂ ਭਾਸ਼ਾਵਾਂ ਵਿਚ ਹੀ ਸ਼ਬਦ ਦੀ ਵਿਆਖਿਆ ਕੀਤੀ ਜਾਵੇ ਤਾਂ ਸਭ ਧਰਮਾਂ ਦੇ ਲੋਕ ਇਲਾਹੀ ਬਾਣੀ ਦੇ ਪ੍ਰਭਾਵ ਨੂੰ ਕਬੂਲ ਕਰਨਗੇ। ਈਸਾਈ ਮੱਤ ਵਾਲਿਆਂ ਇਕ ਅਮਰੀਕਨ ਬੀਬੀ ਨੂੰ ਬਾਈਬਲ ਦੀ ਕਥਾ ਲਈ ਤਿਆਰ ਕੀਤਾ ਹੈ ਜੋ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਕਥਾ ਵਿਆਖਿਆ ਕਰਦੀ ਹੈ ਅਤੇ ਦੁਨੀਆ ਭਰ ਦੀਆਂ ਭਾਸ਼ਾਵਾਂ ਵਿਚ ਇਸ ਦਾ ਅਨੁਵਾਦ ਪ੍ਰਸਾਰਿਆ ਜਾ ਰਿਹਾ ਹੈ। ਗੋਲਡਨ ਟੈਂਪਲ ਦੀ ਮਰਯਾਦਾ ਸੌ ਸਾਲ ਤੋਂ ਵੀ ਵਧੀਕ ਪੁਰਾਣੀ ਹੈ। ਹੁਣ ਦੇ ਵਿਗਿਆਨਕ ਯੁੱਗ ਵਿਚ ਟੀ.ਵੀ. ਦੇ ਪ੍ਰਸਾਰ ਰਾਹੀਂ ਸਿੱਖ ਧਰਮ ਦਾ ਪ੍ਰਚਾਰ ਵਿਸ਼ਵ ਪੱਧਰ ਉੱਪਰ ਹੋ ਸਕਦਾ ਹੈ, ਜੇਕਰ ਮਰਯਾਦਾ ਵਿਚ ਲੋੜ ਮੁਤਾਬਕ ਸੋਧ ਕਰ ਲਈ ਜਾਵੇ। ਜੇਕਰ ਗੁਰੂ ਸਾਹਿਬਾਨ ਦੇ ਸਮੇਂ ਕੀਰਤਨ ਰਬਾਬੀ ਕਰ ਸਕਦੇ ਸਨ ਤਾਂ ਹੁਣ ਕਿਉਂ ਬਾਕੀ ਧਰਮਾਂ ਦੇ ਮਹਾਨ ਕੀਰਤਨੀਏ ਅਤੇ ਸਿੱਖ ਬੀਬੀਆਂ ਨੂੰ ਗੋਲਡਨ ਟੈਂਪਲ ਵਿਚ ਕੀਰਤਨ ਕਰਨ ਦੀ ਮਨਾਹੀ ਹੈ?

ਗੋਲਡਨ ਟੈਂਪਲ ਅੰਦਰ ਅਖੰਡ ਪਾਠ ਦੀਆਂ ਲੜੀਆਂ ਚਲਦੀਆਂ ਰਹਿੰਦੀਆਂ ਹਨ।



Academy of the Punjab in North America: http://www.apnaorg.com

ਪਹਿਲੀ ਮੰਜ਼ਿਲ, ਦੂਸਰੀ ਮੰਜ਼ਿਲ, ਦੁਖਭੰਜਨੀ ਬੇਰੀ ਅਤੇ ਹੁਣ ਅਕਾਲ ਤਖ਼ਤ ਦੇ ਪਿੱਛੇ ਦੋ ਦਰਜਨ ਦੇ ਕਰੀਬ ਕਮਰੇ ਅਖੰਡ ਪਾਠ ਲਈ ਤਿਆਰ ਕੀਤੇ ਗਏ ਹਨ। ਪਤਾ ਲੱਗਾ ਹੈ ਕਿ ਅਖੰਡ ਪਾਠ ਦਾ ਰੇਟ ਜਗ੍ਹਾ ਉੱਪਰ ਨਿਰਭਰ ਕਰਦਾ ਹੈ ਅਤੇ ਗੋਲਡਨ ਟੈਂਪਲ ਅੰਦਰ ਅਤੇ ਦੁਖਭੰਜਨੀ ਬੇਰੀ ਦੇ ਟਿਕਾਣੇ 'ਤੇ ਪਾਠ ਕਰਾਉਣ ਲਈ ਕਈ ਸਾਲ ਪਹਿਲਾਂ ਬੁਕਿੰਗ ਕਰਵਾਉਣੀ ਪੈਂਦੀ ਹੈ। ਮੇਰੇ ਉਸਤਾਦ ਅਪਣੇ ਪੋਤਰੇ ਦਾ ਅਖੰਡ ਪਾਠ ਬੁੱਕ ਕਰਵਾ ਚੁੱਕੇ ਸਨ। ਡਾਲਰਾਂ ਦੇ ਰੱਫੇ ਭੇਜੇ ਗਏ ਅਤੇ ਮੇਰੀ ਡਿਊਟੀ ਲੱਗੀ ਕਿ ਹੁਕਮਨਾਮਾ ਪ੍ਰਾਪਤ ਕਰ ਕੇ ਡਾਕ ਰਾਹੀਂ ਭੇਜ ਦਿਆਂ। ਉਸ ਸਮੇਂ ਕਈ ਗੁੱਝੇ ਭੇਤ ਮਾਲੂਮ ਹੋਏ। ਇਹ ਵੀ ਪਤਾ ਲੱਗਾ ਕਿ ਕੀਤੇ ਕਰਾਏ ਅਖੰਡ ਪਾਠ ਵੀ ਵੇਚੇ ਜਾਂਦੇ ਹਨ। ਜਦੋਂ ਜੀਅ ਚਾਹੇ ਭੋਗ ਪਵਾ ਕੇ ਹੁਕਮਨਾਮਾ ਪ੍ਰਾਪਤ ਕਰ ਲਵੋ। ਕੀ ਹੁਣ ਗੋਲਡਨ ਟੈਂਪਲ ਇਕ ਅਧਿਆਤਮਕ ਕੇਂਦਰ ਦੀ ਬਜਾਏ ਇਕ ਵਪਾਰਕ ਕੇਂਦਰ ਨਹੀਂ ਬਣਦਾ ਜਾ ਰਿਹਾ ? ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਸੂਝਵਾਨ ਸਿੱਖਾਂ ਨੂੰ ਸਨਿਮਰ ਬੇਨਤੀ ਹੈ ਕਿ ਗੋਲਡਨ ਟੈਂਪਲ ਦੇ ਅਧਿਆਤਮਕ ਮਾਹੌਲ ਨੂੰ ਬਰਕਰਾਰ ਰੱਖਿਆ ਜਾਵੇ, ਕਿਉਂਕਿ ਇਹ ਵਿਸ਼ਵ ਭਰ ਦੀ ਲੋਕਾਈ ਲਈ ਸਿੱਖ ਧਰਮ ਨੂੰ ਸਮਝਣ ਲਈ ਇਕ ਝਰੋਖਾ ਹੈ।

✱✱✱



Academy of the Punjab in North America: http://www.apnaorg.com

# 9.

# ਖਾਲਸਾ ਰਾਜ ਦਾ ਮੋਢੀ : ਬੰਦਾ ਸਿੰਘ ਬਹਾਦਰ

ਆਵਾਜ਼-ਏ-ਖ਼ਾਲਸਾ (ਮਾਰਚ 2009) ਵਿਚ ਸਿਰਦਾਰ ਕਪੂਰ ਸਿੰਘ ਦੀ ਲੰਡਨ ਤੋਂ ਨਿਕਲਦੀ ਪੱਤ੍ਰਿਕਾ 'ਦੇਸ ਪ੍ਰਦੇਸ' ਨਾਲ ਹੋਈ ਮੁਲਾਕਾਤ ਛਪੀ ਸੀ। ਕਪੂਰ ਸਿੰਘ ਦਾ ਕਹਿਣਾ ਹੈ ਕਿ ਦੁਨੀਆ ਦੀ ਸਾਰੀ ਤਵਾਰੀਖ ਫਰੋਲ ਲਵੋ, ਰਾਜ ਕੇਵਲ ਸਿੱਖ ਕੌਮ ਨੇ ਹੀ ਕੀਤਾ ਹੈ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕੋਈ ਨਹੀਂ ਆਖਦਾ 'ਸਿੱਖ ਜਾਂ ਖਾਲਸਾ ਰਾਜ' ਹੀ ਕਿਹਾ ਜਾਂਦਾ ਹੈ। ਸਿਰਦਾਰ ਦੀ ਦੂਜੀ ਗੱਲ ਬਹੁਤ ਹੀ ਮਹੱਤਵਪੂਰਨ ਹੈ "ਸਿੱਖਾਂ ਨੂੰ ਹੌਸਲਾ ਨਹੀਂ ਛੱਡਣਾ ਚਾਹੀਦਾ ਜੇਕਰ ਕੇਵਲ ਵੀਹ ਬੰਦੇ ਵੀ ਡਾ. ਜਗਜੀਤ ਸਿੰਘ ਬਣ ਜਾਣ ਤਾਂ ਸਿੱਖ ਰਾਜ ਆਇਆ ਕਿ ਆਇਆ"।

ਮੈਂ ਸੋਚ ਰਿਹਾ ਸਾਂ ਕਿ ਸਿਰਦਾਰ ਕਪੂਰ ਸਿੰਘ ਭਾਵੁਕ ਹੋ ਕੇ ਅਤਿਕਥਨੀ ਕਰ ਰਹੇ ਹੋਣਗੇ। ਕੁਦਰਤੀ ਉਸੇ ਹਫਤੇ ਮੇਰੇ ਪਾਸ ਡਾ. ਬਲਵੰਤ ਸਿੰਘ ਢਿੱਲੋਂ ਦੀ ਲਿਖੀ 'ਬੰਦਾ ਸਿੰਘ ਬਹਾਦਰ' ਪੁਸਤਕ ਰੀਵੀਊ ਲਿਖਣ ਵਾਸਤੇ ਮਿਲ ਗਈ। ਇਹ ਪੁਸਤਕ ਇੱਕੀ ਮੌਲਿਕ ਸਰੋਤਾਂ ਦੀ ਖੋਜ ਕਰਕੇ ਤਿਆਰ ਕੀਤੀ ਗਈ ਹੈ ਜੋ ਸਾਰੇ ਦੇ ਸਾਰੇ ਫਾਰਸੀ ਭਾਸ਼ਾ ਵਿਚ ਉਪਲਬਧ ਹਨ। ਇਸ ਪੁਸਤਕ ਦਾ ਅੰਗਰੇਜ਼ੀ ਵਿਚ ਰੀਵੀਊ 'ਸਿੱਖ ਰੀਵੀਊ' ਕਲਕੱਤਾ ਵਿਚ ਛਪ ਰਿਹਾ ਹੈ। ਪਾਠਕਾਂ ਨਾਲ ਵਿਚਾਰ ਸਾਂਝੇ ਕਰਨ ਲਈ ਇਸ ਰੀਵੀਊ ਦੇ ਕੁੱਝ ਅੰਸ਼ ਪੇਸ਼ ਕਰ ਰਿਹਾ ਹਾਂ।

ਢਾਡੀ ਨੱਥ ਮੱਲ ਨੇ ਅਮਰ ਨਾਮਾ ਦੀ ਰਚਨਾ ਕਰਕੇ ਮਾਧੋ ਦਾਸ ਬੈਰਾਗੀ ਦੀ ਮੁਲਾਕਾਤ ਦਾ ਜ਼ਿਕਰ ਕੀਤਾ ਹੈ ਜੋ ਗੋਦਾਵਰੀ ਨਦੀ ਕਿਨਾਰੇ ਗੁਰੂ ਗੋਬਿੰਦ ਸਿੰਘ ਜੀ ਨਾਲ ਬੜੇ ਨਾਟਕੀ ਢੰਗ ਨਾਲ ਹੋਈ। ਮਾਧੋ ਦਾਸ ਖੰਡੇ ਦੀ ਪਾਹੁਲ ਲੈ ਕੇ ਸਿੰਘ ਸਜ ਗਿਆ ਅਤੇ ਉਸ ਦਾ ਨਾਮ ਗੁਰਬਖ਼ਸ਼ ਸਿੰਘ ਰੱਖਿਆ ਗਿਆ। ਪਰੰਤੂ ਉਹ ਤਨੋ ਮਨੋ ਗੁਰੂ ਦਾ ਬੰਦਾ ਬਣ ਗਿਆ ਸੀ ਜਿਸ ਕਰਕੇ ਸਿੱਖ ਇਤਿਹਾਸ ਵਿਚ ਉਸ ਦਾ ਪ੍ਰਚਲਤ ਨਾਮ 'ਬੰਦਾ ਸਿੰਘ ਬਹਾਦਰ' ਹੀ ਮਸ਼ਹੂਰ ਹੋ ਗਿਆ।

ਗੁਰੂ ਗੋਬਿੰਦ ਸਿੰਘ ਜੀ ਬੰਦੇ ਨੂੰ ਨਾਂਦੇੜ ਤੋਂ ਪੰਜਾਬ ਵੱਲ ਰਵਾਨਾ ਕਰਨ ਲੱਗੇ ਤਾਂ ਕੁੱਝ ਜ਼ਰੂਰੀ ਹਦਾਇਤਾਂ ਵੀ ਕੀਤੀਆਂ। ਪੰਜ ਮੁਹਤਬਰ ਸਿੰਘ ਸਲਾਹਕਾਰ ਥਾਪੇ ਗਏ। ਵੀਹ ਘੋੜ ਸਵਾਰ ਨਾਲ ਭੇਜੇ। ਗੁਰੂ ਜੀ ਪਾਸ ਤਿਆਰ ਬਰ ਤਿਆਰ ਤਿੰਨ ਸੌ ਦੇ ਕਰੀਬ ਸਿੰਘ ਹਾਜ਼ਰ ਸਨ



Academy of the Punjab in North America: http://www.apnaorg.com

ਜੋ ਬੰਦਾ ਬਹਾਦਰ ਨੂੰ ਅੱਠ ਕੋਹ ਤਕ ਵਿਦਾ ਕਰਕੇ ਵਾਪਸ ਨਾਂਦੇੜ ਪਰਤ ਗਏ। ਗੁਰੂ ਜੀ ਨੇ ਆਪਣੇ ਤਰਕਸ਼ ਵਿਚੋਂ ਪੰਜ ਤੀਰ ਅਤੇ ਇਕ ਸਿਰੀ ਸਾਹਿਬ ਭੇਟ ਕੀਤੀ ਅਤੇ ਪੰਜਾਬ ਦੇ ਸਿੱਖਾਂ ਲਈ ਹੁਕਮਨਾਮਾ ਵੀ ਜਾਰੀ ਕੀਤਾ। ਸਿਰਦਾਰ ਕਪੂਰ ਸਿੰਘ ਦੀ ਪ੍ਰੋੜ੍ਹਤਾ ਇਸ ਇਤਿਹਾਸਕ ਗਵਾਹੀ ਤੋਂ ਹੋ ਜਾਂਦੀ ਹੈ ਕਿ ਬੰਦਾ ਬਹਾਦਰ ਕੇਵਲ ਵੀਹ ਕੁ ਸਿੰਘਾਂ ਦੀ ਅਗਵਾਈ ਕਰਦਾ ਹੋਇਆ ਪੰਜਾਬ ਵੱਲ ਰਵਾਨਾ ਹੋਇਆ ਸੀ, ਇਹ ਗੁਰੂ ਦੇ ਸਿੰਘ ਸਿਰਲੱਥ ਸੂਰਮੇ ਸਨ ਜਿਨ੍ਹਾਂ ਨੇ ਮੁਗਲ ਰਾਜ ਦੀਆਂ ਨੀਹਾਂ ਹਿਲਾ ਕੇ ਰੱਖ ਦਿੱਤੀਆਂ। ਸੋ ਸਿੱਖ ਰਾਜ ਦਾ ਮੋਢੀ ਮਹਾਰਾਜਾ ਰਣਜੀਤ ਸਿੰਘ ਨਹੀਂ ਸਗੋਂ ਬੰਦਾ ਸਿੰਘ ਬਹਾਦਰ ਨੂੰ ਮੰਨਿਆ ਜਾਣਾ ਚਾਹੀਦਾ ਹੈ।

ਬੰਦਾ ਸਿੰਘ ਅਜੇ ਪੰਜਾਬ ਪਹੁੰਚਿਆ ਵੀ ਨਹੀਂ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾ ਗਏ। ਸਲਾਹਕਾਰਾਂ ਨੇ ਬੰਦੇ ਨੂੰ ਪਿਛੇ ਮੁੜਨ ਤੋਂ ਰੋਕਿਆ ਅਤੇ ਪੰਜਾਬ ਵੱਲ ਹੋਰ ਤੇਜੀ ਨਾਲ ਵਧਣ ਲਈ ਕਿਹਾ। ਸੋਨੀਪਤ ਦੇ ਕੋਲ ਖੜ੍ਹਖੋਂਦਾ ਪਹੁੰਚ ਕੇ ਬੰਦੇ ਨੇ ਕੁੱਝ ਦਿਨ ਆਰਾਮ ਕੀਤਾ ਅਤੇ ਮਾਲਵੇ ਦੇ ਸਿੱਖਾਂ ਵੱਲ ਹੁਕਮਨਾਮੇ ਦੀਆਂ ਨਕਲਾਂ ਭੇਜੀਆਂ। ਪੰਜਾਬ ਵਿਚ ਸਿੱਖ ਪਹਿਲਾਂ ਹੀ ਤਿਆਰ-ਬਰ-ਤਿਆਰ ਸਨ। ਸਰਹਿੰਦ ਦੇ ਸੂਬੇਦਾਰ ਵੱਲੋਂ ਸਾਹਿਬਜ਼ਾਦਿਆਂ ਉਪਰ ਕੀਤੇ ਗਏ ਜ਼ੁਲਮ ਅਤੇ ਗੁਰੂ ਗੋਬਿੰਦ ਸਿੰਘ ਉਪਰ ਕੀਤੇ ਗਏ ਕਾਤਲਾਨਾ ਹਮਲੇ ਦੀਆਂ ਖ਼ਬਰਾਂ ਪੰਜਾਬ ਵਿਚ ਬੇਚੈਨੀ ਪੈਦਾ ਕਰ ਰਹੀਆਂ ਸਨ। ਮਾਲਵੇ ਦੇ ਸਿੰਘ ਵਹੀਰਾਂ ਘੱਤ ਕੇ ਬੰਦਾ ਬਹਾਦਰ ਦੇ ਜਥੇ ਨਾਲ ਜਾ ਰਲੇ। ਸੋਨੀਪਤ ਉੱਪਰ ਪਹਿਲਾ ਹਮਲਾ ਕਰਕੇ ਫਤਿਹ ਪ੍ਰਾਪਤ ਕੀਤੀ। ਬੰਦਾ ਬਹਾਦਰ ਦਰਿਆ ਦੇ ਹੜ੍ਹ ਵਾਂਗ ਪੰਜਾਬ ਉੱਪਰ ਚੜ੍ਹਿਆ ਆ ਰਿਹਾ ਸੀ। ਕਰਨਾਲ, ਥਾਨੇਸਰ, ਸਢੌਰਾ, ਮੁਸਤਫਾਬਾਦ, ਸ਼ਾਹਬਾਦ, ਕਪੂਰੀ ਅਤੇ ਘੁੜਾਮ ਨੂੰ ਫ਼ਤਿਹ ਕਰਕੇ ਬੰਦਾ ਬਹਾਦਰ ਸਮਾਣੇ ਦੇ ਜਲਾਦਾਂ ਨੂੰ ਸੋਧਣਾ ਚਾਹੁੰਦਾ ਸੀ। ਇਨ੍ਹਾਂ ਜਲਾਦਾਂ ਨੇ ਗੁਰੂ ਤੇਗ ਬਹਾਦਰ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਸੀ। ਸਮਾਣੇ ਦੀ ਲੜਾਈ ਵਿਚ ਸਿੰਘਾਂ ਦੀ ਫੌਜ ਦਾ ਭਾਰੀ ਨੁਕਸਾਨ ਹੋਇਆ ਪ੍ਰਤੂ ਜਿੱਤ ਖਾਲਸੇ ਦੀ ਹੋਈ।

ਸਿੰਘਾਂ ਦੇ ਹੌਸਲੇ ਬੁਲੰਦ ਹੋ ਗਏ ਅਤੇ ਉਹ ਲੱਗੇ ਖ਼ਾਲਸਾ ਰਾਜ ਦਾ ਸੁਪਨਾ ਲੈਣ। ਬੰਦਾ ਬਹਾਦਰ ਕੋਲ ਜੰਗੀ ਸਮਾਨ ਦੀ ਘਾਟ ਸੀ, ਫੌਜ ਵੀ ਉਗੜੀ-ਦੁਗੜੀ ਸੀ, ਡਾ. ਗੰਡਾ ਸਿੰਘ ਦੇ ਕਥਨ ਮੁਤਾਬਿਕ 'ਚੋਰ ਲੁਟੇਰੇ ਵੀ ਬੰਦੇ ਦੀ ਫੌਜ ਵਿਚ ਸ਼ਾਮਲ ਹੋ ਗਏ ਸਨ'। ਬੰਦਾ ਬਹਾਦਰ ਨੇ ਜਿੱਤੇ ਹੋਏ ਇਲਾਕੇ ਦਾ ਪ੍ਰਬੰਧ ਆਪਣੇ ਭਰੋਸੇਮੰਦ ਸਾਥੀਆਂ ਨੂੰ ਸੌਂਪਿਆ। ਉਸਨੇ ਸਢੌਰੇ ਅਤੇ ਪਾਉਂਟਾ ਵਿਚਕਾਰ ਇਕ ਪਹਾੜੀ ਟਿਕਾਣੇ ਨੂੰ ਚੁਣ ਕੇ ਲੋਹਗੜ੍ਹ ਵਿਚ ਖਾਲਸਾ ਰਾਜ ਦੀ ਪਹਿਲੀ ਰਾਜਧਾਨੀ ਕਾਇਮ ਕੀਤੀ। ਇਸ ਦਾ ਪਹਿਲਾ ਨਾਮ ਮੁਖਲਿਸਗੜ੍ਹ ਸੀ ਅਤੇ ਇਸ ਪੁਰਾਣੀ ਹਵੇਲੀ ਦੀ ਮੁਰੰਮਤ ਕਰਕੇ ਇਸ ਨੂੰ ਮਜ਼ਬੂਤ ਕਿਲ੍ਹਾ ਬਣਾ ਲਿਆ। ਸਿੱਖ ਰਾਜ ਦੀ



Academy of the Punjab in North America: http://www.apnaorg.com

ਮੋਹਰ ਅਤੇ ਸਿੱਕਾ ਇਥੋਂ ਹੀ ਜਾਰੀ ਕੀਤਾ ਗਿਆ ਸੀ। ਮੋਹਰ ਉਪਰ ਬੰਦੇ ਬਹਾਦਰ ਨੇ ਆਪਣਾ ਨਾਮ ਨਹੀਂ ਉੱਕਰਿਆ ਸਗੋਂ ਜੋ ਇਬਾਰਤ ਲਿਖੀ ਉਹ ਇਸ ਤਰ੍ਹਾਂ ਹੈ :

*"ਅਜ਼ਮਤਿ ਨਾਨਕ ਗੁਰੂ ਹਮ ਜ਼ਾਹਿਰੋ ਹਮ ਬਾਤਨ ਅਸਤ।*
*ਪਾਦਸ਼ਾਹਿ ਦੀਨੋ ਦੁਨੀਆ ਆਪ ਸੱਚਾ ਸਾਹਿਬ ਅਸਤ।"*

ਭਾਵ : ਨਾਨਕ ਗੁਰੂ ਦੀ ਮਹਾਨਤਾ ਅੰਦਰੋਂ ਭੀ ਹੈ ਤੇ ਬਾਹਰੋਂ ਭੀ, ਦੀਨ ਤੇ ਦੁਨੀਆ ਦਾ ਉਹ ਬਾਦਸ਼ਾਹ ਹੈ ਤੇ ਸੱਚਾ ਸਾਹਿਬ ਹੈ। ਮਗਰੋਂ ਜਾ ਕੇ ਇਸ ਮੋਹਰ ਨੂੰ ਬਦਲ ਦਿੱਤਾ ਗਿਆ ਅਤੇ ਇਸ ਉੱਪਰ ਲਿਖੀ ਇਬਾਰਤ ਇਸ ਤਰ੍ਹਾਂ ਹੈ :

*"ਦੇਗੋ ਤੇਗੋ ਫ਼ਤਹਿ-ਓ-ਨੁਸਰਤਿ ਬੇ-ਦਿਰੰਗ।*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ"।*

ਭਾਵ : ਦੇਗ, ਤੇਗ, ਫ਼ਤਿਹ ਅਤੇ ਸੇਵਾ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਦਰੋਂ ਘਰੋਂ ਪ੍ਰਾਪਤ ਹੋਈ। ਇਸੇ ਤਰ੍ਹਾਂ ਹੀ ਜੋ ਸਿੱਕਾ ਜਾਰੀ ਕੀਤਾ ਉਸ ਉਪਰ ਸਿੱਖ ਗੁਰੂਆਂ ਦੇ ਨਾਮ ਹੀ ਉੱਕਰੇ ਗਏ। ਆਪਣੀ ਵਡਿਆਈ ਨਹੀਂ ਕੀਤੀ ਗਈ:

*"ਸਿੱਕਾ ਜ਼ਦ ਬਰ ਹਰ ਦੋ ਆਲਮ, ਤੇਗਿ ਨਾਨਕ ਵਾਹਿਬ ਅਸਤ।*
*ਫ਼ਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ, ਫ਼ਜ਼ਲਿ ਸੱਚਾ ਸਾਹਿਬ ਅਸਤ॥"*

ਭਾਵ : ਗੁਰੂ ਨਾਨਕ ਦੇਵ ਜੀ ਦੀ ਬਖਸ਼ੀ ਹੋਈ ਤੇਗ ਸਦਕਾ ਦੋ ਜਹਾਨਾਂ ਤੇ ਸਿੱਕਾ ਮਾਰਿਆ। ਸ਼ਾਹਾਂ ਦੇ ਸ਼ਾਹ ਗੁਰੂ ਗੋਬਿੰਦ ਜੀ ਦੀ ਫ਼ਤਹਿ ਹੋਈ। ਉਸ ਸੱਚੇ ਰੱਬ ਨੇ ਵੀ ਮਿਹਰਾਂ ਕੀਤੀਆਂ।

**ਬੰਦਾ ਸਿੰਘ ਬਹਾਦਰ ਦੇ ਉੱਘੇ ਕਾਰਨਾਮੇ**

ਫਾਰਸੀ ਦੇ ਸਰੋਤਾਂ ਤੋਂ ਬਹੁਤੀ ਜਾਣਕਾਰੀ ਆਪਸ ਵਿਚ ਮੇਲ ਖਾਂਦੀ ਹੈ ਪਰੰਤੂ ਕਈ ਲਿਖਾਰੀਆਂ ਨੇ ਅੱਖੀਂ ਡਿੱਠਾ ਹਾਲ ਵੀ ਲਿਖਿਆ ਹੈ। ਲਗਭਗ ਸਭ ਨੇ ਬੰਦਾ ਸਿੰਘ ਬਹਾਦਰ ਨੂੰ ਸਿੱਖਾਂ ਦਾ ਗੁਰੂ ਤਸਲੀਮ ਕੀਤਾ ਹੈ। ਇਕ ਨੇ ਤਾਂ ਇਹ ਵੀ ਲਿਖ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਦੀ ਰੂਹ ਬੰਦੇ ਵਿਚ ਪ੍ਰਵੇਸ਼ ਕਰ ਗਈ ਹੈ ਜਿਸ ਕਰਕੇ ਉਹ ਕਈ ਕੌਤਕ ਕਰ ਸਕਦਾ ਹੈ। ਮੁਸਲਮਾਨ ਲਿਖਾਰੀ ਬੰਦਾ ਬਹਾਦਰ ਨੂੰ ਜਾਦੂਗਰ ਅਤੇ ਬਹੁਰੂਪੀਆ ਵੀ ਮੰਨਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਭੇਸ ਵਟਾ ਕੇ ਜਾਂ ਜਾਨਵਰ ਬਣ ਕੇ ਗਾਇਬ ਹੋ ਸਕਦਾ ਹੈ। ਗੁਰਦਾਸ ਨੰਗਲ ਦੇ ਘੇਰੇ ਸਮੇਂ ਗੜ੍ਹੀ ਵਿਚੋਂ ਇਕ ਗਿੱਦੜ ਭੱਜ ਨਿਕਲਿਆ ਤਾਂ ਅਬਦੁਸ ਸਮੱਦ ਖਾਨ ਨੇ ਹੁਕਮ ਦਿੱਤਾ ਕਿ ਇਸ ਨੂੰ ਜੀਉਂਦੇ ਨੂੰ ਫੜ ਕੇ ਲਿਆਓ। ਹੋ ਸਕਦਾ ਹੈ ਬੰਦਾ ਬਹਾਦਰ ਰੂਹ ਪੋਸ਼



Academy of the Punjab in North America: http://www.apnaorg.com

ਹੋ ਕੇ ਭੱਜ ਨਿਕਲੇ। ਹੁਕਮ ਉਪਰ ਤਾਮੀਲ ਹੋਈ ਅਤੇ ਇਹ ਗਿੱਦੜ ਘੇਰਾ ਮੁਕਣ ਤੱਕ ਫੌਜੀ ਕੈਂਪ ਵਿਚ ਰੱਖਿਆ ਗਿਆ।

ਬੰਦਾ ਬਹਾਦਰ ਦਾ ਸਭ ਤੋਂ ਉੱਘਾ ਕਾਰਨਾਮਾ ਸਰਹਿੰਦ ਉਪਰ ਫ਼ਤਿਹ ਸੀ ਜੋ ਵਜ਼ੀਦ ਖਾਨ ਸੂਬਾ ਸਰਹਿੰਦ ਨੂੰ ਚਪੜ ਚਿੜੀ ਦੇ ਮੈਦਾਨ ਵਿਚ ਹਰਾ ਕੇ ਪ੍ਰਾਪਤ ਹੋਈ। ਇਸ ਲੜਾਈ ਵਿਚ ਸਿੰਘਾਂ ਦੇ ਹੌਂਸਲੇ ਬੁਲੰਦ ਸਨ। ਉਹ ਆਪਣੇ ਗੁਰੂ ਦੇ ਸਾਹਿਬਜ਼ਾਦਿਆਂ ਦੇ ਕਾਤਲ ਨੂੰ ਸਜ਼ਾ ਦੇਣ ਲਈ ਤਤਪਰ ਸਨ। ਵਜ਼ੀਦ ਖਾਨ ਇਕ ਭਾਰੀ ਲਸ਼ਕਰ ਲੈ ਕੇ ਚਪੜ ਚਿੜੀ ਪਹੁੰਚ ਗਿਆ ਜਿਸ ਵਿਚ ਤੋਪਖਾਨਾ, ਘੋੜ ਸਵਾਰ, ਪੈਦਲ ਫੌਜ ਅਤੇ ਹਾਥੀ ਸ਼ਾਮਲ ਸਨ। ਵਜ਼ੀਰ ਖਾਨ ਇਕ ਘਮੰਡੀ ਯੋਧਾ ਅਤੇ ਪਰਖਿਆ ਹੋਇਆ ਜਰਨੈਲ ਸੀ। ਬੰਦਾ ਸਿੰਘ ਬਹਾਦਰ ਕੋਲ ਹਥਿਆਰਾਂ ਦੀ ਘਾਟ ਸੀ ਪਰੰਤੂ ਸਿਰਲੱਥ ਸਿੰਘ ਸੂਰਮੇ ਕਾਇਮ ਸਨ। ਜਦੋਂ ਵਜ਼ੀਰ ਖਾਨ ਦਾ ਹੱਲਾ ਭਾਰੂ ਦਿਸਿਆ ਤਾਂ ਬੰਦਾ ਬਹਾਦਰ ਅਤੇ ਉਸ ਦੇ ਜਰਨੈਲ ਬਾਜ਼ ਸਿੰਘ ਅਤੇ ਫਤਿਹ ਸਿੰਘ ਵਜ਼ੀਰ ਖਾਨ ਉਪਰ ਟੁੱਟ ਕੇ ਪੈ ਗਏ। ਉਸ ਦਾ ਸਿਰ ਕਲਮ ਕਰ ਦਿੱਤਾ ਗਿਆ ਜਿਸ ਕਰਕੇ ਮੁਗਲ ਫੌਜ ਨੂੰ ਬੁਰੀ ਤਰ੍ਹਾਂ ਹਾਰ ਦਾ ਮੂੰਹ ਵੇਖਣਾ ਪਿਆ। ਸਿੰਘ ਬੋਲਿਆਂ ਵਿਚ ਇਸ ਨੂੰ ਢਾਈ ਫੱਟ ਦੀ ਲੜਾਈ ਕਿਹਾ ਜਾਂਦਾ ਹੈ। ਚਪੜ ਚਿੜੀ ਦੀ ਫਤਿਹ 12 ਮਈ 1710 ਨੂੰ ਪ੍ਰਾਪਤ ਹੋਈ ਅਤੇ 14 ਮਈ ਨੂੰ ਸਿੱਖ ਫੌਜਾਂ ਨੇ ਸਰਹਿੰਦ ਉਪਰ ਕਬਜ਼ਾ ਕਰਕੇ ਖ਼ਾਲਸਾਈ ਨਿਸ਼ਾਨ ਕਿਲ੍ਹੇ ਉਪਰ ਝੁਲਾ ਦਿੱਤੇ। ਕਈ ਦਿਨ ਸਰਹਿੰਦ ਦੀ ਲੁੱਟ ਖਸੁੱਟ ਜਾਰੀ ਰਹੀ। ਵਜ਼ੀਰ ਖਾਨ ਦਾ ਪੁੱਤਰ ਤਾਂ ਦਿੱਲੀ ਭੱਜ ਗਿਆ ਪ੍ਰੰਤੂ ਜੋ ਅਹਿਲਕਾਰ ਕਾਬੂ ਆ ਗਏ ਉਹ ਤੇਗ ਦੀ ਭੇਟਾ ਚੜ੍ਹ ਗਏ। ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ ਗਈ ਅਤੇ ਅੱਜ ਤੱਕ ਇਸ ਨੂੰ ਗੁਰੂ ਮਾਰੀ ਸਰਹਿੰਦ ਕਿਹਾ ਜਾਂਦਾ ਹੈ।

ਮਿਰਜ਼ਾ ਮੁਹੰਮਦ ਹਾਰਿਸੀ ਨੇ ਇਬਰਤ ਨਾਮਾ ਵਿਚ ਸਰਹਿੰਦ ਦੇ ਕਤਲੇਆਮ ਬਾਰੇ ਜ਼ਿਕਰ ਕੀਤਾ ਹੈ: "ਸਰਹਿੰਦ ਦੇ ਲੋਕਾਂ ਨੇ ਜਦੋਂ ਇਸ ਫਸਾਦ ਬਾਰੇ ਸੁਣਿਆ ਤਾਂ ਜਿਹੜਾ ਭੱਜ ਸਕਿਆ ਭੱਜ ਕੇ ਨਿਕਲ ਗਿਆ ਅਤੇ ਜਿਹੜਾ ਸ਼ਹਿਰ ਵਿਚ ਰਹਿ ਗਿਆ ਉਹ ਮਾਰਿਆ ਗਿਆ। ਬਦੀ ਕਰਨ ਵਾਲੇ ਕਾਫ਼ਰਾਂ (ਸਿੱਖਾਂ) ਨੇ ਮੁਸਲਮਾਨਾਂ ਨੂੰ ਕਤਲ ਕਰਨ ਵਿਚ ਇੰਨੀ ਜ਼ਿਆਦਤੀ ਕੀਤੀ ਕਿ ਬੱਚਿਆਂ ਨੂੰ ਅਤੇ ਗਰਭਵਤੀ ਔਰਤਾਂ ਨੂੰ ਭੀ ਤਲਵਾਰ ਦੀ ਭੇਟ ਚੜ੍ਹਾ ਦਿੱਤਾ।"

ਸਰਹਿੰਦ ਸੂਬਾ ਮੁਗ਼ਲ ਰਾਜ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਸੀ। ਬੰਦਾ ਸਿੰਘ ਬਹਾਦਰ ਨੇ ਬਾਜ਼ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਥਾਪਿਆ ਅਤੇ ਖ਼ਾਲਸਾ ਫੌਜ ਨਾਲ ਦੁਆਬੇ ਵੱਲ ਰੁੱਖ ਕੀਤਾ। ਰਾਹੋਂ ਵਿੱਚ ਥਾਣਾ ਕਾਇਮ ਕਰਕੇ ਉਹ ਮਾਝੇ ਵਿਚ ਲਾਹੌਰ ਵੱਲ ਵਧਿਆ। ਸਿੱਖ ਰਾਜ ਦੀ ਰਾਜਧਾਨੀ ਲੋਹਗੜ੍ਹ ਹੀ ਰੱਖੀ। ਦੋ ਸਾਲਾਂ ਅੰਦਰ ਸਿੱਖ ਰਾਜ ਦੀਆਂ ਹੱਦਾਂ



Academy of the Punjab in North America: http://www.apnaorg.com

ਥਾਨੇਸਰ ਤੋਂ ਲੈ ਕੇ ਸਹਾਰਨਪੁਰ ਅਤੇ ਜਮਨਾ ਦਰਿਆ ਤੋਂ ਲੈ ਕੇ ਬਿਆਸ ਤੱਕ ਫੈਲ ਗਈਆਂ। ਸਹਾਰਨਪੁਰ, ਬੂੜੀਆ, ਸਢੌਰਾ, ਛੱਤ-ਬਨੂੜ, ਅੰਬਾਲਾ, ਸ਼ਾਹਬਾਦ, ਥਾਨੇਸਰ, ਸਰਹਿੰਦ, ਪਾਇਲ, ਰੋਪੜ, ਮਾਛੀਵਾੜਾ ਅਤੇ ਰਾਹੋਂ ਖਾਲਸਾ ਰਾਜ ਵਿਚ ਸ਼ਾਮਲ ਕਰ ਲਏ ਗਏ।

ਬੰਦਾ ਸਿੰਘ ਨੇ ਜਾਗੀਰਦਾਰੀ ਸਿਸਟਮ ਖ਼ਤਮ ਕਰਕੇ ਕਾਸ਼ਤਕਾਰਾਂ ਨੂੰ ਮਾਲਕ ਬਣਾ ਦਿੱਤਾ। ਇਸ ਨਾਲ ਗਰੀਬ ਹਿੰਦੂ ਅਤੇ ਮੁਸਲਮਾਨ ਉਸ ਦੇ ਪੈਰੋਕਾਰ ਬਣ ਗਏ। ਯਾਰ ਮੁਹੰਮਦ ਖਾਨ ਕਲੰਦਰ ਨੇ ਦਸਤੂਰ-ਉਲ-ਇੰਸ਼ਾ ਵਿਚ ਜ਼ਿਕਰ ਕੀਤਾ ਹੈ: "ਸਾਰੇ ਹਿੰਦੂਆਂ ਅਤੇ ਮੁਸਲਮਾਨਾਂ ਨੇ ਸਿੱਖਾਂ ਦੀ ਤਾਬੇਦਾਰੀ ਕਰਨ ਤੋਂ ਬਿਨਾਂ ਕੋਈ ਚਾਰਾ ਨਾ ਵੇਖਦੇ ਹੋਏ, ਉਨ੍ਹਾਂ ਦਾ ਧਰਮ ਅਤੇ ਦਸਤੂਰ ਇਖਤਿਆਰ ਕਰ ਲਿਆ। ਬੰਦਾ ਬਹਾਦਰ ਇਕ ਐਸਾ ਜੋਤਸ਼ੀ ਤੇ ਜਾਦੂਗਰ ਸੀ, ਜਿਹੜਾ ਹਰੇਕ ਦੇ ਦਿਲ ਨੂੰ ਆਪਣੇ ਸ਼ਰਧਾ ਦੇ ਜਾਲ ਵਿਚ ਫਸਾਉਂਦਾ ਸੀ। ਦੀਨਦਾਰ ਖਾਂ, ਦੀਨਦਾਰ ਸਿੰਘ ਅਤੇ ਖਬਰ-ਨਵੀਸ ਮੀਰ ਨਸੀਰੁਦੀਨ 'ਮੀਰ ਨਸੀਰੁਦੀਨ ਸਿੰਘ' ਬਣ ਗਿਆ"। ਸਿੱਖਾਂ ਨੇ ਧਰਮ ਤਬਦੀਲ ਕਰਨ ਲਈ ਕੋਈ ਜ਼ਬਰਦਸਤੀ ਨਹੀਂ ਕੀਤੀ ਸਗੋਂ ਮੁਗਲਾਂ ਦੇ ਰਾਜ ਤੋਂ ਦੁੱਖੀ ਪਰਜਾ ਨੇ ਬੰਦਾ ਸਿੰਘ ਬਹਾਦਰ ਨੂੰ ਆਪਣਾ ਰਹਿਬਰ ਮੰਨ ਲਿਆ। ਉਸ ਦੀ ਫੌਜ ਵਿਚ ਸਿੱਖ, ਹਿੰਦੂ ਅਤੇ ਮੁਸਲਿਮ ਸ਼ਾਮਲ ਸਨ।

### ਖਾਲਸਾ ਰਾਜ ਦਾ ਪਤਨ

ਬਾਦਸ਼ਾਹ ਬਹਾਦਰ ਸ਼ਾਹ ਨੂੰ ਜਦੋਂ ਬੰਦਾ ਬਹਾਦਰ ਦੀਆਂ ਜਿੱਤਾਂ ਦੀ ਖ਼ਬਰ ਮਿਲੀ ਅਤੇ ਵਜ਼ੀਰ ਖਾਨ ਦੇ ਕਤਲ ਦਾ ਪਤਾ ਲੱਗਿਆ ਤਾਂ ਉਹ ਦੱਖਣ ਤੋਂ ਕੂਚ ਕਰਦਾ ਹੋਇਆ ਸਿੱਧਾ ਸਢੌਰੇ ਪਹੁੰਚ ਗਿਆ। ਫੌਜਾਂ ਨੂੰ ਹੁਕਮ ਸੀ ਕਿ ਦਿੱਲੀ ਦਾਖ਼ਲ ਨਹੀਂ ਹੋਣਾ, ਪਹਿਲਾਂ ਸਿੱਖਾਂ ਨੂੰ ਸੋਧਣਾ ਹੈ। ਲੋਹਗੜ੍ਹ ਦੀ ਪਹਿਲੀ ਲੜਾਈ ਵਿਚ ਬਾਦਸ਼ਾਹ, ਉਸ ਦੇ ਤਿੰਨ ਪੁੱਤਰ ਅਤੇ ਵੱਡਾ ਵਜ਼ੀਰ ਵੀ ਸ਼ਾਮਲ ਸਨ। ਕਾਮਰਾਜ ਬਿਨ ਨੈਣ ਸਿੰਘ ਨੇ ਇਬਰਤ ਨਾਮਾ ਵਿਚ ਇਸ ਲੜਾਈ ਦਾ ਪੂਰਾ ਹਾਲ ਲਿਖਿਆ ਹੈ। ਮੁਗ਼ਲ ਫੌਜ ਦੀ ਮੱਦਦ ਲਈ ਰਾਜਾ ਸਤਰਸਾਲ ਅਤੇ ਚੂਰਾਮਨ ਜਾਟ ਵੀ ਫੌਜਾਂ ਸਮੇਤ ਹਾਜ਼ਰ ਸਨ। ਬਾਦਸ਼ਾਹ ਚਾਹੁੰਦਾ ਸੀ ਕਿ ਬੰਦਾ ਬਹਾਦਰ ਨੂੰ ਜੀਉਂਦੇ ਹੀ ਫੜਿਆ ਜਾਵੇ। ਹਰਾਵਲ ਦਸਤਾ ਮੁਨਾਇਮ ਖਾਨ ਅਤੇ ਰੁਸਤਮ ਦਿਲ ਖਾਨ ਦੀ ਅਗਵਾਈ ਹੇਠ ਲੋਹਗੜ੍ਹ ਤੇ ਹੱਲਾ ਬੋਲਦਾ ਹੈ ਪਰੰਤੂ ਹਾਰ ਖਾ ਕੇ ਵਾਪਸ ਪਰਤਦਾ ਹੈ ਅਤੇ ਬਾਦਸ਼ਾਹ ਤੋਂ ਲਾਹਨਤਾਂ ਪੈਂਦੀਆਂ ਹਨ। ਇਸ ਤੋਂ ਬਾਅਦ ਮੁਹੰਮਦ ਅਮੀਨ ਖਾਨ ਨੂੰ ਮੁਹਿੰਮ ਤੇ ਭੇਜਿਆ ਜਾਂਦਾ ਹੈ। ਬੰਦਾ ਬਹਾਦਰ ਆਪਣੇ ਸਾਥੀਆਂ ਸਮੇਤ ਲੜਾਈ ਦੇ ਮੈਦਾਨ ਵਿਚੋਂ ਪਹਾੜੀਆਂ ਦੇ ਰਸਤੇ ਗਾਇਬ ਹੋ ਜਾਂਦਾ ਹੈ। ਬਾਦਸ਼ਾਹ ਨੂੰ ਨਿਰਾਸਤਾ ਹੁੰਦੀ ਹੈ ਕਿ ਬੰਦਾ ਘੇਰੇ ਵਿਚੋਂ ਕਿਵੇਂ ਭੱਜ ਗਿਆ। ਲੋਹਗੜ੍ਹ ਦਾ ਕਿਲਾ ਤਬਾਹ ਕਰ ਦਿੱਤਾ ਗਿਆ ਅਤੇ ਬਾਦਸ਼ਾਹ ਦੇ ਹੁਕਮ ਨਾਲ ਨਾਹਨ ਦੇ ਰਾਜੇ ਭੂਪ ਪ੍ਰਕਾਸ਼ ਨੂੰ ਕੈਦ ਕਰ ਲਿਆ ਗਿਆ ਕਿਉਂਕਿ ਬੰਦਾ ਬਹਾਦਰ ਉਸ ਦੀ



Academy of the Punjab in North America: http://www.apnaorg.com

ਰਿਆਸਤ ਵਿਚ ਲੁਕ ਜਾਂਦਾ ਸੀ। ਰਾਜੇ ਦੀ ਮਾਂ ਨੇ ਸਿੱਖਾਂ ਕੋਲ ਫਰਿਆਦ ਕੀਤੀ ਕਿ ਉਹ ਬਹਾਦਰ ਸ਼ਾਹ ਕੋਲ ਪੇਸ਼ ਹੋ ਕੇ ਉਸ ਦੇ ਪੁੱਤਰ ਨੂੰ ਬੇਕਸੂਰ ਦੱਸਣ ਅਤੇ ਬਰੀ ਕਰਾਉਣ ਵਿੱਚ ਮਦਦ ਕਰਨ। ਮਾਂ ਦੀ ਪੁਕਾਰ ਸੁਣ ਕੇ ਸਿੰਘ ਪਤੀਜ਼ ਗਏ ਅਤੇ ਉਸ ਦੇ ਨਾਲ ਦਿੱਲੀ ਦਰਬਾਰ ਵਿਚ ਹਾਜ਼ਰ ਹੋਏ। ਬਹਾਦਰ ਸ਼ਾਹ ਨੇ ਨਾਹਨ ਦੇ ਰਾਜੇ ਨੂੰ ਤਾਂ ਰਿਹਾ ਨਾ ਕੀਤਾ ਉਲਟਾ ਤੀਹ ਸਿੰਘਾਂ ਨੂੰ ਕਤਲ ਕਰਵਾ ਦਿੱਤਾ ਜੋ ਉਸਦੀ ਬੰਦ ਖ਼ਲਾਸੀ ਲਈ ਹਾਜ਼ਰ ਹੋਏ ਸਨ।

ਮੁਹੰਮਦ ਅਮੀਨ ਖਾਨ (ਚੀਨ ਬਹਾਦਰ) ਬਹਾਦਰ ਸ਼ਾਹ ਦਾ ਉੱਘਾ ਜਰਨੈਲ ਸੀ। ਉਸ ਨੇ ਨਵੰਬਰ 1710 ਵਿਚ ਸਰਹਿੰਦ ਫ਼ਤਿਹ ਕਰ ਕੇ ਬਾਦਸ਼ਾਹ ਦਾ ਦਿਲ ਜਿੱਤ ਲਿਆ ਸੀ। ਲੋਹਗੜ੍ਹ ਦੀ ਜਿੱਤ ਦਾ ਸਿਹਰਾ ਵੀ ਉਸ ਦੇ ਸਿਰ ਬੱਝਾ ਸੀ। ਸਰਹਿੰਦ ਅਤੇ ਲੋਹਗੜ੍ਹ ਵਿਚ ਸਿੱਖਾਂ ਦੀ ਕਰਾਰੀ ਹਾਰ ਤੋਂ ਬਾਅਦ ਮੁਗ਼ਲ ਬਾਦਸ਼ਾਹ ਸੋਚਦਾ ਸੀ ਕਿ ਬੰਦਾ ਦੁਬਾਰਾ ਸਿਰ ਨਹੀਂ ਚੁੱਕੇਗਾ। ਅਚਨਚੇਤ ਬਹਾਦਰ ਸ਼ਾਹ ਦੀ ਮੌਤ ਦੀ ਖ਼ਬਰ ਸਿੱਖਾਂ ਨੂੰ ਮਿਲੀ ਤਾਂ ਉਨ੍ਹਾਂ ਦੇ ਹੌਸਲੇ ਬੁਲੰਦ ਹੋ ਗਏ। ਬੰਦਾ ਬਹਾਦਰ ਦੀ ਅਗਵਾਈ ਵਿਚ ਸਿੱਖਾਂ ਨੇ ਲੋਹਗੜ੍ਹ ਤੇ ਦੁਬਾਰਾ ਕਬਜ਼ਾ ਕਰ ਲਿਆ। ਜਹਾਂਦਾਰ ਸ਼ਾਹ ਮਾਰਚ 1712 ਨੂੰ ਦਿੱਲੀ ਦੇ ਤਖ਼ਤ ਉਪਰ ਬੈਠਾ ਤਾਂ ਉਸ ਨੇ ਨਾਹਨ ਦੇ ਰਾਜਾ ਭੂਪ ਪ੍ਰਕਾਸ਼ ਨੂੰ ਇਸ ਸ਼ਰਤ ਉੱਪਰ ਰਿਹਾ ਕਰ ਦਿੱਤਾ ਕਿ ਉਹ ਬੰਦਾ ਬਹਾਦਰ ਨੂੰ ਕੈਦ ਕਰਨ ਵਿਚ ਮੱਦਦ ਕਰੇ। ਜਹਾਂਦਾਰ ਸ਼ਾਹ ਦੇ ਕਤਲ ਉਪਰੰਤ ਫਰੁੱਖਸੀਅਰ ਦਿੱਲੀ ਦੀ ਗੱਦੀ ਉਪਰ ਬੈਠਾ। ਉਸ ਨੇ ਅਬਦੁੱਸ ਸਮੱਦ ਖਾਂ ਨੂੰ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਜਰਨੈਲ ਨਿਯੁਕਤ ਕੀਤਾ ਅਤੇ ਬਾਅਦ ਵਿਚ ਲਾਹੌਰ ਦੀ ਗਵਰਨਰੀ ਵੀ ਦੇ ਦਿੱਤੀ। ਇਸ ਜਰਨੈਲ ਨੇ ਪਹਿਲਾਂ ਲੋਹਗੜ੍ਹ ਉਪਰ ਕਬਜ਼ਾ ਕੀਤਾ ਅਤੇ ਫਿਰ ਬੰਦਾ ਬਹਾਦਰ ਨੂੰ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਘੇਰ ਲਿਆ। ਇਹ ਘੇਰਾ ਅੱਠ ਮਹੀਨੇ ਤੱਕ ਰਿਹਾ। ਸਿੱਖਾਂ ਦਾ ਰਾਸ਼ਨ ਪਾਣੀ ਬੰਦ ਹੋ ਗਿਆ। ਇਸ ਮੁਹਿੰਮ ਵਿਚ ਪਹਾੜੀ ਰਾਜੇ ਵੀ ਸਿੱਖਾਂ ਵਿਰੁੱਧ ਸ਼ਾਮਲ ਹੋਏ, ਖਾਸ ਕਰਕੇ ਸਰੂਪ ਦੇਵ ਜੰਮਵਾਲ, ਧਰੁੱਪ ਦੇਵ ਜਸਰੋਟੀਆ, ਮਿਹਰ ਚੰਦ ਕਟੋਚ ਅਤੇ ਦਯਾਧਾਤਾ ਨੂਰਪੁਰੀਆ। ਗ਼ੁਲਾਮ ਮੁਹੀਉਦੀਨ ਨੇ ਫਤੂਹਾਤਨਾਮਾ-ਏ-ਸਮਦੀ ਵਿਚ ਇਸ ਘੇਰੇ ਦਾ ਬਹੁਤ ਹੀ ਬਾਰੀਕੀ ਨਾਲ ਜ਼ਿਕਰ ਕੀਤਾ ਹੈ। ਜਦੋਂ ਸਿੰਘਾਂ ਨੇ ਭੁੱਖ ਮਿਟਾਉਣ ਲਈ ਦਰਖਤਾਂ ਦੇ ਪੱਤੇ ਅਤੇ ਸੱਕ ਵੀ ਖਤਮ ਕਰ ਦਿੱਤੇ ਤਾਂ ਅਬਦੁਸ ਸਮੱਦ ਖਾਂ ਨੂੰ ਘੇਰਾ ਮੁਕਦਾ ਜਾਪਿਆ। ਉਸ ਦੀ ਹਿੰਮਤ ਨਾ ਪਈ ਕਿ ਉਹ ਸਿੰਘਾਂ ਉਤੇ ਹਮਲਾ ਬੋਲੇ। ਅਤਿਅੰਤ ਤੰਗੀ ਕਾਰਨ ਸਿੱਖਾਂ ਨੇ ਆਪਣੇ ਆਪ ਨੂੰ ਮੁਗ਼ਲ ਫੌਜ ਦੇ ਸਮਰਪਣ ਕਰ ਦਿੱਤਾ। ਕੈਦੀ ਸਿੱਖਾਂ ਨੂੰ ਪਹਿਲਾਂ ਲਾਹੌਰ ਲਿਜਾਇਆ ਗਿਆ ਅਤੇ ਮੁੜ ਜ਼ਕਰੀਆ ਖਾਨ ਅਤੇ ਕਮਰੁਦੀਨ ਦੀ ਕਮਾਨ ਹੇਠ ਦਿੱਲੀ ਵੱਲ ਤੋਰਿਆ ਗਿਆ। 740 ਦੇ ਕਰੀਬ ਸਿੱਖ ਕੈਦੀ ਦਿੱਲੀ ਫਰੁੱਖਸੀਅਰ ਦੇ ਦਰਬਾਰ ਵਿਚ ਪੇਸ਼ ਕੀਤੇ ਗਏ। 6 ਮਾਰਚ 1716 ਨੂੰ ਸਿੱਖਾਂ ਦਾ ਕਤਲੇਆਮ ਸ਼ੁਰੂ ਹੋਇਆ ਅਤੇ ਹਰ ਰੋਜ਼ ਸੌ ਸੌ ਸਿੱਖ ਸ਼ਹੀਦ ਹੁੰਦੇ ਗਏ। ਕਿਸੇ ਇਕ ਨੇ ਵੀ ਆਪਣਾ ਧਰਮ ਨਹੀਂ ਛੱਡਿਆ ਅਤੇ ਹੱਸ ਕੇ ਮੌਤ ਨੂੰ



Academy of the Punjab in North America: http://www.apnaorg.com

ਗਲਵਕੜੀ ਪਾਈ।

ਮੁਹੰਮਦ ਸ਼ਫ਼ੀ ਵਾਰਿਦ ਨੇ ਸਿੰਘਾਂ ਦੇ ਹੌਂਸਲੇ ਦੀ ਦਾਦ ਇਸ ਤਰ੍ਹਾਂ ਦਿੱਤੀ ਹੈ : "ਅਨੋਖੀ ਗੱਲ ਇਹ ਸੀ ਕਿ ਕੈਦਖਾਨੇ ਵਿਚੋਂ ਨਿਕਲਣ ਸਮੇਂ ਹਰੇਕ ਸਿੱਖ ਦੂਜੇ ਨਾਲੋਂ ਅੱਗੇ ਹੋ ਕੇ ਸ਼ਹੀਦ ਹੋਣ ਲਈ ਕਾਹਲਾ ਪੈ ਰਿਹਾ ਸੀ। ਉਹ ਸਾਰੇ ਰਾਹ ਵਿਚ ਖੇਡਦੇ, ਕੁੱਦਦੇ, ਖੁਸ਼ੀ ਖੁਸ਼ੀ ਹੱਸਦੇ ਜਾਂਦੇ ਅਤੇ ਕਤਲਗਾਹ ਵਿਚ ਪੁੱਜ ਕੇ ਹਰੇਕ ਦੀ ਇੱਛਾ ਦੂਜਿਆਂ ਤੋਂ ਪਹਿਲਾਂ ਸ਼ਹੀਦ ਹੋਣ ਦੀ ਸੀ।"

ਖਾਫ਼ੀ ਖਾਨ ਮੁੰਤਖਬੁ-ਲ-ਲੁਬਾਬ ਵਿਚ ਸਿੱਖਾਂ ਲਈ ਬਹੁਤ ਹੀ ਘਿਣਾਉਣੇ ਸ਼ਬਦ ਵਰਤੇ ਹਨ ਜਿਵੇਂ ਕੁੱਤਾ ਅਤੇ ਸੂਰ ਆਦਿਕ ਪਰੰਤੂ ਉਹ ਸਿੱਖਾਂ ਦੀ ਬਹਾਦਰੀ ਤੋਂ ਕਾਇਲ ਹੋਇਆ ਹੈ। ਸਿੱਖ ਨੌਜਵਾਨ ਦੀ ਸ਼ਹੀਦੀ ਦੀ ਦਾਸਤਾਨ ਇਕ ਹਿਰਦੇ ਵੇਧਕ ਘਟਨਾ ਹੈ ਜੋ ਖਾਫ਼ੀ ਖਾਨ ਨੇ ਬਿਆਨ ਕੀਤੀ ਹੈ: "ਜਿਸ ਸਮੇਂ ਸਿੱਖਾਂ ਨੂੰ ਮੌਤ ਦੀਆਂ ਸਜ਼ਾਵਾਂ ਦਿੱਤੀਆਂ ਜਾ ਰਹੀਆਂ ਸਨ ਤਾਂ ਇਕ ਮੁੱਛ-ਫੁੱਟ ਨੌਜਵਾਨ ਵੀ ਸ਼ਾਮਲ ਸੀ। ਉਸ ਦੀ ਮਾਂ ਨੇ ਵਜ਼ੀਰ ਅਬਦੁੱਲਾ ਖਾਨ ਦੀ ਮੱਦਦ ਲੈ ਕੇ ਫ਼ਰੁੱਖਸੀਅਰ ਤੋਂ ਆਪਣੇ ਪੁੱਤਰ ਦੀ ਰਿਹਾਈ ਲਈ ਫ਼ਰੇਬ ਦਾ ਸਹਾਰਾ ਲਿਆ। ਮਾਂ ਨੇ ਅਰਜ਼ ਕੀਤੀ ਕਿ ਉਸ ਦਾ ਪੁੱਤਰ ਸਿੱਖ ਨਹੀਂ ਹੈ, ਉਹ ਤਾਂ ਬੇਗੁਨਾਹ ਇਨ੍ਹਾਂ ਮੁਜ਼ਰਮਾਂ ਵਿਚ ਸ਼ਾਮਲ ਕਰ ਦਿੱਤਾ ਗਿਆ ਹੈ। ਬਾਦਸ਼ਾਹ ਨੇ ਉਸ ਦੇ ਪੁੱਤਰ ਦੀ ਰਿਹਾਈ ਲਈ ਹੁਕਮ ਜਾਰੀ ਕਰ ਦਿੱਤਾ ਅਤੇ ਮਾਂ ਇਸ ਹੁਕਮ ਨੂੰ ਲੈ ਕੇ ਕਤਲਗਾਹ ਵਿਚ ਪਹੁੰਚ ਗਈ। ਜਦੋਂ ਪੁੱਤਰ ਨੂੰ ਪਤਾ ਲਗਾ ਕਿ ਉਸ ਦੀ ਮਾਂ ਝੂਠ ਬੋਲ ਕੇ ਇਹ ਕਾਰਾ ਕਰ ਰਹੀ ਹੈ ਤਾਂ ਉਹ ਜਲਾਦ ਨੂੰ ਚੀਖ਼ ਕੇ ਕਹਿਣ ਲੱਗਾ : "ਮੇਰੀ ਮਾਂ ਝੂਠ ਬੋਲਦੀ ਹੈ, ਮੈਂ ਤਾਂ ਗੁਰੂ ਦਾ ਸਿਦਕੀ ਸਿੱਖ ਤੇ ਸੱਚਾ ਮੁਰੀਦ ਹਾਂ, ਮੈਨੂੰ ਜਲਦੀ ਨਾਲ ਮੇਰੇ ਸਾਥੀਆਂ ਪਾਸ ਪਹੁੰਚਾ ਦੇ (ਜੋ ਸ਼ਹੀਦ ਹੋ ਚੁੱਕੇ ਹਨ)"।

ਖੁਸ਼ਹਾਲ ਚੰਦ ਨੇ ਤਾਰੀਖਿ-ਮੁਹੰਮਦ ਸ਼ਾਹੀ ਵਿਚ ਇਸ ਘਟਨਾ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ। "ਇਕ ਬੁੱਢੀ ਔਰਤ ਆਪਣੀ ਸੱਜ ਵਿਆਹੀ ਨੂੰਹ ਨੂੰ ਨਾਲ ਲੈ ਕੇ ਬਾਦਸ਼ਾਹ ਦੇ ਪੇਸ਼ ਹੋਈ ਕਿ ਉਸ ਦੇ ਪੁੱਤਰ ਨੂੰ ਨਾਜਾਇਜ਼ ਕੈਦ ਕੀਤਾ ਗਿਆ ਹੈ। ਉਸ ਦੇ ਪੁੱਤਰ ਨੂੰ ਕੈਦ ਵਿਚੋਂ ਰਿਹਾ ਕਰ ਦਿੱਤਾ ਗਿਆ। ਨੌਜਵਾਨ ਸਿੱਖ ਨੇ ਬੇਨਤੀ ਕੀਤੀ ਕਿ "ਮੈਂ ਨਹੀਂ ਜਾਣਦਾ ਇਹ ਔਰਤ ਕਿਸ ਦੀ ਮਾਂ ਹੈ, ਇਸ ਵਹੁਟੀ ਨੂੰ ਕਿਥੋਂ ਲਿਆਈ ਹੈ? ਮੇਰੇ ਸਾਥੀ ਲੰਘ ਗਏ, ਹੁਣ ਦੇਰੀ ਨਾ ਕਰੋ ਅਤੇ ਮੈਨੂੰ ਸ਼ਹੀਦ ਕਰੋ"।

ਬੰਦਾ ਬਹਾਦਰ ਨੂੰ ਸਭ ਤੋਂ ਅਖੀਰ ਵਿਚ ਸ਼ਹੀਦ ਕੀਤਾ ਗਿਆ। ਉਸ ਦੀ ਅੱਖਾਂ ਕੱਢੀਆਂ ਗਈਆਂ, ਜੰਬੂਰਾਂ ਨਾਲ ਸਰੀਰ ਦਾ ਮਾਸ ਨੋਚਿਆ ਗਿਆ ਅਤੇ ਉਸ ਦੇ ਪੁੱਤਰ ਅਜੈ ਸਿੰਘ ਦਾ ਕਤਲ ਕਰ ਕੇ ਉਸ ਦੇ ਤੜਫਦੇ ਦਿਲ ਨੂੰ ਬੰਦੇ ਦੇ ਮੂੰਹ ਵਿਚ ਤੁੰਨਿਆ ਗਿਆ। ਬੰਦਾ



Academy of the Punjab in North America: http://www.apnaorg.com

ਬਹਾਦਰ ਪੂਰਨ ਰੂਪ ਵਿਚ ਅਡੋਲ ਰਿਹਾ ਜਿਸ ਨੂੰ ਵੇਖ ਕੇ ਮੁਹੰਮਦ ਅਮੀਨ ਖ਼ਾਨ ਵੱਡਾ ਵਜ਼ੀਰ ਵੀ ਦੰਗ ਰਹਿ ਗਿਆ। ਖਾਫ਼ੀ ਖਾਨ ਮੁਤਾਬਕ ਉਸ ਨੇ ਬੰਦਾ ਬਹਾਦਰ ਤੋਂ ਪੁੱਛਿਆ ਕਿ "ਤੇਰੇ ਚਿਹਰੇ ਤੋਂ ਤੇਰੇ ਅਕਲਮੰਦ ਹੋਣ ਦੇ ਆਸਾਰ ਦਿਸਦੇ ਹਨ। ਆਖਰ ਉਹ ਕਿਹੜੀ ਗੱਲ ਸੀ ਕਿ ਤੂੰ ਹਿੰਦੂਆਂ ਅਤੇ ਮੁਸਲਮਾਨਾਂ ਉੱਤੇ ਇੰਨੇ ਅਤਿਆਚਾਰ ਕਿਉਂ ਕੀਤੇ ? ਬੰਦਾ ਬਹਾਦਰ ਨੇ ਜਵਾਬ ਵਿਚ ਕਿਹਾ "ਸਾਰੇ ਧਰਮਾਂ ਵਿਚ ਇਹ ਪ੍ਰਗਟ ਸਚਾਈ ਹੈ ਕਿ ਜਦੋਂ ਲੋਕ ਰੱਬ ਪ੍ਰਤੀ ਬੇਵਫ਼ਾ ਹੋ ਜਾਂਦੇ ਹਨ ਤਾਂ ਰੱਬ ਉਨ੍ਹਾਂ ਦੇ ਭੈੜੇ ਅਮਲਾਂ ਦਾ ਬਦਲਾ ਲੈਣ ਲਈ ਮੇਰੇ ਵਰਗੇ ਜ਼ਾਲਿਮ ਨੂੰ ਭੇਜ ਦਿੰਦਾ ਹੈ ਤਾਂ ਕਿ ਉਹ ਆਪਣੇ ਗੁਨਾਹਾਂ ਦਾ ਖ਼ਮਿਆਜਾ ਭੁਗਤ ਲੈਣ। ਉਸ ਤੋਂ ਬਾਅਦ ਰੱਬ ਉਸ ਜ਼ਾਲਿਮ ਨੂੰ ਉਸ ਦੇ ਅਮਲਾਂ ਦੀ ਸਜ਼ਾ ਦੇਣ ਲਈ ਤੇਰੇ ਵਰਗੇ ਅਧਿਕਾਰੀ ਨੂੰ ਫਤਿਹ ਬਖ਼ਸ਼ ਦਿੰਦਾ ਹੈ ਤਾਂ ਉਸ ਨੂੰ ਕੀਤੇ ਦੀ ਸਜ਼ਾ ਮਿਲੇ। ਬੱਸ ਇਹੋ ਜਗਤ ਦਾ ਤਮਾਸ਼ਾ ਹੈ, ਜੋ ਕਿ ਤੂੰ ਮੈਂ ਵੇਖ ਰਹੇ ਹਾਂ।"

ਬੰਦਾ ਬਹਾਦਰ ਨੇ ਚੰਬਾ ਦੀ ਰਾਜਕੁਮਾਰੀ ਰਤਨਾ ਨਾਲ ਸ਼ਾਦੀ ਕਰ ਲਈ ਸੀ। ਕਈ ਇਤਿਹਾਸਕਾਰ ਉਸ ਨੂੰ ਰਤਨ ਕੌਰ ਅਤੇ ਕਈ ਸੁਸ਼ੀਲ ਕੌਰ ਦੇ ਨਾਮ ਨਾਲ ਬਿਆਨ ਕਰਦੇ ਹਨ। ਗੁਰਮਤਿ ਪ੍ਰਕਾਸ਼ (ਜੂਨ ਅੰਕ) ਵਿਚ ਸਿਮਰਜੀਤ ਸਿੰਘ ਐਡੀਟਰ ਹੋਰਾਂ ਸ਼ਹੀਦ ਸੁਸ਼ੀਲ ਕੌਰ ਬਾਰੇ ਬਹੁਤ ਹੀ ਨਾਟਕੀ ਢੰਗ ਦੀ ਕਹਾਣੀ ਪੇਸ਼ ਕੀਤੀ ਹੈ। ਇਹ ਇਤਿਹਾਸਕ ਦ੍ਰਿਸ਼ਟੀ ਤੋਂ ਸਹੀ ਨਹੀਂ ਜਾਪਦੀ। ਫਾਰਸੀ ਸਰੋਤਾਂ ਵਿਚ ਲਿਖਿਆ ਹੈ। "ਅਜੈ ਸਿੰਘ ਦੇ ਕਤਲ ਤੋਂ ਬਾਅਦ ਬੰਦਾ ਬਹਾਦਰ ਦੀ ਪਤਨੀ ਨੇ ਇਸਲਾਮ ਧਾਰਨ ਕਰ ਲਿਆ ਤੇ ਦੱਖਣੀ ਬੇਗਮ (ਫ਼ਰੁੱਖਸੀਅਰ ਦੀ ਮਾਸੀ) ਦੇ ਸਪੁਰਦ ਹੋ ਗਈ। ਦੱਖਣੀ ਬੇਗਮ ਨੇ ਉਸ ਨੂੰ ਮੱਕੇ ਵੱਲ ਤੋਰ ਦਿੱਤਾ।" ਲੋੜ ਹੈ ਕਿ ਰਤਨ ਕੌਰ /ਸੁਸ਼ੀਲ ਕੌਰ ਬਾਰੇ ਹੋਰ ਖੋਜ ਕੀਤੀ ਜਾਵੇ। ਇਤਿਹਾਸਕ ਸੱਚ ਅਜੇ ਧੁੰਦਲਾ ਜਾਪਦਾ ਹੈ।

**ਬੰਦਾ ਬਹਾਦਰ ਦਾ ਲੇਖਾ ਜੋਖਾ**

ਬੰਦਾ ਬਹਾਦਰ ਉਪਰ ਇਕ ਦਰਜਨ ਦੇ ਕਰੀਬ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ। ਇਸ ਸਾਲ ਚਪੜ ਚਿੜੀ ਵਿਚ ਬੰਦਾ ਬਹਾਦਰ ਦੀ 300 ਸਾਲਾ ਬਰਸੀ ਦੌਰਾਨ ਫ਼ਤਿਹ ਮੀਨਾਰ ਦਾ ਉਦਘਾਟਨ ਕੀਤਾ ਗਿਆ। ਇਹ ਅਕਾਲੀ ਸਰਕਾਰ ਦਾ ਇੱਕ ਸ਼ਲਾਘਾਯੋਗ ਕੰਮ ਹੈ। ਬੰਦਾ ਬਹਾਦਰ ਦੀ ਰਾਜਧਾਨੀ ਲੋਹਗੜ੍ਹ ਹੁਣ ਹਰਿਆਣਾ ਅਤੇ ਹਿਮਾਚਲ ਦੇ ਬਾਰਡਰ ਉਪਰ ਆ ਗਈ ਹੈ। ਪੰਜਾਬ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਇਸ ਜਗ੍ਹਾ ਕੌਮੀ ਸਮਾਰਕ ਕਾਇਮ ਕੀਤਾ ਜਾਵੇ। ਚੌਦਾਂ ਜੂਨ 2012 ਨੂੰ ਮੈਂ ਲੋਹਗੜ੍ਹ ਦੀ ਯਾਤਰਾ ਕਰਨ ਗਿਆ ਤਾਂ ਹੈਰਾਨ ਹੋਇਆ ਕਿ ਉਥੇ ਜਾਣ ਲਈ ਕੋਈ ਪਹੁੰਚ ਮਾਰਗ ਵੀ ਨਹੀਂ ਬਣਾਇਆ ਗਿਆ। ਨਦੀ ਦੇ ਪਾਰ ਸ਼ਿਵਾਲਕ ਪਹਾੜੀ ਦੀਆਂ ਜੜ੍ਹਾਂ ਵਿਚ ਇਕ ਯਾਦਗਾਰ ਨਿਹੰਗ ਸਿੰਘਾਂ ਨੇ ਕਾਇਮ



Academy of the Punjab in North America: http://www.apnaorg.com

ਕੀਤੀ ਹੈ ਇਸ ਨੂੰ ਗੁਰਦਵਾਰਾ ਲੋਹਗੜ੍ਹ ਕਹਿੰਦੇ ਹਨ। ਬੰਦਾ ਬਹਾਦਰ ਸ਼ਤਾਬਦੀ ਕਮੇਟੀ ਨੇ ਉਥੇ ਬੰਦਾ ਬਹਾਦਰ ਦਾ ਇਕ ਬੁੱਤ ਕਾਇਮ ਕੀਤਾ ਹੈ। ਪਹਾੜੀ ਉਪਰ ਨਿਸ਼ਾਨ ਸਾਹਿਬ ਝੂਲਦਾ ਦਿਖਾਈ ਦਿੰਦਾ ਹੈ ਪਰੰਤੂ ਲੋਹਗੜ੍ਹ ਦੀ ਹੋਂਦ ਖਤਮ ਹੋ ਚੁੱਕੀ ਹੈ। ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਬੰਦਾ ਬਹਾਦਰ ਦੇ ਨਾਮ ਤੇ ਚੇਅਰ ਕਾਇਮ ਹੋਈ ਹੈ ਪਰੰਤੂ ਅਜੇ ਖੋਜ ਦਾ ਕੰਮ ਸ਼ੁਰੂ ਨਹੀਂ ਹੋਇਆ। ਇਤਿਹਾਸਕ ਨੁਕਤਾ ਨਿਗਾਹ ਤੋਂ ਖ਼ਾਲਸਾ ਰਾਜ ਦੇ ਬਾਨੀ ਬਾਰੇ ਪਾਏ ਗਏ ਭੁਲੇਖਿਆਂ ਨੂੰ ਦੂਰ ਕਰਨ ਦੀ ਸਖ਼ਤ ਲੋੜ ਹੈ। ਇਨ੍ਹਾਂ ਬਾਰੇ ਕੁੱਝ ਵੇਰਵਾ ਇੱਥੇ ਦਿੱਤਾ ਜਾ ਰਿਹਾ ਹੈ:

(1) ਦੰਦ ਕਥਾਵਾਂ ਦੇ ਅਧਾਰ ਤੇ ਬੰਦਾ ਬਹਾਦਰ ਉਪਰ ਦੋਸ਼ ਲਾਇਆ ਜਾਂਦਾ ਹੈ ਕਿ ਉਸ ਨੇ ਆਪਣੇ ਆਪ ਨੂੰ ਗੁਰੂ ਅਖਵਾਉਣਾ ਸ਼ੁਰੂ ਕਰ ਦਿੱਤਾ ਜਿਵੇਂ ਕਿ ਫਾਰਸੀ ਸਰੋਤਾਂ ਤੋਂ ਸਿੱਧ ਹੁੰਦਾ ਹੈ।

(2) ਉਸ ਨੇ ਗੁਰੂ ਗੋਬਿੰਦ ਸਿੰਘ ਦੇ ਹੁਕਮਾਂ ਦੀ ਉਲੰਘਣਾ ਕਰਕੇ ਸ਼ਾਦੀ ਕਰਵਾ ਲਈ। ਪੰਜ ਪਿਆਰਿਆਂ ਦੀ ਅਗਵਾਈ ਬੰਦ ਕਰਕੇ ਨਿੱਜੀ ਫੈਸਲੇ ਲੈਣੇ ਸ਼ੁਰੂ ਕਰ ਦਿੱਤੇ। 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਿਹ' ਦੀ ਥਾਂ ਉਸ ਨੇ 'ਫਤਿਹ ਦਰਸ਼ਨ' ਦਾ ਜੈਕਾਰਾ ਚਾਲੂ ਕਰ ਦਿੱਤਾ। ਫਾਰਸੀ ਸਰੋਤਾਂ ਤੋਂ 'ਫ਼ਤਿਹ ਦਰਸ਼ਨ' ਬਾਰੇ ਸੂਚਨਾ ਮਿਲ ਜਾਂਦੀ ਹੈ ਪਰੰਤੂ ਉਸ ਨੇ ਆਪਣੀ ਮੋਹਰ ਅਤੇ ਸਿੱਕੇ ਉਪਰ ਗੁਰੂਆਂ ਦੇ ਨਾਮ ਹੀ ਵਰਤੇ ਸਨ।

(3) ਸਨਾਤਨੀ ਸਿੱਖਾਂ ਨੇ ਬੰਦਾ ਬਹਾਦਰ ਦਾ ਸਾਥ ਛੱਡ ਦਿੱਤਾ ਜਿਸ ਕਰਕੇ ਉਹ ਗੁਰਦਾਸ ਨੰਗਲ ਦੇ ਘੇਰੇ ਵਿਚ ਹਾਰ ਗਿਆ। ਸਿੱਖਾਂ ਦੇ ਦੋ ਗੁੱਟ ਬਣ ਗਏ ਸਨ। ਜੋ ਬੰਦੇ ਬਹਾਦਰ ਦੇ ਪਿੱਛੇ ਲੱਗੇ ਉਹ 'ਬੰਦਈ ਖ਼ਾਲਸਾ' ਅਤੇ ਦੂਜੇ ਗੁੱਟ ਨੂੰ 'ਤੱਤ ਖ਼ਾਲਸਾ' ਕਿਹਾ ਜਾਣ ਲੱਗ ਪਿਆ।

(4) ਬੰਦਾ ਬਹਾਦਰ ਨੇ ਰਾਜਪੂਤ ਰਾਜਿਆਂ ਨੂੰ ਪੱਤਰ ਲਿਖੇ ਜਿਸ ਦਾ ਜ਼ਿਕਰ ਬੀਕਾਨੇਰ ਮਿਊਜ਼ੀਅਮ ਵਿਚ ਸੁਰੱਖਿਅਤ 'ਜੈਪੁਰ ਰੀਕਾਰਡਜ਼' ਵਿਚੋਂ ਮਿਲ ਜਾਂਦਾ ਹੈ। 11 ਸਤੰਬਰ 1711 ਨੂੰ ਮਿਰਜ਼ਾ ਰਾਜਾ ਸਵਾਈ ਜੈ ਸਿੰਘ ਨੂੰ ਲਿਖੇ ਪੱਤਰ ਦੀ ਕਾਪੀ ਮੌਜੂਦ ਹੈ ਜਿਸ ਵਿਚ ਰਾਜਪੂਤਾਂ ਦੀ ਅਣਖ ਨੂੰ ਵੰਗਾਰਿਆ ਗਿਆ ਅਤੇ ਮੁਗ਼ਲ ਰਾਜ ਦੀ ਜੜ੍ਹ ਪੁੱਟਣ ਲਈ ਮੱਦਦ ਮੰਗੀ ਗਈ ਸੀ। ਅਫਸੋਸ ਹੈ ਕਿ ਹਿੰਦੁਸਤਾਨ ਦੇ ਰਾਜਪੂਤ ਅਤੇ ਸ਼ਿਵਾਲਕ ਦੇ ਪਹਾੜੀ ਰਾਜੇ ਮੁਗ਼ਲਾਂ ਦੀ ਗ਼ੁਲਾਮੀ ਕਰਨ ਨੂੰ ਤਿਆਰ ਸਨ ਪਰੰਤੂ ਬੰਦਾ ਬਹਾਦਰ ਤੋਂ ਕੰਨੀ



Academy of the Punjab in North America: http://www.apnaorg.com

ਕਤਰਾਉਂਦੇ ਸਨ। ਇਹੋ ਕਾਰਨ ਸੀ ਕਿ ਮੁਗ਼ਲ ਬਾਦਸ਼ਾਹ ਸਿੱਖਾਂ ਉਪਰ ਜ਼ੁਲਮ ਢਾਹੁੰਦੇ ਰਹੇ ਅਤੇ ਸਿੱਖ ਕੌਮ ਦਾ ਖੁਰਾ ਖੋਜ ਮਿਟਾਉਣ ਲਈ ਬਾਨ੍ਹਣੂ ਬੰਨ੍ਹਦੇ ਰਹੇ।

(5) ਬੰਦਾ ਬਹਾਦਰ ਅਤੇ ਉਸ ਦੇ ਸਾਥੀਆਂ ਦੀ ਸ਼ਹੀਦੀ ਸਿੱਧ ਕਰਦੀ ਹੈ ਕਿ ਉਹ ਗੁਰੂ ਦੇ ਮਰਜੀਵੜ੍ਹੇ ਸਿੱਖ ਸਾਬਤ ਹੋਏ ਅਤੇ ਦੰਦ ਕਥਾਵਾਂ ਦੇ ਆਧਾਰ ਤੇ ਲਗਾਏ ਬਹੁਤੇ ਦੋਸ਼ ਨਿਰਮੂਲ ਸਿੱਧ ਹੁੰਦੇ ਹਨ।

✱✱✱



Academy of the Punjab in North America: http://www.apnaorg.com

# 10.

# ਰੰਘਰੇਟੇ ਗੁਰੂ ਕੇ ਬੇਟੇ : ਭਾਈ ਜੈਤਾ ਜੀ ਬਾਰੇ ਨਵੀਂ ਖੋਜ

ਅਮਰੀਕਾ ਦੀ ਹਫ਼ਸਟਰਾ ਯੂਨੀਵਰਸਿਟੀ ਵਿੱਚ ਹੋਏ ਇਕ ਸੈਮੀਨਾਰ ਉਪਰ ਡਾਕਟਰ ਰਾਜ ਕੁਮਾਰ ਹਾਂਸ ਨੇ ਆਪਣਾ ਖੋਜ ਪਰਚਾ ਪੜ੍ਹਿਆ ਜਿਸ ਵਿਚ ਭਾਈ ਜੈਤਾ ਜੀ ਦੇ ਜੀਵਨ ਬਾਰੇ ਨਵੀਂ ਖੋਜ ਦਵਾਰਾ ਲੱਭੇ ਗਏ ਕਈ ਤੱਥ ਪੇਸ਼ ਕੀਤੇ ਗਏ। ਸਿੱਖ ਜਗਤ ਵਿੱਚ ਭਾਈ ਜੈਤਾ ਜੀ ਬਾਰੇ ਕੇਵਲ ਏਨਾ ਹੀ ਮਾਲੂਮ ਹੈ ਕਿ ਉਹ ਗੁਰੂ ਤੇਗ ਬਹਾਦਰ ਜੀ ਦੇ ਸੀਸ ਨੂੰ ਦਿੱਲੀ ਤੋਂ ਅਨੰਦਪੁਰ ਲੈ ਕੇ ਗਏ ਸਨ। ਬਾਲ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤੇ ਨੂੰ ਘੁੱਟ ਕੇ ਗਲੇ ਲਗਾਇਆ ਅਤੇ 'ਰੰਘਰੇਟੇ ਗੁਰੂ ਕੇ ਬੇਟੇ' ਦਾ ਵਰ ਬਖਸ਼ਿਆ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਸਾਹਿਬ ਭਾਈ ਜੈਤਾ ਜੀ ਨੂੰ ਆਪਣੇ ਪੁੱਤਰਾਂ ਵਾਂਗ ਪਿਆਰ ਕਰਦੇ ਸਨ ਜਿਸ ਕਰਕੇ ਉਸ ਨੂੰ ਪੰਜਵਾਂ ਸਾਹਿਬਜ਼ਾਦਾ ਵੀ ਕਿਹਾ ਗਿਆ ਹੈ। ਡਾ: ਹਾਂਸ ਦੀ ਖੋਜ ਨੇ ਸਿੱਧ ਕਰ ਦਿੱਤਾ ਹੈ ਕਿ ਭਾਈ ਜੈਤਾ ਜੀ ਦਾ ਪ੍ਰਵਾਰ ਗੁਰੂ ਘਰ ਨਾਲ ਜੁੜਿਆ ਰਿਹਾ ਹੈ। ਉਹ ਇਕ ਮਹਾਨ ਯੋਧਾ ਅਤੇ ਉੱਚ ਪਾਏ ਦੇ ਕਵੀ ਸਨ। 'ਸਿਰੀ ਗੁਰ ਕਥਾ' ਕਵਿਤਾ ਵਿੱਚ ਰਚੀ ਭਾਈ ਜੈਤਾ ਜੀ ਦੀ ਮਹਾਨ ਰਚਨਾ ਹੈ, ਜਿਸ ਦੇ ਅਧਿਐਨ ਤੋਂ ਖਾਲਸੇ ਦੀ ਸਾਜਣਾ ਅਤੇ ਰਹਿਤ-ਮਰਿਆਦਾ ਬਾਰੇ ਮੌਲਿਕ ਜਾਣਕਾਰੀ ਪ੍ਰਾਪਤ ਹੋਈ ਹੈ।

ਭਾਈ ਜੈਤਾ ਦੇ ਵੱਡ ਵਡੇਰੇ ਕਥੂ ਨੰਗਲ ਦੇ ਦਲਿਤ ਪ੍ਰੀਵਾਰ ਨਾਲ ਸਬੰਧ ਰੱਖਦੇ ਸਨ। ਅਕਬਰ ਦੇ ਰਾਜ ਸਮੇਂ ਭਾਈ ਕਲਿਆਣ ਗੁਰੂ ਰਾਮਦਾਸ ਜੀ ਦੀ ਸੇਵਾ ਵਿੱਚ 'ਗੁਰੂ ਕੀ ਨਗਰੀ' ਹਾਜ਼ਰ ਹੋਇਆ। ਉਸ ਨੇ ਗੁਰੂ ਅਰਜਨ ਸਾਹਿਬ ਦੀ ਸੇਵਾ ਵਿੱਚ ਵੀ ਹਾਜ਼ਰੀ ਭਰੀ। ਉਸ ਦਾ ਪੁੱਤਰ ਸੁੱਖਭਾਨ ਰਾਗ ਵਿਦਿਆ ਵਿੱਚ ਪ੍ਰਬੀਨ ਹੋ ਕੇ ਦਿੱਲੀ ਜਾ ਵੱਸਿਆ। ਰਾਏਸੀਨਾ ਪਿੰਡ ਵਿੱਚ ਉਸ ਨੇ ਕਲਿਆਣ ਆਸ਼ਰਮ ਖੋਲ੍ਹਿਆ ਜਿੱਥੇ ਰਾਗ ਵਿਦਿਆ ਦੇ ਨਾਲ ਪੰਜਾਬ ਤੋਂ ਗਏ ਸਿੱਖਾਂ ਦੀ ਸੇਵਾ ਸੰਭਾਲ ਲਈ ਇਕ ਧਰਮਸਾਲ ਵੀ ਕਾਇਮ ਕੀਤੀ। ਅੱਜ ਕੱਲ੍ਹ ਰਾਏਸੀਨਾ ਵਿੱਚ ਭਾਰਤ ਦਾ ਰਾਸ਼ਟਰਪਤੀ ਨਿਵਾਸ ਹੈ। ਸੁੱਖਭਾਨ ਦਾ ਪੁੱਤਰ ਜਸਭਾਨ ਵੀ ਦਿੱਲੀ ਦਾ ਮਸ਼ਹੂਰ ਰਾਗੀ ਹੋ ਨਿਬੜਿਆ ਜੋ ਗੁਰੂ ਹਰਿ ਰਾਏ ਜੀ ਦੀ ਹਾਜ਼ਰੀ ਭਰਦਾ ਰਿਹਾ। ਜਸਭਾਨ ਦੇ ਦੋਵੇਂ ਪੁੱਤਰ, ਆਗਿਆ ਰਾਮ ਅਤੇ ਸਦਾ ਨੰਦ, ਦਿੱਲੀ ਦੀਆਂ ਸਿੱਖ ਸੰਗਤਾਂ ਨੂੰ ਕੀਰਤਨ ਰਾਹੀਂ



Academy of the Punjab in North America: http://www.apnaorg.com

ਨਿਹਾਲ ਕਰਦੇ ਰਹੇ। ਸਦਾਨੰਦ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਵਿੱਚ ਹਾਜ਼ਰ ਹੋਇਆ ਅਤੇ ਅਸਾਮ ਦੇ ਦੌਰੇ ਤੇ ਗੁਰੂ ਜੀ ਦੇ ਅੰਗ ਸੰਗ ਰਿਹਾ। ਉਸ ਦੇ ਕੀਰਤਨ ਅਤੇ ਰਾਗ ਵਿੱਦਿਆ ਦੀਆਂ ਧੁੰਮਾਂ ਦਿੱਲੀ ਦੇ ਮੁਗਲ ਦਰਬਾਰ ਤੱਕ ਪਹੁੰਚੀਆਂ ਸਨ। ਮੁਗਲ ਦਰਬਾਰ ਦੇ ਦਰਬਾਰੀ ਕਵੀ ਪੰਡਿਤ ਸ਼ਿਵ ਨਰਾਇਣ ਦੀ ਪੁੱਤਰੀ ਲਾਜਵੰਤੀ ਸਦਾਨੰਦ ਦੇ ਕੀਰਤਨ ਤੋਂ ਐਸੀ ਪ੍ਰੇਰਿਤ ਹੋਈ ਕਿ ਉਸ ਨਾਲ ਸ਼ਾਦੀ ਕਰਨ ਲਈ ਜ਼ਿੱਦ ਕਰਨ ਲੱਗੀ। ਉਸ ਦਾ ਪਿਉ ਅਤੇ ਪੰਡਿਤ ਬ੍ਰਾਦਰੀ ਇਸ ਸ਼ਾਦੀ ਦਾ ਵਿਰੋਧ ਕਰ ਰਹੇ ਸਨ। ਜਦੋਂ ਲੜਕੀ ਨੇ ਜ਼ਿੱਦ ਫੜ ਲਈ ਕਿ ਉਹ ਹੋਰ ਕਿਸੇ ਸ਼ਾਦੀ ਨਹੀਂ ਕਰੇਗੀ ਤਾਂ ਗੁਰੂ ਤੇਗ ਬਹਾਦਰ ਜੀ ਨੇ ਪੰਡਿਤ ਬ੍ਰਾਦਰੀ ਨੂੰ ਪ੍ਰੇਰ ਕੇ ਸਦਾਨੰਦ ਦੀ ਸ਼ਾਦੀ ਲਾਜਵੰਤੀ ਨਾਲ ਕਰਵਾ ਦਿੱਤੀ।

ਭਾਈ ਜੈਤਾ ਸਦਾ ਨੰਦ ਅਤੇ ਲਾਜਵੰਤੀ ਦਾ ਪੁੱਤਰ ਸੀ ਜੋ ਗੁਰੂ ਤੇਗ ਬਹਾਦਰ ਜੀ ਦਾ ਸੇਵਕ ਬਣ ਗਿਆ। ਜਦੋਂ ਗੁਰੂ ਜੀ ਦਿੱਲੀ ਔਰੰਗਜ਼ੇਬ ਦੀ ਕੈਦ ਵਿੱਚ ਸਨ ਤਾਂ ਭਾਈ ਜੈਤਾ ਨੌਂਵੇਂ ਗੁਰੂ ਦੀ ਰਚੀ ਬਾਣੀ ਲੈ ਕੇ ਅਨੰਦਪੁਰ ਹਾਜ਼ਰ ਹੋਇਆ ਸੀ। ਇਸ ਪਿਛੋਕੜ ਤੋਂ ਜ਼ਾਹਰ ਹੈ ਕਿ ਭਾਈ ਜੈਤਾ ਜੀ ਦਾ ਪ੍ਰੀਵਾਰ ਹਮੇਸ਼ਾਂ ਗੁਰੂ ਘਰ ਨਾਲ ਜੁੜਿਆ ਰਿਹਾ ਹੈ। ਇਹ ਕੋਈ ਅਚੰਭੇ ਵਾਲੀ ਗੱਲ ਨਹੀਂ ਰਹਿ ਜਾਂਦੀ ਕਿ ਉਹ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਅਨੰਦਪੁਰ ਪਹੁੰਚ ਗਿਆ।

ਅਚੰਭੇ ਦੀ ਗੱਲ ਤਾਂ ਇਹ ਹੈ ਕਿ ਦਿੱਲੀ ਵਿੱਚ ਗੁਰੂ ਘਰ ਦੇ ਰੱਜੇ ਪੁੱਜੇ ਸਹਿਜਧਾਰੀ ਸਿੱਖ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਰਹਿੰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਨੂੰ ਪੁੱਛ-ਗਿੱਛ ਕੀਤੀ ਕਿ ਗੁਰੂ ਦੇ ਸਿੱਖਾਂ ਨੇ ਕੋਈ ਹਾਅ ਦਾ ਨਾਹਰਾ ਮਾਰਿਆ। ਭਾਈ ਜੈਤਾ ਜੀ ਨੇ ਕਿਹਾ ਕਿ ਸਿੱਖ ਤਾਂ ਔਰੰਗਜ਼ੇਬ ਦੇ ਜ਼ੁਲਮ ਅਤੇ ਆਪਣੀ ਮੌਤ ਦੇ ਭੈਅ ਕਾਰਨ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਵੇਖ ਕੇ ਦਹਿਲ ਗਏ ਸਨ। ਜਦੋਂ ਮੁਗ਼ਲ ਹਾਕਮਾਂ ਨੇ ਪੁੱਛਿਆ ਕਿ ਗੁਰੂ ਦਾ ਕੋਈ ਸਿੱਖ ਹੈ ਜੋ ਇਨ੍ਹਾਂ ਦੇ ਸਸਕਾਰ ਦਾ ਪ੍ਰਬੰਧ ਕਰੇ। ਕੋਈ ਵੀ ਸਿੱਖ ਹਾਜ਼ਰ ਨਹੀਂ ਹੋਇਆ। ਸਭ ਦੜ ਵੱਟ ਗਏ। ਇਸ ਵਾਰਤਾਲਾਪ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਣ ਦਾ ਫੈਸਲਾ ਦ੍ਰਿੜ ਕੀਤਾ। ਹੁਣ ਸਿੱਖ ਨੂੰ ਐਸੀ ਨਿਸ਼ਾਨੀ ਲਾਉਂਣੀ ਹੈ ਕਿ ਉਹ ਹਜ਼ਾਰਾਂ ਦੀ ਭੀੜ ਵਿੱਚ ਵੀ ਪ੍ਰਤੱਖ ਪਛਾਣਿਆ ਜਾਵੇਗਾ। ਸੋ ਗੁਰੂ ਜੀ ਨੇ ਖਾਲਸੇ ਦੀ ਪੰਜ ਕਕਾਰੀ ਰਹਿਤ ਲਈ ਸੰਕਲਪ ਇਸ ਮੁਲਾਕਾਤ ਵੇਲੇ ਹੀ ਤਿਆਰ ਕਰ ਲਿਆ ਸੀ।

ਭਾਈ ਜੈਤਾ ਜੀ ਦਵਾਰਾ ਰਚਿਤ ਸਿਰੀ ਗੁਰ ਕਥਾ ਵਿੱਚ ਖਾਲਸਾ ਸਾਜਣਾ ਦਾ ਹਵਾਲਾ ਤਾਂ ਮਿਲਦਾ ਹੈ ਪ੍ਰੰਤੂ 1699 ਦੀ ਵਿਸਾਖੀ ਬਾਰੇ ਮੰਨੀ ਜਾਂਦੀ ਧਾਰਨਾ ਬਾਰੇ ਕੋਈ ਪੁਸ਼ਟੀ ਨਹੀਂ ਹੁੰਦੀ। ਅਠਾਰਵੀਂ ਸਦੀ ਦੇ ਸਿੱਖ ਸਰੋਤ ਖਾਲਸੇ ਦੀ ਸਿਜਣਾ 1695 ਤੋਂ 1698 ਵਿਚਕਾਰ ਹੋਈ ਮੰਨਦੇ ਹਨ। ਗਿਆਨੀ ਗਿਆਨ ਸਿੰਘ ਨੇ ਤਵਾਰੀਖ ਗੁਰੂ ਖਾਲਸਾ ਵਿਚ 1699 ਦੀ



Academy of the Punjab in North America: http://www.apnaorg.com

ਵਿਸਾਖੀ ਨੂੰ ਸਹੀ ਮੰਨਿਆ ਹੈ ਜਿਸ ਕਰਕੇ ਇਹੋ ਧਾਰਣਾ ਪੰਥ ਵਿੱਚ ਪ੍ਰਵਾਨ ਚੜ੍ਹੀ ਹੈ। ਸਿਰੀ ਗੁਰ ਕਥਾ ਵਿੱਚ ਪੰਜ ਕਕਾਰਾਂ ਦਾ ਜ਼ਿਕਰ ਮਿਲਦਾ ਹੈ: ਕ੍ਰਿਪਾਨ, ਕੇਸ, ਕੜਾ, ਕੰਘਾ ਅਤੇ ਕਛਹਿਰਾ। ਕਈ ਵਿਦਵਾਨ (ਡਾ. ਜਸਵੰਤ ਸਿੰਘ ਨੇਕੀ ਸਣੇ) ਸ਼ੰਕਾ ਉਤਪੰਨ ਕਰਦੇ ਹਨ ਕਿ ਪੰਜ ਕਕਾਰੀ ਰਹਿਤ ਸਿੰਘ ਸਭੀਆਂ ਦੀ ਦੇਣ ਹੈ। ਗੁਰੂ ਜੀ ਸਮੇਂ ਤਿੰਨ ਕਕਾਰੀ ਰਹਿਤ ਹੀ ਪ੍ਰਚੱਲਤ ਸੀ ਜਿਸ ਵਿੱਚ ਕੜਾ ਕੰਘਾ ਸ਼ਾਮਲ ਨਹੀਂ ਸੀ। ਸੋ ਇਹ ਭੁਲੇਖਾ ਭਾਈ ਜੈਤਾ ਜੀ ਨੇ ਦੂਰ ਕੀਤਾ ਹੈ। ਖਾਲਸਾ ਸਾਜਣਾ ਵੇਲੇ ਕਿਸੇ ਦੇਵੀ ਪੂਜਾ ਦਾ ਜ਼ਿਕਰ ਨਹੀਂ ਮਿਲਦਾ। ਅੰਮ੍ਰਿਤ ਤਿਆਰ ਕਰਨ ਦੀ ਵਿਧੀ ਬਾਰੇ ਸਪਸ਼ਟੀਕਰਣ ਮਿਲਦਾ ਹੈ। ਜੋ ਰੀਤ ਅਕਾਲ ਤਖ਼ਤ ਉਪਰ ਪ੍ਰਵਾਨ ਹੈ ਉਹ ਗੁਰੂ ਕਾਲ ਵੇਲੇ ਤੋਂ ਚਲੀ ਆਉਂਦੀ ਹੈ। ਸਿਰੀ ਗੁਰੂ ਕਥਾ ਦੀ ਕਵਿਤਾ ਵਿੱਚ ਰਹਿਤ-ਮਰਿਯਾਦਾ ਬਾਰੇ ਜਾਣਕਾਰੀ ਮਿਲਦੀ ਹੈ। ਖਾਲਸੇ ਲਈ ਅਕਾਲ ਦੀ ਪੂਜਾ ਤੋਂ ਬਗੈਰ ਮੜੀ ਮਸਾਣ ਅਤੇ ਦੇਹਧਾਰੀ ਦੀ ਪੂਜਾ ਦੀ ਮਨਾਹੀ ਹੈ। ਖਾਲਸੇ ਲਈ ਹਥਿਆਰ ਰੱਖਣੇ ਜ਼ਰੂਰੀ ਹਨ ਕਿਉਂਕਿ ਇਹ ਅਕਾਲ ਪੁਰਖ ਦੀ ਨਿਸ਼ਾਨੀ ਹਨ। ਖਾਲਸੇ ਨੂੰ ਕੇਸਾਂ ਦੀ ਸੰਭਾਲ ਲਈ ਦਸਤਾਰ ਰੱਖਣੀ ਜ਼ਰੂਰੀ ਹੈ। ਖਾਲਸਾ 'ਸਾਬਤ ਸੂਰਤ ਦਸਤਾਰ ਸਿਰਾ' ਰਹਿਤ ਦਾ ਧਾਰਣੀ ਹੋਣਾ ਚਾਹੀਦਾ ਹੈ। ਖਾਲਸਾ ਚਰਸ, ਹੁੱਕਾ ਅਤੇ ਕੁੱਠੇ ਤੋਂ ਪ੍ਰਹੇਜ਼ ਕਰੇਗਾ। ਉਹ ਲਾਲ ਵਸਤਰ ਨਹੀਂ ਪਹਿਨੇਗਾ ਅਤੇ ਤੰਬਾਕੂ ਸੇਵਨ ਕਰਨ ਵਾਲੇ ਨਾਲ ਕੋਈ ਰਿਸ਼ਤਾ ਨਾਤਾ ਨਹੀਂ ਰੱਖੇਗਾ। ਪਿੱਤਰ ਪੂਜਾ ਅਤੇ ਤਿੱਥ ਵਾਰ ਦੀਆਂ ਮਨੌਤਾਂ ਖਾਲਸੇ ਲਈ ਵਰਜਿਤ ਹਨ। ਖਾਲਸਾ ਧੋਖਾ, ਫਰੇਬ, ਜੂਆ, ਅਨਿਆਂ, ਝੂਠ ਅਤੇ ਨਿੰਦਿਆ ਤੋਂ ਬਚ ਕੇ ਰਹੇਗਾ। ਖਾਲਸਾ ਨੇਕ ਕਮਾਈ ਕਰਕੇ ਨਿਰਬਾਹ ਕਰੇਗਾ ਅਤੇ ਪ੍ਰਾਇਆ ਧਨ ਅਤੇ ਜਾਇਦਾਦ ਵੱਲ ਝਾਕ ਨਹੀਂ ਰੱਖੇਗਾ। ਖਾਲਸੇ ਲਈ ਗੁਰੂ ਘਰ ਤੋਂ ਇਲਾਵਾ ਹੋਰ ਕਿਸੇ ਦੇਵੀ ਦੇਵਤੇ ਅੱਗੇ ਭੇਟ ਕੀਤਾ ਪ੍ਰਸ਼ਾਦ ਵੀ ਵਰਜਿਤ ਹੈ। ਖਾਲਸੇ ਲਈ 'ਅਲਪ ਅਹਾਰ ਸੁਲਪ ਸੀ ਨਿੰਦਰਾ' ਦਾ ਉਪਦੇਸ਼ ਲਾਗੂ ਹੈ। ਲੋੜ ਅਨੁਸਾਰ ਖੁਰਾਕ ਖਾਣੀ ਬਣਦੀ ਹੈ ਅਤੇ ਕਿਸੇ ਵਿਸ਼ੇਸ਼ ਪ੍ਰਕਾਰ ਦੇ ਭੋਜਨ ਲਈ ਹਦਾਇਤ ਨਹੀਂ ਮਿਲਦੀ। ਖਾਲਸੇ ਲਈ ਮਰਨੇ ਪਰਨੇ ਉਪਰ ਰੋਣਾ ਪਿੱਟਣਾ ਵਰਜਿਤ ਹੈ। ਮੌਤ ਰੱਬ ਦੇ ਭਾਣੇ ਵਿਚ ਹੋਈ ਮੰਨ ਕੇ ਕੋਈ ਵਹਿਮ ਭਰਮ ਕਰਨਾ ਠੀਕ ਨਹੀਂ, ਜਿਵੇਂ ਕਿਹਾ ਜਾਂਦਾ ਹੈ ਕਿ ਚੁੱਲ੍ਹੇ ਵਿੱਚ ਅੱਗ ਨਹੀਂ ਬਾਲਣੀ, ਮੁਰਦੇ ਨੂੰ ਮੰਜੇ ਉਪਰ ਨਹੀਂ ਰੱਖਣਾ ਅਤੇ ਹੋਰ ਬ੍ਰਾਹਮਣੀ ਕਰਮ ਕਾਂਡ।

ਕਵੀ ਕੰਕਨ ਦੀ ਰਚਨਾ 'ਸੰਖ਼ੇਪ ਦਸ ਗੁਰ ਕਥਾ' ਵਿੱਚ ਭਾਈ ਜੈਤਾ ਜੀ ਬਾਰੇ ਕਈ ਹਵਾਲੇ ਮਿਲਦੇ ਹਨ। ਸਭ ਤੋਂ ਮਹੱਤਵਪੂਰਨ ਨੌਂਵੇਂ ਗੁਰੂ ਦੀ ਬਾਣੀ ਬਾਰੇ ਜ਼ਿਕਰ ਹੈ:

ਬਾਨੀ ਲਿਖ ਪੋਥੀ ਕਰੀ ਭੇਜੀ ਜੀਤੇ ਪਾਸ।
ਤਿਨ ਦੀਨੀ ਗੋਬਿੰਦ ਰਾਏ ਐਸੀ ਕਰ ਅਰਦਾਸ।



Academy of the Punjab in North America: http://www.apnaorg.com

ਕਵੀ ਕੰਕਨ ਨੇ ਜ਼ਿਕਰ ਕੀਤਾ ਹੈ ਕਿ ਭਾਈ ਜੈਤਾ ਦਾ ਸਿਦਕ ਅਤੇ ਕੁਰਬਾਨੀ ਵੇਖ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਮਜ਼ਬੀ ਸਿੰਘਾਂ ਲਈ ਰਾਮਦਾਸ ਸਰੋਵਰ ਦੀ ਚੌਥੀ ਬਾਹੀ ਰਾਖਵੀਂ ਕਰ ਦਿੱਤੀ। ਇਸੇ ਪ੍ਰੰਪਰਾ ਦੇ ਆਧਾਰ ਤੇ ਉਨ੍ਹਾਂ ਆਪਣਾ ਇਕ ਬੁੰਗਾ ਵੀ ਤਿਆਰ ਕੀਤਾ ਜੋ ਰਾਮਗੜ੍ਹੀਆ ਬੁੰਗਾ ਦੇ ਨਜ਼ਦੀਕ ਸੀ।ਕਵੀ ਕੰਕਨ ਲਿਖਦਾ ਹੈ:

ਮਜ਼ਬੀ ਉਪਰ ਸਤਿਗੁਰੂ ਐਸੀ ਕ੍ਰਿਪਾ ਕੀਜ਼।
ਸਿਰੀ ਅੰਮ੍ਰਿਤਸਰ ਤਾਲ ਕੀ ਬਾਹੀ ਚੌਥੀ ਦੀਨ।

ਭਾਈ ਕਾਹਨ ਸਿੰਘ ਨਾਭਾ 'ਮਜ਼ਬੀ' ਦੀ ਪ੍ਰੀਭਾਸ਼ਾ ਮਹਾਨ ਕੋਸ਼ ਵਿੱਚ ਇਸ ਤਰ੍ਹਾਂ ਅੰਕਿਤ ਕਰਦੇ ਹਨ: "ਮਜ਼ਬੀ ਉਹ ਹੈ ਜੋ ਧਰਮ ਦੇ ਮਾਰਗ ਉਪਰ ਤੁਰਦਾ ਹੈ। ਇਹ ਖਾਲਸਾ ਸਿੰਘ ਲਈ ਵਰਤਿਆ ਸ਼ਬਦ ਹੈ ਜੋ ਵਿਗੜਦਾ ਹੋਇਆ 'ਦਲਿਤ ਸਿੰਘਾਂ' ਲਈ ਰਾਖਵਾਂ ਬਣ ਗਿਆ, ਜੋ ਕਿ ਗੁਰੂ ਆਸ਼ੇ ਦੇ ਉਲਟ ਹੈ।" ਭਾਈ ਜੈਤਾ ਜੋ ਅੰਮ੍ਰਿਤ ਛਕ ਕੇ ਭਾਈ ਜੀਵਨ ਸਿੰਘ ਬਣ ਗਿਆ ਸੀ, ਹਮੇਸ਼ਾਂ ਗੁਰੂ ਗੋਬਿੰਦ ਸਿੰਘ ਦੇ ਅੰਗ ਸੰਗ ਰਿਹਾ। ਚਮਕੌਰ ਦੀ ਗੜ੍ਹੀ ਵਿੱਚ ਉਹ ਹਾਜ਼ਰ ਸੀ। ਖਾਲਸੇ ਦੀ ਪ੍ਰੰਪਰਾ ਮੁਤਾਬਿਕ ਉਹ ਚਮਕੌਰ ਦੇ ਮੈਦਾਨੇ ਜੰਗ ਵਿੱਚ ਸ਼ਹੀਦੀ ਪ੍ਰਾਪਤ ਕਰਕੇ ਸਿੱਖ ਇਤਿਹਾਸ ਦਾ ਰੌਸ਼ਨ ਸਿਤਾਰਾ ਬਣ ਗਿਆ।

***



Academy of the Punjab in North America: http://www.apnaorg.com

# 11.

# ਸਿੱਖ ਇਤਿਹਾਸ ਦੇ ਧੁੰਧਲੇ ਪੰਨੇ

ਸਿੱਖਾਂ ਬਾਰੇ ਪ੍ਰਸਿੱਧ ਕਹਾਵਤ ਹੈ ਕਿ ਉਹ ਇਤਿਹਾਸ ਘੜਨਾ ਜਾਣਦੇ ਹਨ ਪ੍ਰੰਤੂ ਇਤਿਹਾਸ ਲਿਖਣਾ ਨਹੀਂ ਜਾਣਦੇ। ਗੁਰੂ ਕਾਲ ਦੀਆਂ ਘਟਨਾਵਾਂ ਦਾ ਵੇਰਵਾ ਜਨਮ ਸਾਖੀਆਂ, ਗੁਰ ਬਿਲਾਸਾਂ ਅਤੇ ਕਵੀ ਸੰਤੋਖ ਸਿੰਘ ਦੇ ਰਚੇ ਗ੍ਰੰਥਾਂ ਵਿਚੋਂ ਮਿਲਦਾ ਹੈ।ਆਧੁਨਿਕ ਯੁੱਗ ਦੇ ਵਿਦਵਾਨਾਂ ਨੇ ਇਨ੍ਹਾਂ ਗ੍ਰੰਥਾਂ ਉਪਰ ਕਿੰਤੂ ਪ੍ਰੰਤੂ ਕਰਨਾ ਸ਼ੁਰੂ ਕਰ ਦਿੱਤਾ ਹੈ। ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਵਿੱਚ ਭਾਈ ਬਾਲਾ ਅਤੇ ਭਾਈ ਮਰਦਾਨਾ ਦਾ ਜ਼ਿਕਰ ਹੋਇਆ ਕਰਦਾ ਸੀ ਅਤੇ ਜੋ ਪੁਰਾਤਨ ਚਿੱਤਰ ਘੜੇ ਗਏ ਉਨ੍ਹਾਂ ਵਿੱਚ ਵੀ ਇਹ ਦੋਵੇਂ ਸਾਥੀ ਗੁਰੂ ਨਾਨਕ ਦੇ ਅੰਗ ਸੰਗ ਵਿਖਾਏ ਗਏ ਹਨ। ਭਾਈ ਬਾਲੇ ਦੀ ਜਨਮ ਸਾਖੀ ਦੇ ਕਈ ਪ੍ਰਸੰਗ ਗੁਰੂ ਨਾਨਕ ਦੇਵ ਜੀ ਦੀ ਨਿਰਾਦਰੀ ਕਰਦੇ ਸਨ।ਹੁਣ ਇਸ ਜਨਮ ਸਾਖੀ ਨੂੰ ਹੰਦਾਲੀਆਂ ਦੀ ਸ਼ਰਾਰਤ ਦੱਸ ਕੇ ਅਣਗੌਲਿਆਂ ਕਰ ਛੱਡਿਆ ਹੈ ਅਤੇ ਭਾਈ ਬਾਲਾ ਨੂੰ ਮਨਘੜਤ ਪਾਤਰ ਦੱਸ ਕੇ ਵਿਸਾਰ ਦਿੱਤਾ ਗਿਆ ਹੈ। ਸੋ ਗੁਰੂ ਨਾਨਕ ਦੇਵ ਜੀ ਦਾ ਕੇਵਲ ਇਕ ਸਾਥੀ ਭਾਈ ਮਰਦਾਨਾ ਹੀ ਪ੍ਰਵਾਨ ਚੜ੍ਹਿਆ ਹੈ।

ਕਰਮ ਸਿੰਘ ਹਿਸਟੋਰੀਅਨ ਨੇ ਇਕ ਹੋਰ ਵਿਵਾਦ ਖੜਾ ਕਰ ਦਿੱਤਾ।ਉਸ ਦੀ ਪੁਸਤਕ 'ਕੱਤਕ ਕਿ ਵਿਸਾਖ' ਸਿੱਧ ਕਰਦੀ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਵਿਸਾਖ ਮਹੀਨੇ ਦਾ ਹੈ ਅਤੇ ਕੱਤਕ ਦੀ ਪੂਰਨਮਾਸ਼ੀ ਨੂੰ ਗੁਰਪੁਰਬ ਮਨਾਉਣ ਦੀ ਪ੍ਰੰਪਰਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਦੀ ਦੇਣ ਹੈ। ਇਸ ਤੱਥ ਨੂੰ ਸਿੱਧ ਕਰਨ ਜਾਂ ਝੁਠਲਾਣ ਲਈ ਪੁਖਤਾ ਸਬੂਤਾਂ ਦੀ ਘਾਟ ਹੈ ਜਿਸ ਕਰਕੇ ਜੋ ਪ੍ਰੰਪਰਾ ਚੱਲ ਪਈ ਉਹ ਪੰਥ ਪ੍ਰਵਾਨ ਹੋ ਚੁੱਕੀ ਹੈ।

ਦੀਵਾਲੀ ਦੇ ਤਿਉਹਾਰ ਨੇੜੇ ਸਿੱਖ ਰਾਗੀ ਜਥੇ ਬੜੇ ਜੋਸ਼ ਨਾਲ ਭਾਈ ਗੁਰਦਾਸ ਦੀਆਂ ਵਾਰਾਂ ਵਿੱਚੋਂ ਇਸ ਪਉੜੀ ਦਾ ਉਚਾਰਨ ਕਰਦੇ ਰਹਿੰਦੇ ਹਨ: 'ਦੀਵਾਲੀ ਦੀ ਰਾਤ ਦੀਵੇ ਬਾਲੀਅਨ'। ਸਿੱਖ ਸੰਗਤ ਭੰਬਲਭੂਸੇ ਵਿੱਚ ਪੈ ਜਾਂਦੀ ਹੈ ਅਤੇ ਸੋਚਣ ਤੇ ਮਜ਼ਬੂਰ ਹੋ ਜਾਂਦੀ ਹੈ ਕਿ ਇਹ ਤਾਂ ਗੁਰਬਾਣੀ ਦਾ ਆਦੇਸ਼ ਹੈ ਜੋ ਹਰੀ ਮੰਦਰ ਤੋਂ ਟੀ ਵੀ ਰਾਹੀਂ ਪ੍ਰਚਾਰਿਆ ਅਤੇ ਪ੍ਰਸਾਰਿਆ ਜਾ ਰਿਹਾ ਹੈ। ਸੋ ਸਿੱਖ ਸੰਗਤਾਂ ਹੁੰਮ ਹੁੰਮਾ ਕੇ ਦੀਵਾਲੀ ਦਾ ਤਿਉਹਾਰ ਮਨਾਉਣ ਲਈ ਅੰਮ੍ਰਿਤਸਰ ਪਹੁੰਚ ਜਾਂਦੀਆਂ ਹਨ। ਭਾਈ ਜਸਵਿੰਦਰ ਸਿੰਘ, ਹੈਡ ਗ੍ਰੰਥੀ ਦਰਬਾਰ ਸਾਹਿਬ, ਅੱਜ ਦੇ ਹੁਕਮਨਾਮੇ (14 ਨਵੰਬਰ) ਦੀ ਕਥਾ ਕਰਨ ਤੋਂ ਪਹਿਲਾਂ ਸੰਗਤ ਨੂੰ ਬੰਦੀਛੋੜ



Academy of the Punjab in North America: http://www.apnaorg.com

ਦਿਵਸ ਅਤੇ ਦੀਵਾਲੀ ਦੀ ਮਹਾਨਤਾ ਅਤੇ ਸਮਾਨਤਾ ਬਾਰੇ ਦੱਸ ਰਹੇ ਸਨ। ਇਹ ਭੁਲੇਖਾ ਜਾਣ ਬੁੱਝ ਕੇ ਪੈਦਾ ਕੀਤਾ ਗਿਆ ਕਿ ਗੁਰੂ ਹਰਗੋਬਿੰਦ ਸਾਹਿਬ ਗਵਾਲੀਅਰ ਦੀ ਕੈਦ ਕੱਟ ਕੇ ਦੀਵਾਲੀ ਦੀ ਰਾਤ ਅੰਮ੍ਰਿਤਸਰ ਪਹੁੰਚੇ ਸਨ। ਸੋ ਸਿੱਖ ਧਰਮ ਵਿੱਚ ਦੀਵਾਲੀ ਅਤੇ ਬੰਦੀਛੋੜ ਦਿਵਸ ਇਕੋ ਦਿਨ ਮਨਾਏ ਜਾਣ ਦੀ ਪ੍ਰੰਪਰਾ ਸ਼ੁਰੂ ਹੋ ਗਈ। ਇਤਿਹਾਸਕ ਤੱਥ ਸਿੱਧ ਕਰਦੇ ਹਨ ਕਿ ਗੁਰੂ ਹਰਗੋਬਿੰਦ ਦੀ ਰਿਹਾਈ 1620 ਵਿੱਚ ਅਕਤੂਬਰ ਦੇ ਮਹੀਨੇ ਹੋਈ ਅਤੇ ਉਹ ਸਿੱਧੇ ਅੰਮ੍ਰਿਤਸਰ ਨਹੀਂ ਪਹੁੰਚੇ ਬਲਕਿ ਆਗਰਾ ਹੁੰਦੇ ਹੋਏ ਪੰਜਾਬ ਵੱਲ ਚਾਲੇ ਪਾਏ। ਪ੍ਰਿਥੀ ਚੰਦ ਦੀ ਮੌਤ ਦਾ ਅਫਸੋਸ ਕਰਨ ਬਾਅਦ ਉਹ 28 ਦਸੰਬਰ ਦੇ ਦਿਨ ਅੰਮ੍ਰਿਤਸਰ ਪਰਤੇ ਸਨ। ਸਿੱਖਾਂ ਨੇ ਖੁਸ਼ੀ ਪ੍ਰਗਟ ਕਰਨ ਲਈ ਦੀਪਮਾਲਾ ਤਾਂ ਕੀਤੀ ਹੋਵੇਗੀ ਪ੍ਰੰਤੂ ਇਸ ਦਿਨ ਦੀਵਾਲੀ ਦਾ ਤਿਉਹਾਰ ਕਦਾਚਿੱਤ ਨਹੀਂ ਸੀ। ਕੋਈ ਗ਼ਲਤ ਪ੍ਰੰਪਰਾ ਚੱਲ ਪਵੇ ਤਾਂ ਪੁਜਾਰੀ ਸ਼੍ਰੇਣੀ ਲਾਹਾ ਲੈਣ ਲਈ ਉਸ ਦਾ ਪ੍ਰਚਾਰ ਸ਼ੁਰੂ ਕਰ ਦੇਂਦੀ ਹੈ ਜਿਵੇਂ ਕਿ ਸਿੱਖ ਜਗਤ ਵਿੱਚ ਹੋ ਰਿਹਾ ਹੈ।

ਬਚਪਨ ਵਿੱਚ ਖਾਲਸਾ ਹਾਈ ਸਕੂਲ ਦੀ ਪੜ੍ਹਾਈ ਸਮੇਂ ਲਸੋਈ ਪਿੰਡ ਵਿੱਚ ਸਲਾਨਾ ਧਾਰਮਿਕ ਦੀਵਾਨ ਲੱਗਿਆ ਕਰਦੇ ਸਨ। ਢਾਢੀ ਅਤੇ ਕਵੀਸ਼ਰੀ ਜੱਥੇ ਸੰਗਤਾਂ ਨੂੰ ਨਿਹਾਲ ਕਰਿਆ ਕਰਦੇ ਸਨ। ਅਕਸਰ ਸੁਣਿਆ ਜਾਂਦਾ ਸੀ ਕਿ ਅਨੰਦਪੁਰ ਸਾਹਿਬ ਦੇ ਘੇਰੇ ਸਮੇਂ ਅਤੇ ਚਮਕੌਰ ਦੀ ਲੜਾਈ ਵਿੱਚ ਚਾਲੀ ਲੱਖ ਮੁਗਲ ਫੌਜ ਸ਼ਾਮਲ ਹੋਈ ਸੀ। ਗੜ੍ਹੀ ਵਿਚੋਂ ਕੇਵਲ ਚਾਲੀ ਸਿੱਖ ਹੀ ਮੁਕਾਬਲਾ ਕਰ ਰਹੇ ਸਨ ਜਿਸ ਤੋਂ ਸਿੱਧ ਹੋ ਜਾਂਦਾ ਹੈ ਕਿ ਇਕ ਸਿੱਖ ਇੱਕ ਲੱਖ ਦਾ ਮੁਕਾਬਲਾ ਕਰ ਰਿਹਾ ਸੀ। ਯੂਨੀਵਰਸਿਟੀ ਵਿੱਚ ਨੌਕਰੀ ਦੌਰਾਨ ਸਿੱਖ ਇਤਿਹਾਸ ਅਤੇ ਮੁਗਲਾਂ ਦੇ ਰਾਜ ਬਾਬਤ ਜਾਣਕਾਰੀ ਪ੍ਰਾਪਤ ਹੋਈ। ਬਾਬਰਨਾਮੇ ਵਿੱਚ ਬਾਦਸ਼ਾਹ ਬਾਬਰ ਨੇ ਹਿੰਦੁਸਤਾਨ ਫਤਹਿ ਕਰਨ ਲਈ ਤੇਰਾਂ ਹਜ਼ਾਰ ਮੁਗਲਾਂ ਦੀ ਫੌਜ ਨਾਲ ਚੜ੍ਹਾਈ ਕਰਨ ਦਾ ਜ਼ਿਕਰ ਕੀਤਾ ਹੈ। ਜੇਕਰ ਬਾਬਰ ਤੇਰ੍ਹਾਂ ਹਜ਼ਾਰ ਨਾਲ ਸਾਰਾ ਹਿੰਦੁਸਤਾਨ ਫ਼ਤਹਿ ਕਰ ਸਕਿਆ ਸੀ ਤਾਂ ਚਾਲੀ ਲੱਖ ਦੀ ਗੱਲ ਬਹੁਤ ਭਾਰੀ ਗੱਪ ਅਤੇ ਅਤਿਕਥਨੀ ਜਾਪਦੀ ਹੈ। ਜੇਕਰ ਮਰਦਮ ਸ਼ੁਮਾਰੀ ਦੇ ਅੰਕੜੇ ਮਿਲ ਜਾਣ ਤਾਂ ਸਿੱਧ ਹੋ ਸਕਦਾ ਹੈ ਕਿ ਉਸ ਸਮੇਂ ਸਾਰੇ ਪੰਜਾਬ ਦੀ ਆਬਾਦੀ ਵੀ ਚਾਲੀ ਲੱਖ ਤੋਂ ਘੱਟ ਹੋਵੇਗੀ। ਮੁਗ਼ਲ ਹਾਕਮ ਏਨੇ ਬੇਵਕੂਫ਼ ਨਹੀਂ ਸਨ ਜੋ ਇਕ ਮੁੱਠਭੇੜ ਲਈ ਸਾਰੀ ਫੌਜੀ ਸ਼ਕਤੀ ਝੋਂਕ ਦੇਣ। ਹੋ ਸਕਦਾ ਹੈ ਇਸ ਘੇਰੇ ਲਈ ਕੁੱਝ ਹਜ਼ਾਰਾਂ ਦੀ ਮੁਗਲ ਫੌਜ ਸ਼ਾਮਲ ਹੋਈ ਹੋਵੇ। ਢਾਢੀ ਜੱਥੇ ਸਿੱਖਾਂ ਦੀ ਬਹਾਦਰੀ ਦਾ ਜੱਸ ਗਾਇਣ ਕਰਦਿਆਂ ਅਤਿਕਥਨੀ ਦੀ ਵਰਤੋਂ ਅੱਜ ਵੀ ਕਰ ਰਹੇ ਹਨ।

ਦਸਮ ਗ੍ਰੰਥ ਬਾਰੇ ਲੇਖਾ ਜੋਖਾ ਕਰਨ ਦੀ ਮਨਾਹੀ ਨੂੰ ਮੱਦੇਨਜ਼ਰ ਰੱਖਦਿਆਂ ਹੋਇਆਂ ਹੋਰ ਬਹਿਸ ਨਹੀਂ ਛੇੜੀ ਜਾਵੇਗੀ। ਮੇਰੀ ਅਕਾਲ ਤਖਤ ਦੇ ਜੱਥੇਦਾਰ ਨੂੰ ਅਪੀਲ ਹੈ ਕਿ ਸਿੱਖ ਜਗਤ ਦੇ ਇਸ ਮਹੱਤਵਪੂਰਨ ਵਿਸ਼ੇ ਬਾਰੇ ਅੰਤਮ ਫੈਸਲਾ ਲੈਣ ਲਈ ਵਿਦਵਾਨਾਂ ਦੀ ਕਮੇਟੀ ਦਾ



Academy of the Punjab in North America: http://www.apnaorg.com

ਗਠਨ ਕਰਨਾ ਜ਼ਰੂਰੀ ਹੈ। ਵਰਨਾ ਇਹ ਮਸਲਾ ਕਈ ਬਿਖੇੜੇ ਖੜੇ ਕਰ ਸਕਦਾ ਹੈ। ਮੇਰੇ ਸਾਹਮਣੇ ਇੱਕ ਨਿੱਗਰ ਉਦਾਹਰਣ ਹੈ। ਹਰਪਾਲ ਸਿੰਘ ਪੰਨੂੰ ਉੱਘੇ ਲੇਖਕ ਹਨ ਜੋ ਦਸਮ ਗ੍ਰੰਥ ਦੇ ਹੱਕ ਵਿੱਚ ਪੂਨੇ ਦੀ ਯੂਨੀਵਰਸਿਟੀ ਵਿੱਚ ਹੋਏ ਇਕ ਸੈਮੀਨਾਰ (2005) ਤੇ ਆਪਣਾ ਪੱਖ ਪੇਸ਼ ਕਰ ਆਏ ਪ੍ਰੰਤੂ ਉਨ੍ਹਾਂ ਦਾ ਸਕਾ ਭਰਾ ਇੰਦਰ ਸਿੰਘ ਘੱਗਾ ਇਸ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਮੰਨਣ ਤੋਂ ਮੁਨਕਰ ਹੈ। ਉਹ ਦੋਵੇਂ ਭਰਾ ਮੇਰੇ ਮਿੱਤਰ ਹਨ ਜਿਸ ਕਰਕੇ ਮੈਂ ਆਪਣੀ ਮੁਲਾਕਾਤ ਸਮੇਂ ਦਸਮ ਗ੍ਰੰਥ ਨੂੰ ਕਿਸੇ ਵਾਰਤਾਲਾਪ ਵਿੱਚ ਨਹੀਂ ਘੁਸੇੜਦਾ। ਇਸ ਵਿਸ਼ੇ ਉਪਰ ਮੇਰੀ ਆਪਣੀ ਰਾਏ ਅਜੇ ਰਾਖਵੀਂ ਹੈ।

***



Academy of the Punjab in North America: http://www.apnaorg.com

# 12.

# ਨੋਬਲ ਲੌਰੀਏਟ ਅਬਦੁੱਸ ਸਲਾਮ ਨਾਲ ਖੁੱਲ੍ਹੀਆਂ ਗੱਲਾਂ

ਅਬਦੁੱਸ ਸਲਾਮ ਦੂਸਰਾ ਪੰਜਾਬੀ ਵਿਗਿਆਨੀ ਹੈ ਜਿਸ ਨੂੰ 1979 ਵਿਚ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਇਹ ਪੁਰਸਕਾਰ ਹਰਗੋਬਿੰਦ ਖੁਰਾਨਾ ਨੂੰ ਮਿਲ ਚੁੱਕਾ ਹੈ। ਇਹ ਦੋਵੇਂ ਵਿਗਿਆਨੀ ਪਾਕਿਸਤਾਨੀ ਪੰਜਾਬ ਦੇ ਝੰਗ ਇਲਾਕੇ ਦੇ ਜੰਮ-ਪਲ ਹਨ। ਜਨਵਰੀ 1981 ਵਿਚ ਪ੍ਰੋ. ਅਬਦੁੱਸ ਸਲਾਮ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਕਨਵੋਕੇਸ਼ਨ ਤੇ ਬੁਲਾ ਕੇ ਸਨਮਾਨਿਤ ਕੀਤਾ। ਉਨ੍ਹਾਂ ਨੇ ਆਪਣਾ ਭਾਸ਼ਣ ਪੰਜਾਬੀ ਬੋਲੀ ਵਿਚ ਹੀ ਦਿੱਤਾ ਜੋ ਸਾਡੇ ਬੁੱਧੀਜੀਵੀਆਂ ਦੇ ਮੂੰਹ ਤੇ ਇਕ ਚਪੇੜ ਸੀ। ਉਚ-ਪਾਏ ਦੀ ਵਿਗਿਆਨਕ ਖੋਜ ਨੂੰ ਪੰਜਾਬੀ ਬੋਲੀ ਦੇ ਮਾਧਿਅਮ ਰਾਹੀਂ ਉਹ ਭਲੀ ਭਾਂਤ ਸਮਝਾ ਰਹੇ ਸਨ। ਅਬਦੁੱਸ ਸਲਾਮ ਕੇਵਲ-ਇਕ ਮਹਾਨ ਭੌਤਿਕ ਵਿਗਿਆਨੀ ਹੀ ਨਹੀਂ ਬਲਕਿ ਉਹ ਪਛੜੇ ਹੋਏ ਦੇਸ਼ਾਂ ਦੇ ਵਿਗਿਆਨੀਆਂ ਲਈ ਇਕ ਮਸੀਹਾ ਹੈ ਅਤੇ ਉਸਦੀ ਸ਼ਖਸੀਅਤ ਵਿਚ ਵਿਗਿਆਨੀ ਨਾਲੋਂ ਸੂਫ਼ੀ ਫ਼ਕੀਰਾਂ ਦੇ ਲੱਛਣ ਵਧੇਰੇ ਉਘੜਦੇ ਹਨ। ਇਹੋ ਕਾਰਨ ਹੈ ਕਿ ਉਸ ਨਾਲ ਖੁਲ੍ਹੀਆਂ ਗੱਲਾਂ ਕਰਨ ਤੋਂ ਉਪਰੰਤ ਇਕ ਐਸਾ ਸਰੂਰ ਜਿਹਾ ਚੜ੍ਹਦਾ ਹੈ ਜੋ ਉਸ ਦੀਆਂ ਵਿਗਿਆਨਕ ਅਤੇ ਅਧਿਆਤਮਕ ਖੇਤਰ ਵਿਚ ਪ੍ਰਾਪਤੀਆਂ ਦਾ ਪ੍ਰਤੀਕ ਹੈ।

ਦੋ ਸਤੰਬਰ 1985 ਨੂੰ ਮੈਂ ਅੰਤਰ-ਰਾਸ਼ਟਰੀ ਸਿਧਾਂਤਕ ਭੌਤਿਕ ਵਿਗਿਆਨ ਸੰਸਥਾ, ਜੋ ਇਟਲੀ ਦੇ ਤਰੀਸਤੇ ਸ਼ਹਿਰ ਵਿਚ ਕਾਇਮ ਹੈ, ਵਿਚ ਪ੍ਰਵੇਸ਼ ਕੀਤਾ ਤਾਂ ਪਤਾ ਲਗਾ ਕਿ ਇਥੋਂ ਦੇ ਡਾਇਰੈਕਟਰ ਪ੍ਰੋ. ਅਬਦੁੱਸ ਸਲਾਮ ਤੁਰਕੀ ਗਏ ਹੋਏ ਹਨ। ਅਗਲੇ ਹਫ਼ਤੇ ਲਈ ਮੁਲਾਕਾਤ ਦਾ ਸਮਾਂ ਉਨ੍ਹਾਂ ਦੀ ਸੈਕਟਰੀ ਤੋਂ ਲੈ ਕੇ 9 ਸਤੰਬਰ ਸਵੇਰੇ 9 ਵਜੇ ਹੀ ਉਨ੍ਹਾਂ ਦੇ ਦਫ਼ਤਰ ਜਾ ਹਾਜ਼ਰ ਹੋਇਆ। ਉਹ ਉਸੇ ਦਿਨ ਹੀ ਬਾਹਰੋਂ ਪਰਤੇ ਸਨ। ਉਮੀਦ ਨਹੀਂ ਸੀ ਕਿ ਮੇਰੀ ਮੁਲਾਕਾਤ ਹੋ ਸਕੇਗੀ ਕਿਉਂਕਿ ਸਵੀਡਨ ਤੋਂ ਇਕ ਡੈਲੀਗੇਸ਼ਨ ਵੀ ਉਨ੍ਹਾਂ ਨਾਲ ਵਿਚਾਰ-ਵਟਾਂਦਰੇ ਲਈ ਪਹੁੰਚੀ ਹੋਈ ਸੀ। ਸੈਕਟਰੀ ਤੋਂ ਅੱਖ ਬਚਾ ਕੇ ਮੈਂ ਉਸਦੇ ਦਫ਼ਤਰ ਅਗੇ ਜਾ ਡੇਰੇ ਲਾਏ। ਜਿਉਂ ਹੀ ਉਹ ਡੈਲੀਗੇਸ਼ਨ ਦੇ ਮੈਂਬਰਾਂ ਨੂੰ ਬਾਹਰ ਵਿਦਾ ਕਰਨ ਆਏ, ਝੱਟ ਮੈਨੂੰ ਪਹਿਚਾਣ ਕੇ ਅੰਦਰ ਆਉਣ ਲਈ ਕਿਹਾ ਅਤੇ ਨਾਲ ਦੀ ਕੁਰਸੀ ਤੇ ਬਿਠਾ ਕੇ ਪੰਜਾਬ ਬਾਰੇ



Academy of the Punjab in North America: http://www.apnaorg.com

ਪੰਜਾਬੀ ਵਿਚ ਗੱਲ ਬਾਤ ਸ਼ੁਰੂ ਹੋ ਗਈ। ਪੈਂਦੀ ਸੱਟੇ ਹੀ ਪੁੱਛਣ ਲੱਗੇ :

**ਕੀ ਗੱਲ ਚਾਰ ਸਾਲਾਂ ਵਿਚ ਹੀ ਤੂੰ ਮੇਰੇ ਜਿੰਨਾ ਸਫ਼ੈਦ ਹੋ ਗਿਆ ਏਂ ? ਅੰਮ੍ਰਿਤਸਰ ਕਨਵੋਕੇਸ਼ਨ ਸਮੇਂ ਤਾਂ ਮੇਰੇ ਨਾਲੋਂ ਕਿਤੇ ਜਵਾਨ ਸੈਂ ?**

ਇਕ ਤਾਂ ਭੌਤਿਕ ਵਿਗਿਆਨ ਦਾ ਨਵਾਂ ਮਹਿਕਮਾ ਸ਼ੁਰੂ ਕੀਤਾ ਜੋ ਕਿਸੇ ਫੈਕਟਰੀ ਲਾਣ ਤੋਂ ਘੱਟ ਨਹੀਂ ਹੁੰਦਾ। ਪੈਸੇ ਦੀ ਥੁੜ ਅਤੇ ਦਫ਼ਤਰੀ ਅੜਿੱਚਣਾ ਹਰ ਘੜੀ ਲਹੂ ਸੁਕਾ ਰੱਖਦੀਆਂ ਹਨ ਕਿਉਂਕਿ ਮੇਰਾ ਆਸ਼ਾ ਤਾਂ ਇਸ ਵਿਭਾਗ ਨੂੰ ਅੰਤਰ-ਰਾਸ਼ਟਰੀ ਵਿਗਿਆਨਕ ਲੀਹਾਂ ਉਤੇ ਤੋਰਨ ਦਾ ਹੈ ਪਰ ਇਹ ਹਾਲੇ ਰਿੜ੍ਹਦਾ ਵੀ ਨਹੀਂ ਜਾਪਦਾ। ਦੂਜੇ ਪੰਜਾਬ ਦੇ ਹਾਲਾਤ ਅਤੇ ਖਾਸ ਕਰਕੇ ਅੰਮ੍ਰਿਤਸਰ ਦੀਆਂ ਅੱਖੀਂ ਡਿਠੀਆਂ ਘਟਨਾਵਾਂ ਨੇ ਉਦਾਸੀ ਭਰਿਆ ਮਾਹੌਲ ਬਣਾ ਦਿੱਤਾ ਸੀ।

(ਅਬਦੁੱਸ ਸਲਾਮ ਨੇ ਝੱਟ ਹੀ ਆਪਣੇ ਪੰਜਾਬ ਯੂਨੀਵਰਸਿਟੀ, ਲਾਹੌਰ ਦੇ ਦਿਨ ਯਾਦ ਕੀਤੇ): "ਮੈਨੂੰ ਪਤਾ ਹੈ ਕਿਸ ਤਰ੍ਹਾਂ ਵਿਗਿਆਨੀਆਂ ਨੂੰ ਟੱਕਰਾਂ ਮਾਰਨੀਆਂ ਪੈਂਦੀਆਂ ਹਨ। ਸਾਡੇ ਦੇਸ਼ਾਂ ਵਿਚ ਅਜੇ ਵਿਗਿਆਨੀ ਦੀ ਕਦਰ ਹੀ ਨਹੀਂ ਪਈ। ਮੈਨੂੰ ਯਾਦ ਹੈ ਜਦੋਂ ਅੰਮ੍ਰਿਤਸਰ ਕਨਵੋਕੇਸ਼ਨ ਤੇ ਪੰਜਾਬ ਸਰਕਾਰ ਦੇ ਸਿੱਖਿਆ ਸਕੱਤਰ ਨੂੰ ਮੈਂ ਪੁੱਛਿਆ ਕਿ ਵਿਗਿਆਨਕ ਖੋਜ ਤੇ ਕਿੰਨੀ ਰਕਮ ਖਰਚ ਕਰਦੇ ਹੋ ਤਾਂ ਉਸਦਾ ਜਵਾਬ ਸੀ ਕਿ ਮੇਰੇ ਕੋਲ ਤਾਂ ਸਿਖਿਆ ਵਿਭਾਗ ਦੇ ਕਰਮਚਾਰੀਆਂ ਅਤੇ ਅਧਿਆਪਕਾਂ ਦੀਆਂ ਤਨਖਾਹਾਂ ਦੇਣ ਜੋਗਾ ਹੀ ਬਜ਼ਟ ਹੈ। ਅਸੀਂ ਤਾਂ ਹਾਲੇ ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ ਵੀ ਖੜੀਆਂ ਨਹੀਂ ਕਰ ਸਕੇ, ਖੋਜ ਗਰਾਂਟਾਂ ਦੀ ਤਾਂ ਗੱਲ ਹੀ ਛੱਡੋ। ਮੈਨੂੰ ਉਸ ਦਾ ਸੱਚ ਬੋਲਣਾ ਚੰਗਾ ਲਗਾ। ਪਰੰਤੂ ਜਦੋਂ ਉਹ ਮੁਲਾਕਾਤ ਸਮੇਂ ਕੈਂਬ੍ਰਿਜ਼ ਯੂਨੀਵਰਸਿਟੀ ਦੀ ਟਾਈ ਬੜੇ ਫ਼ਖਰ ਨਾਲ ਵਿਖਾ ਰਿਹਾ ਸੀ ਤਾਂ ਮੈਂ ਸੋਚਿਆ ਕਿ ਕੈਂਬ੍ਰਿਜ਼ ਦੀ ਕਲਚਰ ਅਤੇ ਵਾਤਾਵਰਣ ਸਾਡੀਆਂ ਪੰਜਾਬ ਦੀਆਂ ਯੂਨੀਵਰਸਿਟੀਆਂ ਤੋਂ ਅਜੇ ਸੌ ਕੋਹਾਂ ਦੂਰ ਹੈ। ਸਿਰਫ਼ ਕੈਂਬ੍ਰਿਜ਼ ਦੀਆਂ ਟਾਈਆਂ ਅਤੇ ਸੂਟ ਪਹਿਨਣ ਨਾਲ ਗੱਲ ਸਿਰੇ ਨਹੀਂ ਚੜ੍ਹਨੀ।" (ਮੈਨੂੰ ਅਬਦੁੱਸ ਸਲਾਮ ਮਿੱਠੀ ਟਕੋਰ ਕਰਨ ਦਾ ਉਸਤਾਦ ਜਾਪਿਆ)।

**ਸਿੱਖ ਕੌਮ ਤਾਂ ਦੁਨੀਆਂ ਵਿਚ ਅਗਾਂਹ-ਵਧੂ ਰਹੀ ਹੈ, ਇਹ ਕਿਵੇਂ ਥਿੜਕ ਗਈ ? ਪੰਜਾਬ ਮੈਂ ਆਪਣੀ ਅੱਖੀਂ ਡਿੱਠਾ (ਜਨਵਰੀ 1981 ਵਿੱਚ) - ਖੁਸ਼ਹਾਲ ਅਤੇ ਹਰਿਆ ਭਰਿਆ। ਸੱਚੀ ਗੱਲ ਪੁੱਛੋ ਤਾਂ ਕਲਕੱਤਾ, ਬੰਬਈ, ਬੰਗਲੌਰ, ਬਨਾਰਸ, ਅਲੀਗੜ੍ਹ ਅਤੇ ਦਿੱਲੀ ਦੇ ਦੌਰੇ ਤੋਂ ਬਾਅਦ ਮੇਰਾ ਮਨ ਅੰਮ੍ਰਿਤਸਰ ਅਤੇ ਕਾਦੀਆਂ ਵਿਚ ਆਪਣੇ ਪੰਜਾਬੀ ਭਰਾਵਾਂ ਨੂੰ ਮਿਲ ਕੇ ਗਦ ਗਦ ਹੋ ਉਠਿਆ। (ਯਾਦ ਰਹੇ ਕਿ ਪ੍ਰੋ. ਸਲਾਮ ਕਾਦੀਆਂ ਨੂੰ ਆਪਣਾ ਮੱਕਾ ਸਮਝਦੇ ਹਨ ਅਤੇ ਕਈ ਵਾਰ ਇਥੋਂ ਹੋ ਗਏ ਹਨ)। ਮੈਨੂੰ ਪੰਜਾਬੀ ਲੋਕਾਂ ਵਿਚ ਵਿਚਰ ਕੇ ਇਕ ਸਵਾਦ ਜਿਹਾ ਆਇਆ।**



Academy of the Punjab in North America: http://www.apnaorg.com

ਹਰਿਮੰਦਿਰ ਸਾਹਿਬ ਵਿਚ ਮੇਰਾ ਸ਼੍ਰੋਮਣੀ ਕਮੇਟੀ ਵਾਲਿਆਂ ਉਚੇਚਾ ਸਨਮਾਨ ਵੀ ਕੀਤਾ। ਸੱਚ ਮੈਂ ਆਪਣਾ ਸਿਰੋਪਾ ਕਿਤੇ ਭੁੱਲ ਆਇਆਂ (ਸ਼ਾਇਦ ਤੈਨੂੰ ਫੜਾਇਆ ਸੀ) ? ਮੈਨੂੰ ਅਕਾਲ ਤਖ਼ਤ ਦਾ ਝਾਉਲਾ ਜਿਹਾ ਪੈਂਦਾ ਹੈ, ਜਦੋਂ ਅਸੀਂ ਦਰਸ਼ਨੀ ਡਿਊਡੀ 'ਚੋਂ ਲੰਘੇ ਸੀ ਤਾਂ ਇਹ ਇਮਾਰਤ ਸਾਡੀ ਪਿੱਠ ਵੱਲ ਸੀ। ਕੀ ਇਸ ਦਾ ਕੋਈ ਨਿਸ਼ਾਨ ਬਾਕੀ ਹੈ ? ਹਰਿਮੰਦਰ ਸਾਹਿਬ ਕਿਵੇਂ ਬਚ ਗਿਆ ? ਸਿੱਖ ਅਜਾਇਬ ਘਰ ਅਤੇ ਲਾਇਬ੍ਰੇਰੀ ਦਾ ਕੀ ਹਾਲ ਹੈ ? ਇੰਨਾ ਕੁੱਝ ਹੀ ਅਸੀਂ ਵੇਖ ਸਕੇ ਸਾਂ ਉਸ ਯਾਤਰਾ ਦੌਰਾਨ।

ਇਹ ਗੱਲ ਦਰੁੱਸਤ ਹੈ ਕਿ ਸਿੱਖ ਕੌਮ ਅਗਾਂਹ-ਵੱਧੂ ਹੈ ਕਿਉਂਕਿ ਸਿੱਖ ਗੁਰੂਆਂ ਨੇ ਖੁਸ਼ਕ ਫ਼ਿਲਸਫ਼ੇ ਦੀ ਜਗਹ ਇਸ ਕੌਮ ਨੂੰ ਅਮਲੀ ਜੀਵਨ ਦੇ ਕੇ ਤੋਰਿਆ। ਇਹ ਵੀ ਹਕੀਕਤ ਹੈ ਕਿ ਇਹ ਐਸੀ ਥਿੜਕ ਗਈ ਹੈ ਕਿ ਕੁਝ ਸਮਾਂ ਹੋਰ ਲਗੇਗਾ ਇਸ ਨੂੰ ਪਟੜੀ ਤੇ ਲਿਆਉਣ ਲਈ। ਇਸ ਕੌਮ ਦਾ ਇਤਿਹਾਸ ਹੀ ਅਜਿਹਾ ਹੈ ਕਿ ਇਸ ਵਿਚ ਹਰ ਮੁਸੀਬਤ ਬਾਅਦ ਨਿਖਾਰ ਅਤੇ ਖੇੜਾ ਆਉਂਦਾ ਰਿਹਾ ਹੈ। ਪੂਰਨ ਆਸ ਹੈ ਕਿ ਗੁਰੂ ਆਪ ਸੁਮੱਤ ਬਖਸ਼ੇਗਾ ਅਤੇ ਸਿੱਖ ਨੌਜਵਾਨ ਆਪਣੇ ਵਿਰਸੇ ਤੋਂ ਅਗਵਾਈ ਅਤੇ ਸੇਧ ਲੈ ਕੇ ਆਪਣੇ ਕਾਰਜ ਖੇਤਰ ਵਿਚ ਅਗਾਂਹ ਵਧੂ ਹੋ ਕੇ ਜੂਝੇਗਾ। ਸਿੱਖ ਦਾ ਜੁਝਾਰੂ ਹੋਣਾ ਕੁਦਰਤੀ ਗੱਲ ਹੈ ਪਰੰਤੂ ਇਸ ਜੁਝਾਰੂ ਸ਼ਕਤੀ ਦਾ ਢੁਕਵਾਂ ਪ੍ਰਯੋਗ ਦੇਸ ਅਤੇ ਕੌਮ ਨੂੰ ਚੜ੍ਹਦੀ ਕਲਾ ਵੱਲ ਲਿਜਾ ਸਕਦਾ ਹੈ। ਇਹ ਠੀਕ ਹੈ ਕਿ ਘਟਨਾਵਾਂ ਦਾ ਦੌਰ ਇਸ ਤਰ੍ਹਾਂ ਵਾਪਰਿਆ ਹੈ ਕਿ ਹਰ ਸਿੱਖ ਹਿਰਦਾ ਵਲੂੰਧਰਿਆ ਗਿਆ ਹੈ। ਸਮਾਂ ਹਰ ਮਰਜ਼ ਦੀ ਦਾਰੂ ਹੈ ਅਤੇ ਹਾਲਾਤ ਪਰਤਵੇਂ ਦੌਰ ਵਿਚ ਸੁਧਰ ਰਹੇ ਹਨ। ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਫਿਰ ਗਹਿਮਾ-ਗਹਿਮ ਹੋ ਰਹੀ ਹੈ। ਕਦੇ ਕਦਾਈਂ ਕਾਲੀ ਬੋਲੀ ਰਾਤ ਦੇ ਸਨਾਟੇ ਵਿਚ ਪ੍ਰਤੀਤ ਹੁੰਦਾ ਹੈ ਕਿ ਅੰਮ੍ਰਿਤਸਰ ਦੇ ਅਸਮਾਨਾਂ ਵਿਚ ਨਿਰਦੋਸ਼ੀਆਂ ਰੂਹਾਂ ਦੇ ਵੈਣ ਅਜੇ ਵੀ ਕਈਆਂ ਦੀ ਨੀਂਦ ਉਘੇੜ ਦਿੰਦੇ ਹਨ। ਸਿੱਖ ਅਜਾਇਬ ਘਰ ਨਵੇਂ ਸ਼ਹੀਦਾਂ ਦੀ ਯਾਦ ਵਿਚ ਫਿਰ ਉਸਰ ਰਿਹਾ ਹੈ ਪਰੰਤੂ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਤਾਂ ਪੂਰਨ ਰੂਪ ਵਿਚ ਅਗਨੀ ਭੇਂਟ ਕਰ ਦਿੱਤੀ ਗਈ। ਇਹ ਤਾਂ ਸਕੰਦਰੀਆਂ ਦੀ ਲਾਇਬ੍ਰੇਰੀ ਸਾੜਨ ਦੇ ਤੁੱਲ ਘਟਨਾ ਹੈ।

ਅਬਦੁੱਸ ਸਲਾਮ ਦਾ ਮਨੁੱਖੀ ਹਿਰਦਾ ਤ੍ਰਬਕ ਉਠਿਆ। ਉਸਦੀ ਅੱਖ ਵਿਚੋਂ ਇਕ ਹੰਝੂ ਵੀ ਕਿਰਿਆ। ਇਸ ਵਾਰਤਾਲਾਪ ਬਾਅਦ ਉਹ ਫ਼ਿਲਾਸਫਾਨਾ ਰੌਂਅ ਵਿਚ ਬੋਲਿਆ: "ਖੈਰ ਇਨਸਾਨ ਤਾਂ ਹੋਰ ਵੀ ਪੈਦਾ ਹੋ ਜਾਣਗੇ, ਜੀਵਨ ਮੌਤ ਦਾ ਚੱਕਰ ਚੱਲਦਾ ਰਹਿੰਦਾ ਹੈ ਪਰੰਤੂ ਗੁਰੂਆਂ ਦੀਆਂ ਹੱਥ-ਲਿਖਤ ਬੀੜਾਂ ਅਤੇ ਸਿੱਖ ਵਿਰਸਾ ਕਿੱਥੋਂ ਪੈਦਾ ਕੀਤਾ ਜਾ ਸਕੇਗਾ। ਮੇਰੇ ਖਿਆਲ ਵਿਚ ਇਹ ਸਭ ਤੋਂ ਭਾਰੀ ਨੁਕਸਾਨ ਹੈ ਜੋ ਸਿੱਖ ਕੌਮ ਅਤੇ ਭਾਰਤ ਲਈ ਹਾਵੀ ਸਿੱਧ ਹੋ ਸਕਦਾ ਹੈ। ਕਦੀ ਵੇਖਿਆ ਈ ਯੂਰਪ ਵਾਲੇ ਕਿਵੇਂ ਆਪਣੀ ਵਿਰਾਸਤ ਨੂੰ ਅਜਾਇਬ ਘਰਾਂ ਵਿਚ ਸਾਂਭੀ ਬੈਠੇ ਹਨ; ਬਲਕਿ ਪੂਜਦੇ ਹਨ।"



Academy of the Punjab in North America: http://www.apnaorg.com

**ਕੀ ਸਿੱਖ ਮਿਸ਼ਨਰੀ ਸਕੂਲਾਂ ਵਿਚ ਵਿਗਿਆਨ ਦੀ ਪੜ੍ਹਾਈ ਕਰਾਈ ਜਾਂਦੀ ਹੈ ? ਮੱਕੇ ਦੇ ਮੁੱਲਾਂ ਹੁਣ ਸਮਝੇ ਹਨ ਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ - ਜੋ ਗੱਲ ਗੈਲੀਲੀਓ ਅਤੇ ਕਾਪਰਨਿਕਸ ਨੂੰ ਪੰਜ ਸੌ ਸਾਲ ਪਹਿਲਾਂ ਹੀ ਸੁੱਝ ਗਈ ਸੀ। ਹੁਣ ਤਾਂ ਵੈਟੀਕਨ ਦੇ ਪੋਪ ਨੇ ਗੈਲੀਲੀਓ ਨੂੰ ਕਬਰ ਵਿਚੋਂ ਪੁੱਟ ਕੇ ਉਸ ਉਪਰ ਲਗੇ ਲਬਾਦੇ ਨੂੰ ਵੀ ਹਟਾ ਦਿੱਤਾ ਹੈ। ਯੂਰਪ ਵਾਲੇ ਵਿਗਿਆਨ ਦੀ ਰੋਸ਼ਨੀ ਵਿਚ ਸਭ ਨੂੰ ਪਿੱਛੇ ਛੱਡ ਗਏ ਅਤੇ ਸਾਰੀ ਦੁਨੀਆਂ ਨੂੰ ਗੁਲਾਮ ਬਣਾ ਬੈਠੇ। ਇਹ ਗੁਲਾਮੀ ਹਾਲੀਂ ਵੀ ਜਾਰੀ ਹੈ ਭਾਵੇਂ ਇਸ ਦਾ ਰੂਪ ਬਦਲ ਗਿਆ ਹੈ। ਤੁਸੀਂ ਵਿਗਿਆਨੀ ਲੋਕ ਪੰਜਾਬ ਵਿਚ ਕੋਈ ਐਸੀ ਵਿਉਂਤ ਬਣਾਓ ਕਿ ਵਿਗਿਆਨ ਦਾ ਬੋਲਬਾਲਾ ਹੋਵੇ ਅਤੇ ਜੋ ਕੁਝ ਪੰਜਾਬ ਵਿਚ ਵਾਪਰਿਆ ਹੈ ਉਸਦਾ ਪਰਛਾਵਾਂ ਵੀ ਮੁੜ ਇਸ ਦੀ ਧਰਤੀ ਤੇ ਨਾ ਪਵੇ। ਇਸ ਕੰਮ ਲਈ ਸਰਮਾਇਆ ਯੂਨੈਸਕੋ ਦਵਾਰਾ ਸਾਡੀ ਸੰਸਥਾ ਦੇਣ ਨੂੰ ਤਿਆਰ ਹੈ।**

ਸਿੱਖ ਮਿਸ਼ਨਰੀ ਸਕੂਲਾਂ ਦਾ ਯੂਰਪ ਦੇ ਮਿਸ਼ਨਰੀ ਸਕੂਲਾਂ ਨਾਲ ਕੋਈ ਮੁਕਾਬਲਾ ਨਹੀਂ ਹੋ ਸਕਦਾ। ਵੈਸੇ ਸਿੱਖ ਧਰਮ ਗ੍ਰੰਥ ਦੁਨੀਆਂ ਦੇ ਬਾਕੀ ਧਰਮਾਂ ਦੇ ਗ੍ਰੰਥਾਂ ਤੋਂ ਕਿਤੇ ਵਧੇਰੇ ਵਿਗਿਆਨਕ ਹੈ। ਬਲਕਿ ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ ਸਿੱਖ ਧਰਮ ਹੈ ਹੀ ਵਿਗਿਆਨਕ ਯੁੱਗ ਦੇ ਮਨੁੱਖ ਦਾ ਧਰਮ ਪਰੰਤੂ ਸਿੱਖ ਧਾਰਮਿਕ ਸੰਸਥਾਵਾਂ (ਸ਼੍ਰੋਮਣੀ ਕਮੇਟੀ ਆਦਿਕ) ਖੁਦ ਹੀ ਭੰਬਲਭੂਸੇ ਵਿਚ ਪੈ ਜਾਂਦੀਆਂ ਹਨ। ਇਹੋ ਹਾਲ ਸਾਡੇ ਪ੍ਰਚਾਰਕਾਂ, ਇਤਿਹਾਸਕਾਰਾਂ ਅਤੇ ਅਖੌਤੀ ਬੁੱਧੀਜੀਵੀਆਂ ਦਾ ਰਿਹਾ ਹੈ ਜੋ ਸਿੱਖ ਧਰਮ ਨੂੰ ਕਦੇ ਵੇਦਾਂਤ ਨਾਲ ਜੋੜ ਦਿੰਦੇ ਹਨ, ਕਦੇ ਹਿੰਦੂ ਸੁਧਾਰਕ ਲਹਿਰ ਅਤੇ ਕਦੇ ਹਿੰਦੂ-ਮੁਸਲਿਮ ਕਲਚਰ ਦਾ ਮਿਲਗੋਭਾ ਦੱਸਦੇ ਹਨ। ਇਸ ਦੀ ਵਿਲੱਖਣਤਾ ਹਾਲੀਂ ਤਕ ਅੰਤਰ-ਰਾਸ਼ਟਰੀ ਪੱਧਰ ਉਪਰ ਅਲੋਪ ਰਹੀ ਹੈ। ਹਾਂ, ਮੌਜੂਦਾ ਸੰਕਟ ਨੇ ਸਿੱਖ ਧਰਮ ਬਾਰੇ ਜਾਣਕਾਰੀ ਅਤੇ ਉਤਸੁਕਤਾ ਲਾਜ਼ਮੀ ਤੌਰ ਉਪਰ ਵਧਾਈ ਹੈ। ਮੈਨੂੰ ਪੂਰਨ ਯਕੀਨ ਹੈ ਕਿ ਸਿੱਖ ਧਰਮ ਗ੍ਰੰਥ ਇਕ ਅਜਿਹਾ ਅਦੁੱਤੀ ਮੁਜੱਸਮਾ ਹੈ ਜੋ ਨਾ ਕੇਵਲ ਪੰਜਾਬੀਆਂ ਦੀ ਇਸ ਬਿਖੜੇ ਸਮੇਂ ਅਗਵਾਈ ਕਰ ਸਕਦਾ ਹੈ ਬਲਕਿ ਸਾਰੇ ਸੰਸਾਰ ਲਈ 'ਸੰਸਾਰ ਰੋਗੀ ਨਾਮ ਦਾਰੂ' ਅਕਸੀਰ ਸਿੱਧ ਹੋ ਸਕਦਾ ਹੈ। ਘਾਟ ਹੈ ਤਾਂ ਪੂਰਨ ਸਿੱਖ-ਗੁਰਮੁਖ ਜਾਂ ਖਾਲਸੇ ਦੀ।

**ਸਿੱਖਾਂ ਲਈ ਨਨਕਾਣਾ ਸਾਹਿਬ ਮਹੱਤਵਪੂਰਣ ਹੈ ਜਾਂ ਅੰਮ੍ਰਿਤਸਰ ? ਗੁਰੂ ਨਾਨਕ ਨਾਮ ਲੇਵਾ ਤਾਂ ਸਾਰੇ ਪੰਜਾਬੀ ਹਨ ਭਾਵੇਂ ਉਹ ਹਿੰਦੂ ਹੋਣ ਜਾਂ ਮੁਸਲਮਾਨ। ਬਾਬਾ ਨਾਨਕ ਤਾਂ ਮੇਰਾ ਵੀ ਪੀਰ ਹੈ ?**

ਸਿੱਖਾਂ ਲਈ ਦੋਵੇਂ ਅਸਥਾਨ ਪਵਿੱਤਰ ਹਨ ਪਰੰਤੂ ਮੇਰੇ ਖ਼ਿਆਲ ਵਿਚ ਅੰਮ੍ਰਿਤਸਰ ਦੀ ਮਹਾਨਤਾ ਵਧੇਰੇ ਹੈ। ਇਹ ਸਾਡੇ ਲਈ ਮੱਕੇ ਵਾਂਗ ਪਵਿੱਤਰ ਹੈ ਜਾਂ ਇੰਜ ਕਹਿ ਲਵੋ ਇਹ ਸਿੱਖਾਂ ਦਾ ਵੈਟੀਕਨ ਹੈ। ਬਾਕੀ ਰਿਹਾ ਬਾਬੇ ਨਾਨਕ ਦੇ ਨਾਮ ਲੇਵਾ ਪੰਜਾਬੀ - ਬਹੁਤੇ ਸਹਿਜਧਾਰੀ



Academy of the Punjab in North America: http://www.apnaorg.com

ਸਿੱਖ ਤਾਂ ਸਾਡੀਆਂ ਸੰਸਥਾਵਾਂ ਦੀ ਮੂਰਖਤਾ ਕਰਕੇ ਸਾਥੋਂ ਅਲਹਿਦਾ ਹੋ ਗਏ ਅਤੇ ਬਾਕੀ ਫਿਰਕਿਆਂ ਦੀ ਝੋਲੀ ਜਾ ਪਏ, ਜੋ ਸਿੱਖ ਗੁਰੂਆਂ ਦੀ ਬਾਣੀ ਦੀ ਓਟ ਲੈ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਪੰਜਾਬੀ ਆਪਣੀ ਸਿੱਖ ਵਿਰਾਸਤ ਤੋਂ ਹੀ ਨਹੀਂ ਟੁੱਟਾ ਸਗੋਂ ਮਾਂ ਬੋਲੀ ਪੰਜਾਬੀ ਤੋਂ ਵੀ ਕਿਨਾਰਾ ਕਰ ਬੈਠਾ ਹੈ। ਪੰਜਾਬੀ ਮੁਸਲਮਾਨ ਉਰਦੂ ਨੂੰ ਜਫ਼ਾ ਮਾਰ ਬੈਠਾ ਹੈ ਅਤੇ ਪੰਜਾਬੀ ਹਿੰਦੂ ਹਿੰਦੀ ਵੱਲ ਮੂੰਹ ਮੋੜ ਬੈਠਾ ਹੈ। ਦਰਅਸਲ, ਪੰਜਾਬੀ ਕਲਚਰ ਹੈ ਹੀ ਸਿੱਖ ਕਲਚਰ – ਪਰ ਇਸ ਨੂੰ ਐਸਾ ਮਧੋਲਿਆ ਗਿਆ ਹੈ ਕਿ ਪੰਜਾਬ ਦੀ ਸਮੱਸਿਆ ਨਿਰੀ ਅਮਨ ਤੇ ਕਾਨੂੰਨ ਦੀ ਸਮੱਸਿਆ ਨਹੀਂ ਰਹਿ ਗਈ। ਤਾਂ ਹੀ ਤਾਂ ਇਹ ਸਾਡੀ ਸਰਕਾਰ ਦੇ ਵਿਤੋਂ ਬਾਹਰੀ ਹੋ ਗਈ ਜਾਪਦੀ ਹੈ। ਬਾਬਾ ਨਾਨਕ ਸਭ ਦਾ ਸਾਂਝਾ ਪੀਰ ਹੈ ਕਿਉਂਕਿ ਉਹ ਵੇਈਂ ਕਿਨਾਰੇ ਅੱਜ ਵੀ ਕਹਿ ਰਿਹਾ ਹੈ: "ਨਾ ਕੋਈ ਹਿੰਦੂ ਨਾ ਮੁਸਲਮਾਨ"।

**ਪੰਜਾਬੀ ਬੋਲੀ ਦੀ ਗੱਲ ਤੋਂ ਯਾਦ ਆਇਆ। ਪਿਛਲੇ ਵਰ੍ਹੇ ਜਦੋਂ ਇਟਲੀ ਦੀ ਰਾਜਧਾਨੀ ਰੋਮ ਕਿਸੇ ਕਾਨਫ਼ਰੰਸ ਵਿਚ ਮੇਰੀ ਹਰਗੋਬਿੰਦ ਖੁਰਾਨਾ ਨਾਲ ਮੁਲਾਕਾਤ ਹੋਈ ਤਾਂ ਉਹ ਲਗਾ ਅੰਗ੍ਰੇਜ਼ੀ ਬੋਲਣ। ਮੈਂ ਕਿਹਾ ਭੈੜਿਆ ਮੇਰਾ ਵਤਨੀ ਹੋ ਕੇ ਪੰਜਾਬੀ ਭੁੱਲ ਗਿਆ ਏਂ। ਕਹਿੰਦਾ ਮੇਰੀ ਜਨਾਨੀ ਅਮਰੀਕਨ ਹੈ ਜਿਸ ਕਰਕੇ ਪੰਜਾਬੀ ਬੋਲਣ ਦੀ ਮੁਹਾਰਤ ਨਹੀਂ ਰਹੀ, ਤੇਰੇ ਕੋਲ ਰਹਿ ਕੇ ਸਿੱਖ ਲਵਾਂਗਾ।**

ਮੈਂ ਅਬਦੁੱਸ ਸਲਾਮ ਦੇ ਪੰਜਾਬੀ ਬੋਲੀ ਅਤੇ ਪੰਜਾਬੀਅਤ ਦੇ ਪਿਆਰ ਤੋਂ ਬਲਿਹਾਰ ਹੋ ਰਿਹਾ ਸਾਂ।

**ਪਛੜੇ ਹੋਏ ਦੇਸ਼ਾਂ ਵਿਚੋਂ ਮੁਸਲਮਾਨ ਦੇਸ ਵਿਗਿਆਨਕ ਤੌਰ ਤੇ ਵਧੇਰੇ ਪਛੜੇ ਹੋਏ ਹਨ। ਭਾਰਤ ਤਾਂ ਹੁਣ ਪੱਛਮੀ ਦੇਸ਼ਾਂ ਦੀ ਕਤਾਰ ਵਿਚ ਆ ਗਿਆ ਹੈ। ਪੰਜਾਬ ਦਾ ਕੀ ਹਾਲ ਹੈ ?**

ਇਹ ਫ਼ਖਰ ਦੀ ਗੱਲ ਹੈ ਕਿ ਭਾਰਤ ਵਿਗਿਆਨਕ ਖੇਤਰ ਵਿਚ ਮੋਹਰੀ ਹੈ। ਪਰੰਤੂ ਇਹ ਮਾਣ ਕੁਝ ਗਿਣੀਆਂ ਚੁਣੀਆਂ ਸੰਸਥਾਵਾਂ ਦੇ ਹੀ ਹਿੱਸੇ ਆਇਆ ਹੈ ਜੋ ਆਹਲਾ ਦਰਜੇ ਦੀ ਖੋਜ ਕਰ ਰਹੀਆਂ ਹਨ। ਪੰਜਾਬ ਖੇਤੀਬਾੜੀ ਵਿਗਿਆਨ ਵਿਚ ਮੋਹਰੀ ਹੈ, ਪਰੰਤੂ ਭੌਤਿਕ ਵਿਗਿਆਨ ਵਿਚ ਅਜੇ ਕੋਈ ਪ੍ਰਾਪਤੀ ਨਹੀਂ। ਇਹ ਬੜੇ ਦੁੱਖ ਦੀ ਗੱਲ ਹੈ ਕਿ ਟੈਕਨਾਲੋਜ਼ੀ ਦਾ ਜਨਮਦਾਤਾ ਭੌਤਿਕ ਵਿਗਿਆਨ ਪੰਜਾਬ ਵਿਚ ਸਭ ਤੋਂ ਫਾਡੀ ਹੈ। ਇਕੋ ਇਕ ਸਿਰਕੱਢਵਾਂ ਭੌਤਿਕ ਵਿਗਿਆਨੀ ਪਿਆਰਾ ਸਿੰਘ ਗਿੱਲ ਹੋਇਆ ਹੈ ਜੋ ਸਾਰੀ ਉਮਰ ਅਲੀਗੜ੍ਹ ਗੁਜ਼ਾਰ ਕੇ ਪੰਜਾਬ ਵੱਲ ਪਰਤਿਆ। ਸਿਧਾਂਤਕ ਭੌਤਿਕ ਵਿਗਿਆਨ ਤਾਂ ਜਾਪਦਾ ਹੈ ਪੰਜਾਬੀਆਂ ਦੇ ਵੱਸ ਦਾ ਰੋਗ ਨਹੀਂ।

**ਅਬਦੁੱਸ ਸਲਾਮ ਨੇ ਝੱਟ ਟੋਕਿਆ ਕੀ ਮੈਨੂੰ ਤੂੰ ਪੰਜਾਬੀ ਹੀ ਨਹੀਂ ਸਮਝਦਾ ? (ਹੱਸ ਕੇ)**



Academy of the Punjab in North America: http://www.apnaorg.com

ਹੱਸ ਕੇ ਕਹਿਣ ਲੱਗਾ - ਇਕ ਪੰਜਾਬੀ ਹਿੰਦੂ ਨੋਬਲ ਪੁਰਸਕਾਰ ਜੇਤੂ, ਇਕ ਪੰਜਾਬੀ ਮੁਸਲਮਾਨ ਅਤੇ ਹੁਣ ਵਾਰੀ ਹੈ ਇਕ ਪੰਜਾਬੀ ਸਿੱਖ ਦੀ ? ਹੋ ਸਕਦਾ ਹੈ ਇਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਹੀ ਪੜ੍ਹ ਰਿਹਾ ਹੋਵੇ ? ਟੇਲੈਂਟ ਪਛਾਨਣ ਦੀ ਲੋੜ ਹੈ। ਸਾਡੇ ਤਾਂ ਟੇਲੈਂਟ ਰੁਲ ਰਹੀ ਹੈ।

**ਪ੍ਰੋ. ਸਲਾਮ ਦੀ ਨਿੱਜੀ ਜ਼ਿੰਦਗੀ ਬਾਰੇ ਕੁੱਝ ਪੁੱਛਿਆ ਤਾਂ ਕਹਿਣ ਲਗੇ ਆਹ ਕਿਤਾਬ ਲੈ ਜਾ ਪੜ੍ਹ ਲਵੀਂ। ਇਸ ਪੁਸਤਕ 'Ideals and Realities' ਦੀਆਂ ਕਾਪੀਆਂ ਤੁਹਾਡੀ ਯੂਨੀਵਰਸਿਟੀ ਲਾਇਬ੍ਰੇਰੀ ਵਿਚ ਭੇਜੀਆਂ ਹਨ।**

ਮੇਰੀ ਜਾਣਕਾਰੀ ਅਨੁਸਾਰ: ਪ੍ਰੋ. ਸਲਾਮ ਮੱਧ ਵਰਗ ਦੇ ਮਾਮੂਲੀ ਜਹੇ ਘਰਾਣੇ ਦੇ ਜੰਮਪਲ ਹਨ ਅਤੇ ਸੱਤ ਬੱਚਿਆਂ ਦੇ ਪਰਿਵਾਰ ਵਿਚੋਂ ਸਭ ਤੋਂ ਛੋਟੇ ਅਤੇ ਹੋਣਹਾਰ ਸਨ ਜਿਸ ਨੇ ਪੰਜਾਬ ਯੂਨੀਵਰਸਿਟੀ, ਲਾਹੌਰ ਦੇ ਮੈਟਰਿਕ ਤੋਂ ਐਮ.ਏ. ਤੱਕ ਦੇ ਰਿਕਾਰਡ ਮਾਤ ਪਾ ਦਿੱਤੇ। ਇਹੋ ਹੀ ਕਾਰਨਾਮੇ ਉਨ੍ਹਾਂ ਕੈਂਬ੍ਰਿਜ਼ ਯੂਨੀਵਰਸਿਟੀ ਵਿਚ ਜਾਰੀ ਰੱਖੇ ਜਿੱਥੇ ਗਣਿਤ ਅਤੇ ਭੌਤਿਕ ਵਿਗਿਆਨ ਦੋਹਾਂ ਵਿਚ ਪਹਿਲਾ ਸਥਾਨ ਪ੍ਰਾਪਤ ਕਰਕੇ ਟਰਿਪੋਜ਼ ਦੀ ਡਿਗਰੀ ਅਤੇ ਪੀ.ਐਚ.ਡੀ. ਦੀ ਖੋਜ ਰਾਹੀਂ ਆਪਣਾ ਸਿੱਕਾ ਜਮਾ ਲਿਆ। ਕੁੱਝ ਵਰ੍ਹੇ ਪੰਜਾਬ ਯੂਨੀਵਰਸਿਟੀ ਲਾਹੌਰ ਰਹਿ ਕੇ ਉਹ ਮੁੜ ਕੈਂਬ੍ਰਿਜ਼ ਪਰਤ ਗਏ ਅਤੇ ਇਮਪੀਰੀਅਲ ਕਾਲਜ, ਲੰਡਨ ਵਿਚ ਪ੍ਰੋਫੈਸਰ ਦੀ ਪਦਵੀ ਤੇ ਨਿਯੁਕਤ ਹੋਏ। ਇਹ ਸਭ ਤੋਂ ਛੋਟੀ ਉਮਰ ਦੇ ਪ੍ਰੋਫੈਸਰ ਸਨ ਜੋ ਰਾਇਲ ਸੋਸਾਇਟੀ ਦੇ ਮੈਂਬਰ ਚੁਣੇ ਗਏ। 1957 ਤੋਂ ਲੈ ਕੇ 1979 ਤੱਕ ਇਨ੍ਹਾਂ ਦੀ ਖੋਜ ਸੰਸਾਰ ਭਰ ਵਿਚ ਏਨੀ ਪ੍ਰਵਾਨ ਚੜ੍ਹ ਚੁੱਕੀ ਸੀ ਕਿ ਕਈ ਵਾਰੀ ਇਨ੍ਹਾਂ ਦਾ ਨਾਮ ਨੋਬਲ ਪੁਰਸਕਾਰ ਕਮੇਟੀ ਕੋਲ ਤਜਵੀਜ਼ ਹੋ ਚੁੱਕਾ ਸੀ। ਅਖੀਰ ਖੋਜ ਦੇ ਪ੍ਰਯੋਗਾਂ ਦਵਾਰਾ ਸਿੱਧ ਹੋ ਜਾਣ ਤੋਂ ਬਾਅਦ ਹੀ ਇਨ੍ਹਾਂ ਨੂੰ ਨੋਬਲ ਪੁਰਸਕਾਰ ਦਿੱਤਾ ਗਿਆ। ਜੋ ਕੰਮ ਆਇਨਸਟਾਈਨ ਆਪਣੇ ਜੀਵਨ ਵਿਚ ਪੂਰਾ ਕਰਨ ਦਾ ਸੁਪਨਾ ਲੈ ਰਿਹਾ ਸੀ, ਉਹ ਅਬਦੁੱਸ ਸਲਾਮ ਨੇ ਪੂਰਾ ਕਰ ਵਿਖਾਇਆ ਹੈ।

**ਜਦੋਂ ਕੋਈ ਪਹਿਲਵਾਨ ਮਾੱਲੀ ਜਿੱਤ ਲਵੇ ਜਾਂ ਚੰਗਾ ਖਿਡਾਰੀ ਉਲੰਪਿਕ ਖੇਡ ਵਿਚ ਤਮਗਾ ਪ੍ਰਾਪਤ ਕਰ ਲਵੇ ਤਾਂ ਉਹ ਲੰਗੋਟ ਟੰਗ ਦਿੰਦਾ ਹੈ। ਕੀ ਤੁਸੀਂ ਵੀ ਹੁਣ ਵਿਗਿਆਨਕ ਖੋਜ ਨੂੰ ਤਿਲਾਂਜਲੀ ਦੇ ਕੇ ਕੋਈ ਹੋਰ ਰੁਝਾਨ ਲੱਭ ਰਹੇ ਹੋ ?**

ਮੈਂ ਅਜੇ ਵੀ ਆਪਣਾ ਵਧੇਰੇ ਸਮਾਂ ਖੋਜ ਨੂੰ ਹੀ ਅਰਪਨ ਕਰਦਾ ਹਾਂ। ਪਰ ਮੇਰੀ ਚਾਹ ਹੈ ਕਿ ਪਛੜੇ ਹੋਏ ਦੇਸ਼ਾਂ ਦੀ ਗਰੀਬੀ ਦੀ ਸਮੱਸਿਆ, ਵਿਗਿਆਨ ਅਤੇ ਟੈਕਨਾਲੋਜ਼ੀ ਦਵਾਰਾ ਹੱਲ ਕਰ ਸਕਾਂ। ਬਥੇਰੀ ਵਾਹ ਲਗਾ ਰਿਹਾ ਹਾਂ ਪਰ ਇਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਸਮਝ ਹੀ ਨਹੀਂ ਆ ਰਹੀ ਕਿ ਮੈਂ ਉਨ੍ਹਾਂ ਦੇ ਭਲੇ ਦੀ ਗੱਲ ਕਰਦਾ ਹਾਂ।



Academy of the Punjab in North America: http://www.apnaorg.com

ਤੁਸੀਂ ਖੋਜ ਦਵਾਰਾ ਸਿੱਧ ਕਰ ਦਿੱਤਾ ਹੈ ਕਿ ਸੰਸਾਰ ਭਰ ਵਿੱਚ ਮੂਲ ਸ਼ਕਤੀ ਇਕੋ ਹੀ ਹੈ, ਬਾਕੀ ਉਸਦੇ ਹੀ ਰੂਪ ਹਨ। ਚੰਗਾ ਹੋਵੇ ਜੇਕਰ ਤੁਸੀਂ ਸਾਰੇ ਧਰਮਾਂ ਅਤੇ ਸਿਧਾਂਤਾਂ ਨੂੰ ਇਕੋ ਲੜੀ ਵਿਚ ਪਰੋਣ ਲਈ ਜੁਟ ਜਾਵੋਂ ਤਾਕਿ ਮਾਨਵ ਜਾਤੀ ਦਾ ਕਲਿਆਣ ਹੋ ਸਕੇ।

ਗੱਲ ਤਾਂ ਤੇਰੀ ਠੀਕ ਹੈ ਪਰ ਮੈਂ ਪਹਿਲਾਂ ਵਿਗਿਆਨੀ ਹਾਂ ਅਤੇ ਬਾਅਦ ਵਿਚ ਰਹੱਸਵਾਦੀ। ਆਪਣੇ ਵਲੋਂ ਤਾਂ ਮੈਂ ਇਰਾਨ-ਇਰਾਕ ਝਗੜੇ ਨੂੰ ਵੀ ਸੁਲਝਾਣ ਦੀ ਕੋਸ਼ਿਸ਼ ਕਰ ਰਿਹਾ ਹਾਂ।

ਜੇਕਰ ਇਜਾਜਤ ਦੇਵੋ ਤਾਂ ਤੁਹਾਡੇ ਕਾਦੀਆਂ ਦੇ ਦੌਰੇ ਤੋਂ ਪਹਿਲਾਂ ਇਹ ਗੱਲ-ਬਾਤ ਪੰਜਾਬੀ ਟ੍ਰੀਬਿਊਨ ਦੇ 'ਖੁੱਲੀਆਂ ਗੱਲਾਂ' ਕਾਲਮ ਵਿਚ ਛਪਾ ਦੇਵਾਂ ?

ਅਬਦੁੱਸ ਸਲਾਮ ਹੱਸ ਪਿਆ ਤੇ ਕਹਿਣ ਲੱਗਾ ਅਗੇ ਹੀ ਸਰਕਾਰ ਸਿੱਖਾਂ ਮਗਰ ਹੱਥ ਧੋ ਕੇ ਪਈ ਹੈ। ਮੈਂ ਕਿਹਾ ਕੋਈ ਗੱਲ ਨਹੀਂ - ਅੱਗੇ ਰੱਬ ਰਾਖਾ।

***



Academy of the Punjab in North America: http://www.apnaorg.com

# 13.

# ਸੱਚ ਸੁਣਾਇਸੀ ਸੱਚ ਕੀ ਬੇਲਾ

ਸਿਰਦਾਰ ਕਪੂਰ ਸਿੰਘ ਸਿੱਖ ਕੌਮ ਦੇ ਧੁਰੰਦਰ ਵਿਦਵਾਨ ਹੋਏ ਹਨ ਜਿਨ੍ਹਾਂ ਕੈਂਬਰਿਜ਼ ਤੋਂ ਵਿਦਿਆ ਗ੍ਰਹਿਣ ਕਰਕੇ ਆਈ.ਸੀ.ਐਸ. ਦਾ ਇਮਤਿਹਾਨ ਪਾਸ ਕਰ ਲਿਆ। 'ਬਿਖ ਮਹਿ ਅੰਮ੍ਰਿਤ' ਲੇਖ ਵਿਚ ਉਨ੍ਹਾਂ ਨੇ ਸਿੱਖ ਪੰਥ ਨੂੰ ਕਈ ਚੇਤਾਵਨੀਆਂ ਦਿੱਤੀਆਂ ਹਨ। ਸਿਰਦਾਰ ਦਾ ਕਥਨ ਹੈ : " ਹਿੰਦੂ ਬੜਾ ਦੂਰਦਰਸ਼ਕ ਹੈ, ਆਉਣ ਵਾਲੀ ਸਥਿਤੀ ਨੂੰ ਬਹੁਤ ਸਮਾਂ ਪਹਿਲਾਂ ਹੀ ਭਾਂਪ ਲੈਂਦਾ ਹੈ ਅਤੇ ਉਸ ਅਨੁਸਾਰ ਉਪਾਏ ਸੋਚਦਾ ਹੈ। ਮੁਸਲਮਾਨ, ਜਦੋਂ ਕੋਈ ਸਥਿਤੀ ਸਿਰ ਉਪਰ ਆ ਜਾਵੇ ਤਾਂ ਚੌਕੰਨਾ ਹੋ ਜਾਂਦਾ ਹੈ। ਅਤੇ ਉਸ ਨਾਲ ਸਿੱਝਣ ਦਾ ਰਾਹ ਢੂੰਢਦਾ ਹੈ। ਪਰ ਸਿੱਖ, ਜਿਤਨਾ ਚਿਰ ਵੇਲਾ ਲੰਘ ਨਾ ਜਾਵੇ, ਨਾ ਕੁਝ ਸੋਚਦਾ ਹੈ ਅਤੇ ਨਾ ਕਿਸੇ ਸੋਚਵਾਨ ਦੀ ਗੱਲ ਸੁਣਦਾ ਹੈ। ਫੜ੍ਹਾਂ ਮਾਰੀ ਜਾਂਦਾ ਹੈ ਅਤੇ ਦਮਗਜੇ, ਫੋਕੇ ਦਮਗਜੇ ਮਾਰਨ ਵਾਲੇ ਹੀ ਸਿੱਖਾਂ ਵਿਚ ਪ੍ਰਧਾਨ ਹਨ।"

ਚੋਣ ਦੰਗਲ ਵਿਚ ਅਕਾਲੀ-ਭਾਜਪਾ ਗੱਠਜੋੜ ਦੇ ਦਮਗਜੇ ਮਾਰਨ ਵਾਲੇ ਅਕਾਲੀ ਲੀਡਰ ਸਿਰਦਾਰ ਦੀ ਚੇਤਾਵਨੀ ਨੂੰ ਭੁੱਲ ਗਏ ਜਾਪਦੇ ਹਨ। ਉਹ ਮੋਦੀ ਦਾ ਰਾਗ ਅਲਾਪਦੇ ਥੱਕਦੇ ਨਹੀਂ। ਬਾਦਲ ਸਾਹਿਬ ਆਪਣੇ ਭਾਸ਼ਣ ਵਿਚ ਕਹਿ ਰਹੇ ਸਨ ਕਿ ਅਸੀਂ ਅਰੁਣ ਜੇਤਲੀ ਜੀ ਨੂੰ ਹੱਥ ਬੰਨ ਕੇ ਅਰਜ਼ ਕਰਕੇ ਚੋਣ ਲੜ੍ਹਨ ਲਈ ਪੰਜਾਬ ਲਿਆਏ ਹਾਂ। ਇਹ ਨਹੀਂ ਦੱਸਦੇ ਕਿ ਨਵਜੋਤ ਸਿੰਘ ਸਿੱਧੂ ਨੂੰ ਠਿੱਬੀ ਮਾਰ ਕੇ ਬਾਹਰ ਕੱਢਣ ਲਈ ਜੇਤਲੀ ਦਾ ਪੱਲਾ ਫੜਿਆ ਹੈ। ਗੱਲ ਸਿੱਧੂ ਜਾਂ ਜੇਤਲੀ ਦੀ ਨਹੀਂ, ਮੁੱਦਾ ਤਾਂ ਸਿੱਖ ਪੰਥ ਦਾ ਹੈ ਜਿਸ ਬਾਰੇ ਕਪੂਰ ਸਿੰਘ ਦੀ ਭਵਿੱਖਬਾਣੀ ਸਹੀ ਸਿੱਧ ਹੋ ਰਹੀ ਹੈ : "ਪੰਥ ਦਾ ਝੰਡਾ ਛੱਡ ਕੇ ਜਿਹਾ ਕਿ 'ਪੰਜਾਬੀਅਤ' ਆਦਿ ਦੇ ਝੰਡੇ ਹੇਠਾਂ, ਜੇ ਅਸੀਂ ਕੁੱਝ ਜੂਠੀਆਂ ਹੱਢੀਆਂ, ਸੱਤਾ-ਆਰੂਢ ਜਾਤੀ ਕੋਲੋਂ ਪ੍ਰਾਪਤ ਕਰ ਭੀ ਲਈਆਂ ਤਾਂ ਉਹ ਲਾਭ ਦੀ ਬਜਾਏ ਹਾਨੀਕਾਰਕ ਹੀ ਸਿੱਧ ਹੋਣਗੀਆਂ। ਉਸ ਦਾ ਸਿੱਖੀ ਅਤੇ ਪੰਥ ਨੂੰ ਕੋਈ ਲਾਭ ਨਹੀਂ ਹੋਵੇਗਾ। ਜਦੋਂ ਅਸਾਂ ਸਿੱਖੀ ਅਤੇ ਪੰਥ ਦਾ ਅਬਚਲ ਝੰਡਾ ਆਪ ਹੀ ਛੱਡ ਦਿੱਤਾ ਤਾਂ ਜੋ ਪ੍ਰਾਪਤੀ ਭੀ ਕੀਤੀ ਉਹ ਸਿੱਖਾਂ ਅਤੇ ਪੰਥ ਲਈ ਨਾ ਗੌਰਵ ਦਾ ਕਾਰਣ ਹੀ ਹੋ ਸਕੇਗੀ ਅਤੇ ਨਾ ਹੀ ਸਿੱਖੀ ਦੇ ਸੁਆਰਥ ਲਈ ਗੁਣਕਾਰੀ।"

ਅਕਾਲੀ ਦਲ ਦਾ ਚੋਣ ਮਨੋਰਥ ਇੱਕ ਝੂਠ ਦਾ ਪੁਲੰਦਾ ਹੀ ਜਾਪਦਾ ਹੈ। ਭਲੇਮਾਣਸੋ ਜਦੋਂ ਤੁਸੀਂ ਬੀ.ਜੇ.ਪੀ. ਦੀ ਭਾਈਵਾਲੀ ਪਿਛਲੀ ਵਾਰ ਕਰਕੇ ਕੁੱਝ ਪ੍ਰਾਪਤ ਨਹੀਂ ਕਰ ਸਕੇ ਤਾਂ



Academy of the Punjab in North America: http://www.apnaorg.com

ਹੁਣ ਕਾਹਦੇ ਦਮਗਜੇ ਮਾਰ ਰਹੇ ਹੋ।ਉਹੋ ਪੁਰਾਣੇ ਮੁੱਦੇ : ਚੰਡੀਗੜ੍ਹ ਪੰਜਾਬ ਵਿਚ ਸ਼ਾਮਲ ਕਰਨਾ ਹੈ, ਪੰਜਾਬ ਦੇ ਪਾਣੀਆਂ ਦੀ ਲੁੱਟ ਬੰਦ ਕਰਨੀ ਹੈ, ਦਿੱਲੀ ਦੇ ਦੰਗਾ ਪੀੜਤਾਂ ਲਈ ਰਾਹਤ ਅਤੇ ਵਿਸ਼ੇਸ਼ ਕਮੇਟੀ ਦਾ ਗਠਨ, ਆਦਿਕ। ਜੇਕਰ ਬਾਜਪਾਈ ਅਤੇ ਅਡਵਾਨੀ ਅਕਾਲੀਆਂ ਨੂੰ ਠੁੱਠ ਦਿਖਾ ਚੁੱਕੇ ਹਨ ਤਾਂ ਮੋਦੀ ਵਰਗੇ ਸ਼ਾਤਰ ਸਿਆਸਤਦਾਨ ਉਪਰ ਕੀ ਭਰੋਸਾ ? ਅਕਾਲੀ ਕਾਂਗਰਸ ਸਰਕਾਰ ਉਪਰ ਊਜਾਂ ਲਾਉਂਦੇ ਨਹੀਂ ਥੱਕਦੇ ਕਿ ਹਿਮਾਚਲ ਅਤੇ ਉਤਰਾਂਚਲ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਗਈਆਂ ਜਿਸ ਕਰਕੇ ਪੰਜਾਬ ਦੀ ਸੱਨਅਤ ਪਲਾਇਨ ਕਰ ਗਈ। ਪੜਤਾਲ ਕਰਨ ਤੋਂ ਪਤਾ ਲੱਗਾ ਹੈ ਕਿ ਬਾਦਲ ਸਾਹਿਬ ਦਾ ਹੋਣਹਾਰ ਸਾਹਿਬਜ਼ਾਦਾ ਜਦੋਂ ਕੇਂਦਰ ਵਿਚ ਇੰਡਸਟਰੀ ਮਨਿਸਟਰ ਸੀ ਤਾਂ ਬੀ.ਜੇ.ਪੀ. ਨੂੰ ਖੁਸ਼ ਕਰਨ ਲਈ ਇਨ੍ਹਾਂ ਦੋਹਾਂ ਰਾਜਾਂ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਗਈਆਂ। ਪੁਰਾਣੇ ਰੀਕਾਰਡ ਇਹ ਵੀ ਸਿੱਧ ਕਰਦੇ ਹਨ ਕਿ ਚੌਧਰੀ ਦੇਵੀ ਲਾਲ ਦੀ ਯਾਰੀ ਨਿਭਾਉਣ ਖਾਤਰ ਅਕਾਲੀ ਸਰਕਾਰ ਨੇ ਪਾਣੀਆਂ ਦਾ ਮੁੱਦਾ ਚੁੱਕਿਆ ਹੀ ਨਾ ਅਤੇ ਕਾਂਗਰਸ ਸਰਕਾਰ ਨੇ ਅਕਾਲੀਆਂ ਉਪਰ ਦਬਾਅ ਪਾ ਕੇ ਪਾਣੀਆਂ ਦੀ ਸੰਧੀ ਨੂੰ ਰੱਦ ਕਰਨ ਦਾ ਮਤਾ ਪਾਸ ਕੀਤਾ।

ਅਪ੍ਰੈਲ ਦੇ ਦੂਜੇ ਹਫ਼ਤੇ ਇੰਗਲੈਂਡ ਦੀਆਂ ਵੀਹ ਤੋਂ ਵਧੀਕ ਯੂਨੀਵਰਸਿਟੀਆਂ ਦੇ ਭਾਰਤੀ ਮੂਲ ਦੇ 75 ਵਿਦਿਅਕ ਮਾਹਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਮੋਦੀ ਸਰਕਾਰ ਦੇ ਬਣਨ ਦੀ ਸੰਭਾਵਨਾ ਪੂਰੀ ਹੋ ਜਾਂਦੀ ਹੈ ਤਾਂ ਭਾਰਤ ਦੇ ਲੋਕਰਾਜ ਅਤੇ ਧਰਮ-ਨਿਰਪੇਖਤਾ ਨੂੰ ਭਾਰੀ ਖਤਰਾ ਹੋ ਸਕਦਾ ਹੈ। ਇਸ ਗਰੁੱਪ ਦੀਆਂ ਮੋਹਰੀ ਆਕਸਫੋਰਡ ਅਤੇ ਕੈਂਬਰਿਜ਼ ਯੂਨੀਵਰਸਿਟੀ ਦੀਆਂ ਦੋ ਬੰਗਾਲੀ ਅਧਿਆਪਕਾਂ ਸਨ। ਇਸੇ ਹਫ਼ਤੇ ਪੰਜਾਬੀ ਸਾਹਿਤ ਜਗਤ ਦੇ ਚੋਣਵੇਂ ਸਾਹਿਤਕਾਰਾਂ ਨੇ ਵੀ ਇਕ ਚੇਤਾਵਨੀ ਭਰਿਆ ਬਿਆਨ ਜਾਰੀ ਕੀਤਾ ਹੈ। ਲੋੜ ਹੈ ਪੰਜਾਬ ਦੇ ਸੂਝਵਾਨ ਸਿੱਖ ਵੋਟਰ ਸਿਰਦਾਰ ਕਪੂਰ ਸਿੰਘ ਦੀ ਚੇਤਾਵਨੀ ਨੂੰ ਮੱਦੇਨਜ਼ਰ ਰੱਖ ਕੇ ਸਿੱਖੀ ਅਤੇ ਪੰਥ ਦੇ ਭਲੇ ਲਈ ਸੋਚ ਕੇ ਫੈਸਲਾ ਲੈਣ। ਸਿਰਦਾਰ ਲਿਖਦਾ ਹੈ : "ਜਿਵੇਂ ਕਾਂਗਰਸੀਆਂ ਨੇ ਅਕਾਲੀਆਂ ਨੂੰ 1947 ਵਿਚ ਠਿੱਬੀ ਮਾਰੀ ਸੀ, ਅਕਾਲੀ ਹਾਲੇ ਤੱਕ ਧੂੜ ਚੱਟ ਰਹੇ ਹਨ, ਉਠ ਨਹੀਂ ਸਕੇ ਅਤੇ ਦਿਨ-ਬਦਿਨ ਗਿਰਦੇ ਜਾ ਰਹੇ ਹਨ। ਪੰਜਾਬੀ ਸੂਬਾ ਬਣਾਉਣ ਵਾਲੇ ਅਕਾਲੀ ਅੱਜ ਜਨ-ਸੰਘ (ਬੀ.ਜੇ.ਪੀ.) ਦੇ ਥੱਲੇ ਲੱਗ ਚੁੱਕੇ ਹਨ।ਉਸ ਪੰਜਾਬੀ ਸੂਬੀ ਵਿਚ ਵੀ ਆਪਣਾ ਰਾਜ ਕਾਇਮ ਨਹੀਂ ਰੱਖ ਸਕੇ। ਹਾਲੇ ਆਉਣ ਵਾਲੇ ਸਮੇਂ ਨੂੰ ਵੇਖ, ਇਨ੍ਹਾਂ ਕੋਲ ਇੰਨਾ ਵੀ ਨਹੀਂ ਰਹਿਣਾ।ਕੌਮ ਦਾ ਹਸ਼ਰ ਸਾਡੇ ਸਾਹਮਣੇ ਹੈ।"

ਆਪਣੇ ਬੀ.ਜੇ.ਪੀ. ਦੇ ਚੌਧਰੀਆਂ ਨੂੰ ਖੁਸ਼ ਕਰਨ ਲਈ ਬਾਦਲ ਪ੍ਰੀਵਾਰ ਅੱਡੀ ਚੋਟੀ ਦਾ ਜ਼ੋਰ ਲਾ ਰਿਹਾ ਹੈ। ਬਿਕਰਮ ਸਿੰਘ ਮਜੀਠਿਆ ਨੇ ਤਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਜਗਹ ਅਰੁਣ ਜੇਤਲੀ ਦੇ ਸੋਹਲੇ ਗਾਉਣ ਖਾਤਿਰ ਦਸਮ ਪਾਤਸ਼ਾਹ ਦੀ ਬਾਣੀ ਹੀ ਬਦਲ ਦਿੱਤੀ ਹੈ।



Academy of the Punjab in North America: http://www.apnaorg.com

ਖਬਰ ਹੈ ਕਿ ਹਜ਼ੂਰ ਸਾਹਿਬ ਨਾਂਦੇੜ ਦੇ ਜਥੇਦਾਰ ਭਾਈ ਕੁਲਵੰਤ ਸਿੰਘ ਨੇ ਬਿਕਰਮ ਨੂੰ ਤਨਖਾਹੀਆ ਘੋਸ਼ਤ ਕਰ ਦਿੱਤਾ ਹੈ ਜਦ ਕਿ ਅਕਾਲ ਤਖ਼ਤ ਦੇ ਜਥੇਦਾਰ ਅਜੇ ਬਾਦਲ ਸਰਕਾਰ ਦਾ ਆਦੇਸ਼ ਉਡੀਕ ਰਹੇ ਹਨ।

ਸਿਰਦਾਰ ਕਪੂਰ ਸਿੰਘ ਦੀ ਇਕ ਹੋਰ ਭਵਿੱਖਬਾਣੀ ਵੀ ਠੀਕ ਸਿੱਧ ਹੋ ਰਹੀ ਹੈ : "ਅਕਾਲੀ ਦਲ ਦੇ ਅੰਦਰ ਰਹਿ ਕੇ ਨੀਲੀ ਪੱਗ ਬੰਨ੍ਹ ਕੇ ਗਾਤਰਾ ਪਾ ਕੇ ਤੁਸੀਂ ਕੌਮ ਦੀ ਯੇਈ-ਤੇਈ ਫੇਰੀ ਜਾਉ, ਗਦਾਰੀਆਂ ਕਰੋ, ਗੁਰਦਵਾਰਿਆਂ ਦੀ ਗੋਲਕ ਵਰਤੀ ਜਾਉ, ਤਾਂ ਕੋਈ ਗੱਲ ਨਹੀਂ। ਕੌਮ ਨੂੰ ਮਨਜ਼ੂਰ ਹੈ। ਪਰ ਬਾਹਰ ਰਹਿ ਕੇ ਕੋਈ ਕਿੰਨੀ ਵੀ ਸੱਚੀ ਅਤੇ ਕੁਰਬਾਨੀ ਦੀ ਗੱਲ ਕਰੇ, ਉਹ ਕਾਂਗਰਸ ਦਾ ਏਜੰਟ ਗਰਦਾਨਿਆ ਜਾਂਦਾ ਰਿਹਾ ਹੈ।" ਸਿਰਦਾਰ ਸਾਹਿਬ ਅਕਾਲੀਆਂ ਦੇ ਘਟੀਆ ਕਿਰਦਾਰ ਅਤੇ ਦੋਗਲੇਪਣ ਤੋਂ ਦੁੱਖੀ ਸਨ : "ਜਦ ਬਾਦਲ ਟੌਹੜਾ ਲੜੇ ਤਾਂ ਇਕ ਦੂਜੇ ਨੂੰ ਕਾਂਗਰਸ ਦਾ ਏਜੰਟ ਕਹਿੰਦੇ ਨਹੀਂ ਥੱਕਦੇ ਸੀ ਅਤੇ ਅਖੀਰ ਫਿਰ ਘਿਉ-ਖਿਚੜੀ ਹੋ ਗਏ।"

ਸਪੋਕਸਮੈਨ ਨੂੰ ਵੀ ਕਾਂਗਰਸ ਦਾ ਏਜੰਟ ਗਰਦਾਨਿਆ ਜਾ ਰਿਹਾ ਹੈ ਕਿਉਂਕਿ ਇਹ ਸਿੱਖ ਪੰਥ ਨੂੰ ਸਹੀ ਸੇਧ ਦੇਣ ਦਾ ਉਪਰਾਲਾ ਕਰਦਾ ਹੈ। ਇਹ ਇਲਜ਼ਾਮ ਮੇਰੇ 'ਤੇ ਵੀ ਲੱਗ ਸਕਦਾ ਹੈ ਕਿਉਂਕਿ ਮੈਂ ਸਿਰਦਾਰ ਕਪੂਰ ਸਿੰਘ ਦੀਆਂ ਭਵਿੱਖਬਾਣੀਆਂ ਦਾ ਲੇਖਾ ਜੋਖਾ ਕਰਕੇ ਸਿੱਖ ਪੰਥ ਦੇ ਦਰਦੀਆਂ ਨੂੰ ਚੇਤਾਵਨੀ ਦਿੱਤੀ ਹੈ। ਪੰਥ ਦੇ ਵਾਲੀਆ ਬਹੁੜੀਂ ਆਪਣੇ ਪੰਥ ਦੀ ਖਾਤਰ।

***



Academy of the Punjab in North America: http://www.apnaorg.com

# 14.

# ਸਿੱਖ ਕੌਮ ਨੂੰ ਯਹੂਦੀਆਂ ਤੋਂ ਸਬਕ ਸਿਖਣਾ ਚਾਹੀਦਾ ਹੈ

ਸਤੰਬਰ (2005) ਦੇ ਮਹੀਨੇ ਇਕ ਅੰਤਰ-ਰਾਸ਼ਟਰੀ ਕਾਨਫ਼ਰੰਸ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ ਜੋ ਇਜ਼ਰਾਈਲ ਵਿਚ ਹੋ ਰਹੀ ਸੀ ਅਤੇ ਯਹੂਦੀਆਂ ਤੇ ਅਰਬਾਂ ਦੇ ਆਪਸੀ ਝਗੜੇ ਨੂੰ ਸਮਝਣ ਦਾ ਮੇਰੇ ਲਈ ਇਕ ਚੰਗਾ ਮੌਕਾ ਬਣ ਗਿਆ। ਮੇਰੇ ਲਈ ਯਹੂਦੀ ਅਤੇ ਅਰਬੀ ਮੁਸਲਮਾਨਾਂ ਦੋਹਾਂ ਧਿਰਾਂ ਦਾ ਪਿਆਰ ਅਤੇ ਮੁਹੱਬਤ ਹਾਸਲ ਹੋਈ, ਵਰਨਾ ਇਜ਼ਰਾਈਲ ਜਾਣਾ ਖਤਰੇ ਤੋਂ ਖਾਲੀ ਨਹੀਂ ਹੈ। ਯਹੂਦੀਆਂ ਤੋਂ ਸਿੱਖ ਕੌਮ ਨੂੰ ਕੀ ਸਬਕ ਸਿਖਣਾ ਚਾਹੀਦਾ ਹੈ ਇਹ ਮੇਰੇ ਦਿਲ ਦੀ ਤਮੰਨਾ ਸੀ ਜੋ ਪੂਰੀ ਹੋਈ। ਸਿੱਖਾਂ ਵਾਂਗ ਯਹੂਦੀਆਂ ਦਾ ਵੀ ਕੋਈ ਹੋਮਲੈਂਡ ਨਹੀਂ ਸੀ। ਅੱਜ ਤੋਂ ਚਾਰ ਹਜ਼ਾਰ ਸਾਲ ਪਹਿਲਾਂ ਉਹ ਇਜ਼ਰਾਈਲ ਦੀ ਧਰਤੀ ਤੇ ਕਬੀਲਿਆਂ ਦੇ ਰੂਪ ਵਿਚ ਰਹਿੰਦੇ ਸਨ। ਜਦੋਂ ਦੇਸ਼ ਵਿਚ ਕਾਲ ਪੈ ਗਿਆ ਤਾਂ ਉਹ ਮਿਸਰ ਜਾ ਵੱਸੇ। ਉਥੋਂ ਦੇਸ਼ ਨਿਕਾਲਾ ਮਿਲਿਆ ਤਾਂ ਹਜ਼ਰਤ ਮੂਸਾ ਦੀ ਅਗਵਾਈ ਵਿਚ ਚਾਲੀ ਸਾਲ ਖ਼ੱਜਲ ਹੁੰਦੇ ਫਿਰ ਇਜ਼ਰਾਈਲ ਪਰਤ ਆਏ। ਅੱਜ ਤੋਂ ਤਿੰਨ ਹਜ਼ਾਰ ਸਾਲ ਪਹਿਲਾਂ ਯਹੂਦੀਆਂ ਨੇ ਇਜ਼ਰਾਈਲ ਵਿਚ ਰਾਜਭਾਗ ਕਾਇਮ ਕਰ ਲਿਆ। ਸੁਲੇਮਾਨ ਬਾਦਸ਼ਾਹ ਸਿਆਣਪ ਲਈ ਦੁਨੀਆਂ ਭਰ ਵਿਚ ਪ੍ਰਸਿੱਧ ਹੋਇਆ ਹੈ। ਉਸ ਨੇ ਯੁਰੋਸ਼ਲਮ ਸ਼ਹਿਰ ਨੂੰ ਆਪਣੀ ਰਾਜਧਾਨੀ ਬਣਾ ਕੇ ਯਹੂਦੀਆਂ ਦਾ ਪਹਿਲਾ ਧਾਰਮਿਕ ਸਥਾਨ ਕਾਇਮ ਕੀਤਾ। ਇਹ ਸਮਾਂ ਯਹੂਦੀ ਧਰਮ ਲਈ ਸੁਨਹਿਰੀ ਯੁੱਗ ਮੰਨਿਆ ਜਾਂਦਾ ਹੈ ਜਿਵੇਂ ਅਸੀਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਸਿੱਖਾਂ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਮੰਨਦੇ ਹਾਂ। ਪੰਜਾਬ ਸਿੱਖ ਕੌਮ ਦੀ ਰਾਜਸੀ, ਸਿਆਸੀ ਅਤੇ ਧਾਰਮਿਕ ਬੁਲੰਦੀ ਦੀ ਪਹਿਚਾਣ ਬਣ ਗਿਆ ਸੀ ਅਤੇ ਯੂਰਪੀਨ ਲੋਕ ਇਥੇ ਰੁਜ਼ਗਾਰ ਦੀ ਭਾਲ ਖਾਤਰ ਆਉਣ ਲਗ ਪਏ ਸਨ।

ਯਹੂਦੀਆਂ ਤੋਂ ਵੀ ਸਿੱਖਾਂ ਵਾਂਗ ਰਾਜਭਾਗ ਸਾਂਭਿਆ ਨਾ ਗਿਆ। ਪਹਿਲਾਂ ਦੇਸ ਦੇ ਦੋ ਟੁਕੜੇ ਹੋਏ ਅਤੇ ਆਪਸੀ ਫੁੱਟ ਦਾ ਫਾਇਦਾ ਉਠਾ ਕੇ ਧਾੜਵੀਆਂ ਨੇ ਇਜ਼ਰਾਈਲ ਉਪਰ ਕਬਜ਼ਾ ਕਰ ਲਿਆ। ਇਜ਼ਰਾਈਲ ਸਤਾਈ ਸੌ ਸਾਲ ਦੀ ਗ਼ੁਲਾਮੀ ਭੋਗਦਾ ਰਿਹਾ ਜਿਸ ਵਿਚ ਅਸੀਰੀਅਨ, ਈਰਾਨੀ, ਯੂਨਾਨੀ, ਰੋਮਨ, ਅਰਬ ਅਤੇ ਤੁਰਕ ਹੁਕਮਰਾਨ ਕਾਬਜ਼ ਹੁੰਦੇ ਰਹੇ।



Academy of the Punjab in North America: http://www.apnaorg.com

ਯਹੂਦੀਆਂ ਨੂੰ ਐਸੀ ਮਾਰ ਪਈ ਕਿ ਉਨੀਵੀਂ ਸਦੀ ਦੇ ਅਖੀਰ ਤੱਕ ਉਨ੍ਹਾਂ ਦੀ ਗਿਣਤੀ ਕੇਵਲ ਪੰਜ ਹਜ਼ਾਰ ਹੀ ਰਹਿ ਗਈ। ਉਹ ਈਸਾਈਆਂ ਅਤੇ ਮੁਸਲਮਾਨਾਂ ਤੋਂ ਮਾਰ ਖਾਂਦੇ ਰਹੇ। ਇਹੋ ਹਾਲ ਪੰਜਾਬ ਵਿੱਚ ਸਿੱਖਾਂ ਦਾ ਹੋਇਆ ਸੀ ਜਦੋਂ ਹਕੂਮਤ ਉਨ੍ਹਾਂ ਦੇ ਸਿਰਾਂ ਦਾ ਮੁੱਲ ਪਾ ਕੇ ਕਤਲੇਆਮ ਕਰਵਾ ਰਹੀ ਸੀ। 1918 ਈਸਵੀ ਵਿਚ ਅੰਗਰੇਜ਼ਾਂ ਨੇ ਤੁਰਕੀ ਨੂੰ ਹਰਾ ਕੇ ਫ਼ਿਲਸਤੀਨ ਉਪਰ ਕਬਜ਼ਾ ਕਰ ਲਿਆ ਅਤੇ 1948 ਵਿਚ ਯਹੂਦੀਆਂ ਨੂੰ ਆਪਣਾ ਹੋਮਲੈਂਡ ਇਜ਼ਰਾਈਲ ਵਾਪਸ ਮਿਲ ਗਿਆ। ਇਸ ਹੋਮਲੈਂਡ ਲਈ ਯਹੂਦੀਆਂ ਨੇ ਬੇਮਿਸਾਲ ਕੁਰਬਾਨੀਆਂ ਕੀਤੀਆਂ। ਦੂਜੇ ਵਿਸ਼ਵ ਯੁੱਧ ਦੌਰਾਨ ਹਿਟਲਰ ਨੇ ਵੀਹ ਲੱਖ ਯਹੂਦੀ ਕੈਂਪਾਂ ਵਿਚ ਕੈਦ ਕਰਕੇ ਕਤਲ ਕੀਤੇ ਅਤੇ ਇਸ ਕੌਮ ਦਾ ਬੀਜ ਨਾਸ ਕਰਨ ਦੀ ਤਜ਼ਵੀਜ ਬਣਾ ਰੱਖੀ ਸੀ। ਜੋ ਹਿਟਲਰ ਦੀ ਮਾਰ ਤੋਂ ਬਚ ਨਿਕਲੇ ਉਹ ਸ਼ਰਨਾਰਥੀ ਬਣ ਕੇ ਇਜ਼ਰਾਈਲ ਪਹੁੰਚ ਗਏ। ਬਹੁਤੇ ਯਹੂਦੀ ਪੋਲੈਂਡ ਅਤੇ ਰੂਸ ਵਿਚੋਂ ਇਜ਼ਰਾਈਲ ਆਏ। 1948 ਵਿਚ ਯਹੂਦੀਆਂ ਦੀ ਅਬਾਦੀ 6 ਲੱਖ ਸੀ ਅਤੇ ਹੁਣ ਇਹ 60 ਲੱਖ ਹੋ ਗਈ ਹੈ। ਇਸ ਦੇ ਦੋ ਕਾਰਣ ਹਨ, ਇਕ ਤਾਂ ਹਰ ਦੇਸ਼ ਤੋਂ ਕੋਈ ਵੀ ਯਹੂਦੀ ਪ੍ਰੀਵਾਰ ਇਜ਼ਰਾਈਲ ਜਾ ਕੇ ਵੱਸ ਸਕਦਾ ਹੈ ਅਤੇ ਹੁਣ ਵੀ ਰੂਸ ਦੇ ਯਹੂਦੀ ਵਿਗਿਆਨੀ ਇਜ਼ਰਾਈਲ ਆ ਰਹੇ ਹਨ ਪਰੰਤੂ ਦੂਜਾ ਕਾਰਣ ਵਧੇਰੇ ਕਾਰਗਰ ਸਾਬਤ ਹੋਇਆ ਹੈ। ਯਹੂਦੀ ਪ੍ਰੀਵਾਰ ਨਿਯੋਜਨ ਨਹੀਂ ਕਰਦੇ ਅਤੇ ਵੱਧ ਬੱਚੇ ਪੈਦਾ ਕਰਨੇ ਕੌਮੀ ਬਿਹਤਰੀ ਸਮਝਦੇ ਹਨ।

ਯਹੂਦੀਆਂ ਨੂੰ ਆਪਣਾ ਹੋਮਲੈਂਡ ਕਿਵੇਂ ਮਿਲ ਗਿਆ ਜਦਕਿ ਸਿੱਖ ਕੌਮ ਇਸ ਤੋਂ ਵਾਂਝੀ ਰਹਿ ਗਈ। ਯੂਰਪ ਅਤੇ ਅਮਰੀਕਾ ਵਿਚ ਸੱਭ ਤੋਂ ਚੰਗੇ ਵਿਗਿਆਨੀ ਯਹੂਦੀਆਂ ਵਿਚੋਂ ਪੈਦਾ ਹੋਏ ਹਨ। ਹਿਟਲਰ ਦੀ ਮਾਰੂ ਨੀਤੀ ਦਾ ਵਿਰੋਧ ਕਰਕੇ ਸਾਰੇ ਯਹੂਦੀ ਵਿਗਿਆਨੀ ਅਮਰੀਕਾ ਜਾ ਵੱਸੇ ਅਤੇ ਹਿਟਲਰ ਐਟਮ ਬੰਬ ਤਿਆਰ ਕਰਨ ਵਿਚ ਨਾਕਾਮਯਾਬ ਰਿਹਾ ਜਦਕਿ ਅਮਰੀਕਾ ਕਾਮਯਾਬ ਹੋ ਗਿਆ। ਲੀਗ ਆਫ਼ ਨੇਸ਼ਨਜ਼ ਅਤੇ ਯੂ.ਐਨ.ਓ. ਵਿਚ ਅਮਰੀਕਾ ਦਾ ਬੋਲਬਾਲਾ ਰਿਹਾ ਹੈ। ਯਹੂਦੀ ਅਮਰੀਕਾ ਦੀ ਸਿਆਸਤ ਉਪਰ ਵੀ ਹਾਵੀ ਰਹੇ ਹਨ। ਭਾਵੇਂ ਇਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ ਪਰੰਤੂ ਵਿਗਿਆਨ, ਟੈਕਨਾਲੋਜੀ ਅਤੇ ਵਪਾਰਿਕ ਖੇਤਰ ਵਿਚ ਇਹ ਮੋਹਰੀ ਹਨ। ਅੰਗਰੇਜ਼ ਸਰਕਾਰ ਨੇ ਫ਼ਿਲਸਤੀਨ ਦੀ ਵੰਡ ਤੋਂ ਪਹਿਲਾਂ ਯਹੂਦੀਆਂ ਅੱਗੇ ਸੁਝਾਅ ਰੱਖਿਆ ਕਿ ਉਹ ਅਫਰੀਕਾ ਦੇ ਯੂਗਾਂਡਾ ਦੇਸ਼ ਨੂੰ ਹੋਮਲੈਂਡ ਬਣਾ ਲੈਣ ਪਰੰਤੂ ਯਹੂਦੀ ਅੜ ਗਏ ਅਤੇ ਆਪਣੇ ਜੱਦੀ ਪੁਸ਼ਤੀ ਇਜ਼ਰਾਈਲ ਦੀ ਮੰਗ ਕਰਨ ਲਗੇ। ਅਮਰੀਕਾ ਅਤੇ ਯੂ.ਐਨ.ਓ. ਦੀ ਮੱਦਦ ਨਾਲ ਉਹ ਅੰਗਰੇਜ਼ ਸਰਕਾਰ ਉਪਰ ਹਾਵੀ ਹੋ ਗਏ ਅਤੇ ਇਜ਼ਰਾਈਲ ਦਾ ਦੇਸ਼ ਦੁਨੀਆਂ ਦੇ ਨਕਸ਼ੇ ਉਪਰ ਯਹੂਦੀ ਹੋਮਲੈਂਡ ਬਣ ਕੇ ਉਭਰਿਆ। ਈਸਾਈ ਧਰਮ ਵਾਲੇ ਵੀ ਅਰਬਾਂ ਵਾਂਗ ਯਹੂਦੀਆਂ ਦੇ ਜਾਨੀ ਦੁਸ਼ਮਣ ਹੀ ਰਹੇ ਹਨ ਕਿਉਂਕਿ ਯਹੂਦੀ ਗਵਰਨਰ ਨੇ ਹਜ਼ਰਤ ਈਸਾ ਨੂੰ ਮਰਵਾਇਆ ਸੀ ਪਰੰਤੂ ਯਹੂਦੀ ਲਾਬੀ ਦੇ ਜ਼ੋਰਦਾਰ



Academy of the Punjab in North America: http://www.apnaorg.com

ਪ੍ਰਭਾਵ ਕਾਰਣ ਈਸਾਈ ਦੇਸ਼ਾਂ ਨੇ ਇਜ਼ਰਾਈਲ ਘੜਣ ਵਿਚ ਯੋਗਦਾਨ ਪਾਇਆ। ਤਿੰਨ ਹਜ਼ਾਰ ਸਾਲ ਤੋਂ ਗਵਾਚੀ ਵਿਰਾਸਤ ਯਹੂਦੀਆਂ ਨੂੰ ਯੂ.ਐਨ.ਓ. ਦਵਾਰਾ ਸੰਭਾਲੀ ਗਈ।

ਸਿੱਖ ਕੌਮ ਦੀ ਮਾੜੀ ਕਿਸਮਤ ਹੀ ਸਮਝੋ। ਮਸਾਂ ਇੱਕ ਸੌ ਸਾਲ ਪਹਿਲਾਂ ਖਾਲਸਾ ਰਾਜ ਗਵਾ ਕੇ ਅੰਗਰੇਜ਼ਾਂ ਦੀ ਗ਼ੁਲਾਮੀ ਕਬੂਲ ਕੀਤੀ ਅਤੇ ਜਦੋਂ ਅੰਗਰੇਜ਼ ਸਿੱਖਾਂ ਨੂੰ ਹੋਮਲੈਂਡ ਦੇਣਾ ਚਾਹੁੰਦੇ ਸਨ ਤਾਂ ਇਸ ਕੌਮ ਦੇ ਮੂਰਖ ਨੇਤਾ ਛਛੋਪੰਜ ਵਿਚ ਪੈ ਗਏ ਅਤੇ ਹੋਮਲੈਂਡ ਲਈ ਲਾਬੀ ਤਿਆਰ ਕਰਨ ਦੀ ਬਜਾਏ ਕਾਂਗਰਸੀ ਲੀਡਰਾਂ ਦੇ ਝੋਲੀਚੁੱਕ ਬਣ ਬੈਠੇ। ਇਹ ਗੱਲ ਮੈਂ ਸਿਰਦਾਰ ਕਪੂਰ ਸਿੰਘ ਦੀ ਸਾਚੀ ਸਾਖੀ ਦੇ ਅਧਾਰ ਤੇ ਨਹੀਂ ਕਹਿ ਰਿਹਾ ਬਲਕਿ ਅੰਗਰੇਜ਼ ਸਰਕਾਰ ਦੀ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਉਪਰ ਅਧਾਰਿਤ ਹੋਣ ਕਰਕੇ ਕਹਿ ਰਿਹਾ ਹਾਂ। ਅੰਗਰੇਜ਼ ਭਾਰਤ ਦੇ ਟੁਕੜੇ ਕਰਨ ਉੱਪਰ ਤੁਲਿਆ ਹੋਇਆ ਸੀ ਅਤੇ ਇਕ ਟੁਕੜਾ ਸਿੱਖ ਹੋਮਲੈਂਡ ਦਾ ਦੇਣ ਖਾਤਰ ਹੀ ਸਿੱਖਾਂ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਨਾਲ ਤੀਜੀ ਧਿਰ ਵੱਲੋਂ ਸਵੀਕਾਰਿਆ ਅਤੇ ਸੱਦਿਆ ਗਿਆ ਸੀ। ਕਈ ਮੂਰਖ ਸਿੱਖ ਸਿਆਸਤਦਾਨ ਅਤੇ ਇਤਿਹਾਸਕਾਰ ਇਹ ਰਾਏ ਪੇਸ਼ ਕਰਦੇ ਹਨ ਕਿ ਸਿੱਖਾਂ ਦੀ ਬਹੁਗਿਣਤੀ ਕੇਵਲ ਦੋ ਤਹਿਸੀਲਾਂ ਜਗਰਾਉਂ ਅਤੇ ਤਰਨਤਾਰਨ ਵਿਚ ਸੀ ਜਿਸ ਕਰਕੇ ਹੋਮਲੈਂਡ ਦੀ ਮੰਗ ਦਾ ਕੋਈ ਅਧਾਰ ਨਹੀਂ ਸੀ ਬਣਦਾ। ਭਲਾ ਅੰਗਰੇਜ਼ਾਂ ਨੇ ਯਹੂਦੀਆਂ ਦੀ ਬਹੁਗਿਣਤੀ ਨੂੰ ਅਧਾਰ ਬਣਾ ਕੇ ਹੋਮਲੈਂਡ ਦਿੱਤਾ ਜਾਂ ਇਰਾਕ ਦੇ ਟੁਕੜੇ ਕਰਨ ਖਾਤਰ ਕੂਵੈਤ ਨੂੰ ਅਲਹਿਦਾ ਕੀਤਾ। ਤੁਰਕੀ ਨੂੰ ਕਮਜ਼ੋਰ ਕਰਨ ਖਾਤਰ ਮੋਸਲ ਦਾ ਇਲਾਕਾ ਕੱਟਿਆ ਗਿਆ ਅਤੇ ਮੌਜੂਦਾ ਜਾਰਡਨ ਵਿਚ ਆਪਣੇ ਚਮਚੇ ਅਮੀਰ ਅਬਦੁੱਲਾ ਨੂੰ ਕਿੰਗ ਅਬਦੁੱਲਾ ਘੋਸ਼ਿਤ ਕਰਕੇ ਰਾਜਭਾਗ ਸੰਭਾਲਿਆ ਗਿਆ। ਅੰਗਰੇਜ਼ ਕਾਣੀ ਵੰਡ ਲਈ ਮਸ਼ਹੂਰ ਹਨ ਅਤੇ ਸਿੱਖਾਂ ਨੇ ਮੌਕੇ ਦਾ ਫ਼ਾਇਦਾ ਨਾ ਉਠਾਇਆ।

ਚੰਡੀਗੜ੍ਹ ਦੇ ਸਿੱਖ ਬੁੱਧੀਜੀਵੀ ਵਿਚਾਰ ਕਰ ਰਹੇ ਸਨ ਕਿ ਨੌਜਵਾਨ ਪੀੜ੍ਹੀ ਆਪਣੀ ਸਿੱਖ ਵਿਰਾਸਤ ਨਾਲੋਂ ਟੁੱਟ ਰਹੀ ਹੈ। ਇੱਕ ਸੱਜਣ ਕਹਿਣ ਲੱਗਾ ਕਿ ਗੁਰੂ ਨਾਨਕ ਦੇ ਆਪਣੇ ਪੁੱਤਰ ਵੀ ਸਿੱਖੀ ਵਿਚ ਸ਼ਾਮਲ ਨਹੀਂ ਸਨ ਹੋਏ ਜੇ ਸਾਡੇ ਟੁੱਟ ਰਹੇ ਹਨ ਤਾਂ ਕੀ ਹਰਜ਼ ਹੋਇਆ। ਦੂਜਾ ਜੋ ਖਾਲਸਾ ਕਾਲਜਾਂ ਦਾ ਪ੍ਰਿੰਸੀਪਲ ਰਹਿ ਚੁੱਕਿਆ ਹੈ ਕਹਿਣ ਲੱਗਾ ਇਹ ਸਮੇਂ ਦਾ ਗੇੜ ਹੈ। ਜੇਕਰ ਬਾਹਰ ਦੀ ਸਿੱਖੀ ਕਾਇਮ ਨਹੀਂ ਰਹਿੰਦੀ ਤਾਂ ਕੋਈ ਹਰਜ਼ ਨਹੀਂ ਸਾਨੂੰ ਅੰਦਰਲੀ ਸਿੱਖੀ ਮਜ਼ਬੂਤ ਕਰਨ ਲਈ ਗੁਰੂ ਗ੍ਰੰਥ ਸਾਹਿਬ ਦੇ ਆਦੇਸ਼ ਪ੍ਰਚਾਰਣੇ ਚਾਹੀਦੇ ਹਨ। ਮੇਰੀ ਇਕ ਕਾਮਰੇਡ ਸਿੱਖ ਪ੍ਰੋਫੈਸਰ ਨਾਲ ਇਸ ਵਿਸ਼ੇ ਤੇ ਗੱਲ ਹੋਈ ਜੋ ਹੁਣ ਸਿੱਖੀ ਬਾਰੇ ਕਿਤਾਬਾਂ ਲਿਖ ਰਿਹਾ ਹੈ ਤਾਂ ਉਹ ਕਹਿਣ ਲੱਗਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਰਹਿਤ ਮਰਿਆਦਾ ਨਹੀਂ ਬਣਾਈ ਇਹ ਤਾਂ ਸਿੰਘ ਸਭੀਆਂ ਦਾ ਕਾਰਾ ਹੈ। ਇਕ ਪੱਤਿਤ ਸਿੱਖ ਨੌਜਵਾਨ ਨੂੰ ਕੈਨੇਡਾ ਵਿਚ ਪੁੱਛਿਆ ਤਾਂ ਉਹ ਕਹਿਣ ਲੱਗਾ ਕਿ ਸਿੱਖੀ ਦੇ ਵੱਡੇ ਠੇਕੇਦਾਰਾਂ ਦੇ ਬੱਚੇ ਵੀ ਪੱਤਿਤ ਹੋ ਰਹੇ ਹਨ



Academy of the Punjab in North America: http://www.apnaorg.com

ਅਸੀਂ ਕਿਹੜੇ ਬਾਗ ਦੀ ਮੂਲੀ ਹਾਂ। ਉਸ ਨੇ ਗੰਡਾ ਸਿੰਘ, ਪ੍ਰੋ. ਹਰਬੰਸ ਸਿੰਘ, ਖੜਕ ਸਿੰਘ, ਕ੍ਰਿਪਾਲ ਸਿੰਘ ਬੰਡੂਗਰ ਅਤੇ ਹੋਰ ਕਈ ਪਤਵੰਤੇ ਸਿੱਖ ਪ੍ਰੀਵਾਰ ਗਿਣ ਧਰੇ। ਬਹੁਤ ਨੌਜਵਾਨ ਅਕਾਲੀ ਨੇਤਾਵਾਂ ਨੂੰ ਭੇਖੀ ਸਿੱਖ ਹੀ ਸਮਝਦੇ ਹਨ ਜੋ ਪੰਜ ਕਕਾਰੀ ਸਿੱਖੀ ਦੇ ਧਾਰਣੀ ਹੋਣ ਦੇ ਬਾਵਜੂਦ ਵੀ ਸਿੱਖੀ ਦਾ ਘਾਣ ਕਰ ਰਹੇ ਹਨ।

ਇਸ ਸਮੱਸਿਆ ਦਾ ਹੱਲ ਵੀ ਸਿੱਖ ਹੋਮਲੈਂਡ ਨਾਲ ਜੁੜਿਆ ਹੋਇਆ ਹੈ। ਸਾਡੇ ਕੋਲ ਪ੍ਰਤੱਖ ਗਵਾਹੀ ਹੈ ਕਿ ਖ਼ਾਲਸਾ ਰਾਜ ਸਮੇਂ ਸਾਰੇ ਪੰਜਾਬ ਵਿਚ ਕੇਸਾਧਾਰੀ ਸਿੱਖਾਂ ਅਤੇ ਹਿੰਦੂਆਂ ਦੀ ਗਿਣਤੀ ਇਕ ਕਰੋੜ ਦੇ ਲਗਭਗ ਸੀ ਜੋ ਦਸ ਸਾਲ ਬਾਅਦ ਹੀ ਸਿਰਫ ਅੱਠ ਲੱਖ ਰਹਿ ਗਈ। ਅੰਗਰੇਜ਼ ਸਰਕਾਰ ਦੀਆਂ ਖ਼ੁਫੀਆ ਰੀਪੋਰਟਾਂ ਵਿਚ ਦਰਜ ਹੈ ਕਿ ਸਿੱਖ ਕੌਮ ਦਾ ਖਾਤਮਾ ਜਲਦੀ ਹੋ ਜਾਵੇਗਾ। ਸ਼ੁਕਰ ਕਰੋ ਰੱਬ ਦਾ ਸਿੰਘ ਸਭਾ ਲਹਿਰ ਅਤੇ ਸੰਤ ਅਤਰ ਸਿੰਘ ਮਸਤੂਆਣਾ ਦੇ ਪ੍ਰਚਾਰ ਸਦਕਾ ਸਿੱਖੀ ਦਾ ਬੂਟਾ ਫਿਰ ਹਰਿਆ ਭਰਿਆ ਹੋ ਗਿਆ। ਯਹੂਦੀਆਂ ਨੇ ਆਪਣੇ ਧਰਮ ਅਤੇ ਦੇਸ ਪ੍ਰਤੀ ਜੋ ਵਤੀਰਾ ਅਪਣਾ ਰੱਖਿਆ ਹੈ ਉਹ ਬੇਮਿਸਾਲ ਹੈ। ਹਰ ਮਰਦ ਅਤੇ ਔਰਤ ਇਜ਼ਰਾਈਲ ਦੀ ਅਜ਼ਾਦੀ ਲਈ ਜਾਨ ਨਿਛਾਵਰ ਕਰਨ ਲਈ ਤਿਆਰ ਰਹਿੰਦਾ ਹੈ। ਘਰਾਂ ਵਿਚ ਧਰਮ ਦੀ ਪਕੜ ਕਾਇਮ ਹੈ ਅਤੇ ਪੁਰਾਤਨ ਖ਼ਾਲਸੇ ਵਾਂਗ ਕੁਰਬਾਨ ਹੋਣ ਦੀ ਪ੍ਰੰਪਰਾ ਧਰਮ ਤੋਂ ਹੀ ਮਿਲਦੀ ਹੈ। ਸਿੱਖਾਂ ਦੀ ਸਮੱਸਿਆ ਇਹ ਹੈ ਕਿ ਸਿਆਸੀ ਪਾਰਟੀ ਅਕਾਲੀ ਦਲ ਹੁਣ ਸਿੱਖਾਂ ਦੀ ਅਗਵਾਈ ਨਹੀਂ ਕਰ ਰਿਹਾ ਸਗੋਂ ਕੱਟੜ ਹਿੰਦੂ ਪਾਰਟੀ ਦਾ ਭਾਈਵਾਲ ਬਣ ਕੇ ਸਿੱਖੀ ਦਾ ਨਿਘਾਰ ਕਰ ਰਿਹਾ ਹੈ। ਸਾਡੀ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਉਪਰ ਅਕਾਲੀ ਦਲ ਦਾ ਕਬਜ਼ਾ ਹੋਣ ਕਰਕੇ ਇਸ ਤੋਂ ਕੋਈ ਉਮੀਦ ਕਰਨੀ ਪਾਣੀ ਵਿੱਚ ਮਧਾਣੀ ਮਾਰਨ ਵਾਲੀ ਗੱਲ ਹੈ। ਸ਼ਤਾਬਦੀਆਂ ਬਾਦਲ ਪ੍ਰੀਵਾਰ ਦੀ ਬੱਲੇ-ਬੱਲੇ ਤੱਕ ਹੀ ਮਹਿਦੂਦ ਹੋ ਕੇ ਰਹਿ ਜਾਣੀਆਂ ਹਨ। ਜਦੋਂ ਇਕ ਸਤੰਬਰ ਨੂੰ ਸਟੇਜ ਸਕੱਤਰ ਦਾ ਕੰਮ ਬੀਬੀ ਜਗੀਰ ਕੌਰ ਨੂੰ ਸੰਭਾਲਿਆ ਗਿਆ ਅਤੇ ਉਹ ਬਾਦਲ ਪ੍ਰੀਵਾਰ ਦੀ ਚਮਚਾਗਿਰੀ ਕਰ ਰਹੀ ਸੀ ਤਾਂ ਮੇਰਾ ਇਕ ਸੱਜਣ ਕਹਿਣ ਲੱਗਾ ਕਿ ਜਾਪਦਾ ਹੈ ਹੁਣ ਸ਼੍ਰੋਮਣੀ ਕਮੇਟੀ ਵਿਚ ਬੀਬੀ ਜਗੀਰੋ ਦਾ ਢੋਲ ਹੀ ਵੱਜੇਗਾ। ਭਾਵੇਂ ਡਗਾ ਲਾਣ ਵਾਲਾ ਪ੍ਰਕਾਸ਼ ਸਿੰਘ ਬਾਦਲ ਹੀ ਰਹੇਗਾ। ਉਸ ਦੀ ਗੱਲ ਸੋਲਾਂ ਆਨੇ ਸੱਚੀ ਨਿਕਲੀ।

ਕੁਲਦੀਪ ਨਈਅਰ ਦੇ ਲੇਖ ਦਾ ਕਿਸੇ ਅਕਾਲੀ ਨੇਤਾ ਨੇ ਨੋਟਿਸ ਲਿਆ ਹੈ ਜਾਂ ਨਹੀਂ ਪਰੰਤੂ ਐਡੀਟਰ ਸਪੋਕਸਮੈਨ ਨੇ ਆਪਣੀ ਪ੍ਰਤੀਕਿਰਿਆ ਜ਼ਰੂਰ ਦਰਸਾਈ ਹੈ। ਇਕ ਸਤੰਬਰ ਦੇ ਅੰਗਰੇਜ਼ੀ ਟ੍ਰੀਬੀਊਨ ਵਿਚ ਛਪਿਆ ਨਈਅਰ ਦਾ ਲੇਖ ਇਕ ਪੰਜਾਬੀ ਕੱਟੜ ਹਿੰਦੂ ਦੀ ਸਹੀ ਮਾਨਸਿਕ ਦਸ਼ਾ ਦਾ ਪ੍ਰਤੀਕ ਹੋ ਨਿਬੜਿਆ ਹੈ। ਇਸ ਵਿਚ ਅਕਾਲੀਆਂ ਦੀ ਭੰਡ ਕੀਤੀ ਹੋਈ ਹੈ ਅਤੇ ਸਿੱਖਾਂ ਨੂੰ ਭਾਰਤੀ ਸੰਵਿਧਾਨ ਤੋਂ ਮੁਨਕਰ ਦੱਸਿਆ ਗਿਆ ਹੈ ਕਿਉਂਕਿ ਉਨ੍ਹਾਂ ਦੇ



Academy of the Punjab in North America: http://www.apnaorg.com

ਨੁੰਮਾਇੰਦਿਆਂ ਨੇ ਇਸ ਨੂੰ ਪ੍ਰਵਾਨ ਨਹੀਂ ਸੀ ਕੀਤਾ। ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਦੀ ਸਿਫਤ ਕੀਤੀ ਹੈ ਕਿਉਂਕਿ ਉਹ ਸਿੱਖ ਹੋਮਲੈਂਡ ਦੀ ਗੱਲ ਨਹੀਂ ਸਨ ਕਰਦੇ ਅਤੇ ਭਾਰਤ ਵਿਚ ਸ਼ਾਮਲ ਹੋਣ ਲਈ ਤੱਤਪਰ ਰਹਿੰਦੇ ਸਨ। ਜੋ ਤੱਥ ਨਈਅਰ ਪੇਸ਼ ਕਰਦਾ ਹੈ ਉਹ ਘਟੀਆ ਅਤੇ ਬੇਹੂਦਾ ਕਿਸਮ ਦੇ ਹਨ। ਉਦਾਹਰਣ ਲਈ ਉਹ ਗੁਰੂ ਗ੍ਰੰਥ ਨੂੰ ਇਕ ਕਿਤਾਬ ਕਹਿ ਕੇ ਛੁਟਿਆਉਂਦਾ ਹੈ। ਇਸ ਵਿਚ ਆਏ 'ਰਾਮ' ਨੂੰ ਰਾਮਚੰਦਰ ਨਾਲ ਜੋੜਦਾ ਹੈ ਜੋ ਉਸ ਦੀ ਹਿੰਦੂ ਸੰਕੀਰਣਤਾ ਦਾ ਸਬੂਤ ਹੈ ਅਤੇ ਸਭ ਤੋਂ ਵੱਡਾ ਝੂਠ ਦਾ ਪੁਲੰਦਾ ਉਸ ਦਾ ਬਿਆਨ ਹੈ ਕਿ ਹੁਣ ਦੇ ਪੰਜਾਬ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ (ਭਈਆਂ ਦੀ ਆਮਦ ਕਰਕੇ) 47 ਪ੍ਰਤੀਸ਼ਤ ਹੀ ਰਹਿ ਗਈ ਹੈ। ਉਸ ਦਾ ਭਾਵ ਹੈ ਕਿ ਪੰਜਾਬ ਨੂੰ ਹੁਣ ਪੰਜਾਬੀ ਸੂਬਾ ਨਾ ਮੰਨ ਕੇ ਦੋ ਭਾਸ਼ੀ ਸੂਬਾ ਮੰਨ ਲਿਆ ਜਾਵੇ ਜੋ ਸਥਿਤੀ 1966 ਤੋਂ ਪਹਿਲਾਂ ਸੀ।

ਅਖੀਰ ਵਿਚ ਪੰਜਾਬ ਦੇ ਸਿੱਖ ਸਭਿਆਚਾਰ ਦੀ ਗੱਲ ਕਰਨੀ ਬਣਦੀ ਹੈ। ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ ਪੰਜਾਬ ਦਾ ਸਭਿਆਚਾਰ ਗੁਰੂਆਂ ਨਾਲ ਹੀ ਸੰਬੰਧਿਤ ਹੈ:

*ਪੰਜਾਬ ਦਾ ਹਿੰਦੂ ਨਾ ਮੁਸਲਮਾਨ*
*ਪੰਜਾਬ ਜੀਉਂਦਾ ਗੁਰੂ ਦੇ ਨਾਮ ਤੇ।*

ਇਹ ਗੱਲ ਤਾਂ ਕੁਲਦੀਪ ਨਈਅਰ ਵੀ ਮੰਨਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਸਾਰੀ ਮਨੁੱਖਤਾ ਦਾ ਸਾਂਝਾ ਧਰਮ ਗ੍ਰੰਥ ਹੈ। ਜੋ ਸਭਿਆਚਾਰ ਇਸ ਦੀ ਸਿੱਖਿਆ ਉਪਰ ਅਧਾਰਿਤ ਹੋਵੇਗਾ ਉਹ ਵਿਸ਼ਵ ਪੱਧਰੀ ਹੋਣ ਦਾ ਦਾਅਵਾ ਕਰ ਸਕਦਾ ਹੈ। ਸਿਧਾਂਤਕ ਤੌਰ ਤੇ ਇਹ ਗੱਲ ਠੀਕ ਹੈ ਪਰੰਤੂ ਨਿਰੇ ਸਿਧਾਂਤ ਦੇ ਆਸਰੇ ਜੀਣਾ ਨਿਰਾਰਥਕ ਸਿੱਧ ਹੁੰਦਾ ਹੈ। ਬੁੱਧ ਧਰਮ ਚੰਗੇ ਸਿਧਾਂਤਾਂ ਦੇ ਬਾਵਜੂਦ ਵੀ ਭਾਰਤ ਵਿਚੋਂ ਕੂਚ ਕਰ ਗਿਆ। ਹੁਣ ਇਹ ਖਤਰਾ ਸਿੱਖ ਧਰਮ ਉਪਰ ਮੰਡਲਾ ਰਿਹਾ ਹੈ। ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ ਜੇਕਰ ਸਿੱਖ ਸਭਿਆਚਾਰ ਦੀ ਖੈਰ ਚਾਹੁੰਦੇ ਹਾਂ ਤਾਂ ਸਿੱਖ ਹੋਮਲੈਂਡ ਦੀ ਲੋੜ ਵੀ ਪੈ ਸਕਦੀ ਹੈ। ਉਹ ਤਾਂ ਖ਼ਾਲਸਾ ਕਾਮਨਵੈਲਥ ਦੀ ਰੂਪਰੇਖਾ ਵੀ ਪੇਸ਼ ਕਰਦੇ ਹਨ ਜੋ 'ਸਪਿਰਟ ਆਫ਼ ਦੀ ਸਿੱਖ' ਵਿਚ ਅੰਕਿਤ ਹੈ।



Academy of the Punjab in North America: http://www.apnaorg.com

# 15.

# ਭਗਤ ਪੂਰਨ ਸਿੰਘ ਦੇ ਕੁਝ ਨਿੱਜੀ ਪ੍ਰਭਾਵ

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਮੈਂ ਅਧਿਆਪਨ ਕਾਰਜ 1965 ਵਿੱਚ ਸ਼ੁਰੂ ਕੀਤਾ। ਰਾਜਪੁਰਾ ਰੋਡ ਤੇ ਕੈਂਪਸ ਬਣਨਾ ਸ਼ੁਰੂ ਹੋ ਗਿਆ ਸੀ ਅਤੇ 1966 ਦੇ ਸ਼ੁਰੂ ਵਿੱਚ ਭੌਤਿਕ ਵਿਗਿਆਨ ਵਿਭਾਗ ਵੀ ਕੈਂਪਸ ਵਿਖੇ ਚਲਾ ਗਿਆ। ਯੂਨੀਵਰਸਿਟੀ ਵਿੱਚ ਕੇਵਲ ਚਾਰ ਕੁ ਦਰਜਨ ਅਧਿਆਪਕ ਨਿਯੁਕਤ ਹੋਏ ਸਨ। ਕੈਂਪਸ ਵਿੱਚ ਕੋਈ ਗੁਰਦਵਾਰਾ ਨਹੀਂ ਸੀ। ਜਦੋਂ 1969 ਵਿੱਚ ਗੁਰੂ ਗੋਬਿੰਦ ਸਿੰਘ ਭਵਨ ਬਣਿਆ ਤਾਂ ਉਸ ਵਿੱਚ ਸਿੱਖ ਧਰਮ ਦਾ ਅਧਿਐਨ ਕੇਂਦਰ ਸਥਾਪਿਤ ਕੀਤਾ ਗਿਆ। ਕੈਂਪਸ ਵਿੱਚ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਗੁਰਪੁਰਬ ਮਨਾਉਣ ਦੀ ਪਰੰਪਰਾ ਵੀ ਉਦੋਂ ਹੀ ਚਾਲੂ ਹੋਈ। ਪ੍ਰੋ. ਤਾਰਨ ਸਿੰਘ, ਗੁਰਬਖਸ਼ ਸਿੰਘ, ਰਤਨ ਸਿੰਘ ਜੱਗੀ ਅਤੇ ਮੇਰੇ ਸਮੇਤ ਕੁੱਝ ਹੋਰ ਸੱਜਣ ਯੂਨੀਵਰਸਿਟੀ ਦੀ ਸਦਾਚਾਰ ਕਮੇਟੀ ਦੇ ਮੈਂਬਰ ਸਨ। 1970 ਵਿੱਚ ਮੈਂ ਡਾਕਟਰੇਟ ਦੀ ਡਿਗਰੀ ਹਾਸਲ ਕਰਨ ਲਈ ਪੈਰਿਸ ਚਲਾ ਗਿਆ। 1972 ਦੇ ਅਖੀਰ ਤੇ ਵਾਪਸ ਮੁੜਿਆ ਤਾਂ ਸਦਾਚਾਰ ਕਮੇਟੀ ਦੀਆਂ ਗਤੀਵਿਧੀਆਂ ਵਿੱਚ ਮੁੜ ਸ਼ਾਮਲ ਹੋ ਗਿਆ। ਜਦੋਂ 1974 ਜਨਵਰੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਮਨਾਉਣ ਲੱਗੇ ਤਾਂ ਕਮੇਟੀ ਵੱਲੋਂ ਭਗਤ ਪੂਰਨ ਸਿੰਘ ਨੂੰ ਸੱਦਣ ਲਈ ਮੇਰੀ ਡਿਊਟੀ ਲੱਗੀ। ਮੈਂ ਇਹ ਸੱਦਾਪੱਤਰ ਲੈ ਕੇ ਅੰਮ੍ਰਿਤਸਰ ਪਹੁੰਚ ਗਿਆ ਅਤੇ ਭਗਤ ਜੀ ਨੇ ਹਾਂ ਕਰ ਦਿੱਤੀ।

ਭਗਤ ਜੀ ਪਟਿਆਲੇ ਗੁਰਦਵਾਰਾ ਦੁੱਖ ਨਿਵਾਰਣ ਆ ਕੇ ਠਹਿਰੇ। ਮੈਂ ਕਿਹਾ ਮੇਰੇ ਪਾਸ ਮੋਟਰ ਸਾਈਕਲ ਹੈ, ਆ ਕੇ ਲੈ ਜਾਂਦਾ ਹਾਂ। ਉਹ ਕਹਿੰਦੇ ਮੈਂ ਤਾਂ ਟਾਂਗੇ ਉਪਰ ਹੀ ਆਵਾਂਗਾ, ਕਾਰ ਅਤੇ ਮੋਟਰ ਸਾਈਕਲ ਦੀ ਸਵਾਰੀ ਨਹੀਂ ਕਰਦਾ। ਭਾਸ਼ਣ ਉਪਰੰਤ ਕਈ ਸੱਜਣ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕਰ ਰਹੇ ਸਨ ਅਤੇ ਮੈਂ ਵੀ ਮੋਟਰ ਸਾਈਕਲ ਦੀ ਸਵਾਰੀ ਨਾ ਕਰਨ ਦਾ ਕਾਰਣ ਪੁੱਛਿਆ। ਉਹ ਕਹਿਣ ਲੱਗੇ ਪੈਟਰੋਲ ਦੇ ਜਲਣ ਨਾਲ ਪ੍ਰਦੂਸ਼ਣ ਪੈਦਾ ਹੁੰਦਾ ਹੈ ਅਤੇ ਮੈਂ ਵਾਹ ਲਗਦੇ ਗੱਡੀ ਅਤੇ ਮੋਟਰ ਵਿੱਚ ਸਫਰ ਨਹੀਂ ਕਰਦਾ। ਇਹ ਪਹਿਲਾ ਪ੍ਰਭਾਵ ਸੀ ਜੋ ਮੈਂ ਭਗਤ ਪੂਰਨ ਸਿੰਘ ਹੋਰਾਂ ਤੋਂ ਗ੍ਰਹਿਣ ਕੀਤਾ। ਪ੍ਰਦੂਸ਼ਨ ਦੀ ਰੋਕਥਾਮ ਲਈ 1970 ਵਿੱਚ ਹੀ ਯੂਰਪ ਦੀਆਂ ਯੂਨੀਵਰਸਿਟੀਆਂ ਵਿੱਚ ਇੱਕ ਮੁਹਿੰਮ ਸ਼ੁਰੂ ਹੋ ਗਈ ਸੀ ਜਿਸ ਦੇ ਸਿਟੇ ਵਜੋਂ ਗਰੀਨਪੀਸ ਗਰੁੱਪ ਦਾ ਜਨਮ ਹੋਇਆ ਜੋ ਹੁਣ ਵਿਸ਼ਵ ਭਰ ਵਿੱਚ ਪ੍ਰਦੂਸ਼ਣ ਦੀ ਰੋਕਥਾਮ ਲਈ



Academy of the Punjab in North America: http://www.apnaorg.com

ਜਦੋ-ਜਹਿਦ ਕਰ ਰਹੇ ਹਨ। ਭਗਤ ਜੀ ਦੀ ਦੂਰ-ਅੰਦੇਸ਼ੀ ਸੋਚ ਦਾ ਮੇਰੇ ਉਪਰ ਬਹੁਤ ਪ੍ਰਭਾਵ ਪਿਆ।

1977 ਵਿੱਚ ਇਟਲੀ ਦੇ ਅੰਤਰ-ਰਾਸ਼ਟਰੀ ਭੌਤਿਕ ਵਿਗਿਆਨ ਕੇਂਦਰ ਵਿੱਚ ਮੇਰੀ ਚੋਣ ਹੋ ਗਈ ਅਤੇ ਮਾਤਾ ਜੀ ਦੀ ਇੱਛਾ ਅਨੁਸਾਰ ਅਸੀਂ ਆਪਣੇ ਕੈਂਪਸ ਵਾਲੇ ਘਰ ਵਿੱਚ ਅਖੰਡ ਪਾਠ ਦਾ ਭੋਗ ਪਵਾਇਆ। ਭਗਤ ਜੀ ਨੂੰ ਉਚੇਚੇ ਤੌਰ ਤੇ ਇਸ ਸਮਾਗਮ ਵਿੱਚ ਸੱਦਿਆ ਗਿਆ ਸੀ।ਅੱਗੇ ਵਾਂਗ ਉਹ ਕੁਝ ਸਾਥੀਆਂ ਸਮੇਤ ਟਾਂਗੇ ਤੇ ਸਵਾਰ ਹੋ ਕੇ ਸਾਡੇ ਘਰ ਪਹੁੰਚ ਗਏ। ਉਸ ਦਿਨ ਦਾ ਭਾਸ਼ਣ ਪ੍ਰਦੂਸ਼ਣ ਉਪਰ ਹੀ ਕੇਂਦਰਿਤ ਸੀ। ਮੈਨੂੰ ਪੁੱਛਣ ਲੱਗੇ ਕਾਹਦੀ ਖੋਜ ਕਰਨ ਜਾਣਾ ਹੈ।ਮੈਂ ਕਿਹਾ ਭੂ-ਭੌਤਿਕ ਵਿਗਿਆਨ ਦਾ ਵਿਸ਼ਾ ਮੇਰੇ ਲਈ ਨਵਾਂ ਹੈ ਪਰੰਤੂ ਇਸ ਵਿੱਚ ਧਰਤੀ ਦੇ ਕੁਦਰਤੀ ਜਖੀਰਿਆਂ ਦੀ ਸਹੀ ਵਰਤੋਂ ਬਾਰੇ ਦੱਸਿਆ ਜਾਂਦਾ ਹੈ ਅਤੇ ਜੇਕਰ ਵਰਤੋਂ ਠੀਕ ਤਰ੍ਹਾਂ ਕੀਤੀ ਜਾਵੇ ਤਾਂ ਪ੍ਰਦੂਸ਼ਣ ਉਪਰ ਨਿਰੰਤਰਣ ਹੋ ਸਕਦਾ ਹੈ। ਭਗਤ ਜੀ ਪੁੱਛਣ ਲੱਗੇ ਕਿ ਰੋਮ ਵਿੱਚ ਪੋਪ ਨਾਲ ਮੁਲਾਕਾਤ ਹੋਵੇਗੀ ਕਿ ਨਹੀਂ ? ਉਹ ਮਦਰ ਟੈਰੇਸਾ ਦੇ ਕੰਮ ਤੋਂ ਜਾਣੂ ਸਨ ਅਤੇ ਉਸ ਨੂੰ ਨੋਬਲ ਪੁਰਸਕਾਰ ਮਿਲਣ ਤੇ ਖੁਸ਼ ਹੋਏ ਸਨ। ਉਹ ਚਾਹੁੰਦੇ ਸਨ ਕਿ ਉਨ੍ਹਾਂ ਦਾ ਨਾਮ ਵੀ ਵਿਸ਼ਵ ਪੱਧਰ ਉਪਰ ਰੋਸ਼ਨ ਹੋਵੇ। ਮਦਰ ਟੈਰੇਸਾ ਪਿੱਛੇ ਈਸਾਈ ਧਰਮ ਦੀ ਵੱਡੀ ਲਾਬੀ ਕੰਮ ਕਰ ਰਹੀ ਸੀ ਪਰੰਤੂ ਭਗਤ ਪੂਰਨ ਸਿੰਘ ਤਾਂ ਜਨਤਾ ਦੀ ਸੇਵਾ ਕਰ ਰਹੇ ਸਨ ਅਤੇ ਸਿਆਸਤ ਤੋਂ ਨਿਰਲੇਪ ਰਹਿੰਦੇ ਸਨ।ਮਾਣ ਸਨਮਾਣ ਪ੍ਰਾਪਤ ਕਰਨਾ ਹਰ ਇਨਸਾਨ ਦੀ ਦਿੱਲੀ ਇੱਛਾ ਹੁੰਦੀ ਹੈ।ਭਗਤ ਜੀ ਨੂੰ ਪਦਮ ਭੂਸ਼ਨ ਦਾ ਸਨਮਾਣ ਗਿਆਨੀ ਜ਼ੈਲ ਸਿੰਘ ਹੋਰਾਂ ਦਿਵਾਇਆ ਪਰੰਤੂ ਹਰਿਮੰਦਰ ਸਾਹਿਬ ਤੇ ਹਮਲੇ ਉਪਰੰਤ ਉਨ੍ਹਾਂ ਇਹ ਸਨਮਾਣ ਵੀ ਵਾਪਸ ਮੋੜ ਦਿੱਤਾ। ਰੋਸ ਪ੍ਰਗਟ ਕਰਨ ਲਈ ਮੈਂ ਵੀ ਯੂਨੀਵਰਸਿਟੀ ਦੀ ਸਿੰਡੀਕੇਟ ਅਤੇ ਸੈਨੇਟ ਤੋਂ ਅਸਤੀਫ਼ਾ ਦੇ ਦਿੱਤਾ।

1979 ਵਿੱਚ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਨੌਕਰੀ ਕਰ ਲਈ ਅਤੇ ਭਗਤ ਪੂਰਨ ਸਿੰਘ ਹੋਰਾਂ ਨਾਲ ਪੱਕਾ ਸੰਪਰਕ ਕਾਇਮ ਹੋ ਗਿਆ। ਪਿੰਗਲਵਾੜੇ ਕਈ ਵਾਰ ਮੇਲ ਹੁੰਦਾ ਤਾਂ ਉਹ ਕਹਿੰਦੇ ਕਿ ਮੈਂ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੁੰਦਾ ਹਾਂ।ਮੈਂ ਹਮੇਸ਼ਾਂ ਹੀ ਟਾਲਣ ਦੀ ਕੋਸ਼ਿਸ਼ ਕਰਦਾ ਅਤੇ ਕਹਿੰਦਾ ਕਿ ਤੁਸੀਂ ਆਪਣੇ ਮਿਸ਼ਨ ਵਿੱਚ ਕਾਮਯਾਬ ਰਹੇ ਹੋ ਐਵੇਂ ਵਾਧੂ ਮਗਜ਼ ਖਪਾਈ ਵਿੱਚ ਪੈ ਕੇ ਕੀ ਲੈਣਾ ਹੈ।ਉਹ ਹਠ ਕਰਦੇ ਕਿ ਮੈਂ ਵਿਦਵਾਨਾਂ ਦੀ ਰਾਏ ਜਾਨਣ ਦਾ ਇੱਛੁਕ ਹਾਂ। ਵਾਤਾਵਰਣ ਦੀ ਸਾਂਭ ਸੰਭਾਲ, ਅੰਤਰ-ਰਾਸ਼ਟਰੀ ਅਰਥ-ਵਿਵਸਥਾ ਅਤੇ ਸਿੱਖ ਧਰਮ ਬਾਰੇ ਉਨ੍ਹਾਂ ਦੀ ਅਮਲੀ ਪਹੁੰਚ ਸੀ ਜਦ ਕਿ ਸਾਡੇ ਯੂਨੀਵਰਸਿਟੀ ਵਿਦਵਾਨ ਤਾਂ ਸਿਧਾਂਤਕ ਵਿਚਾਰਾਂ ਵਿੱਚ ਹੀ ਉਲਝੇ ਰਹਿੰਦੇ ਹਨ।

ਪ੍ਰੋ. ਨਰਾਇਣ ਸਿੰਘ ਮੇਰੇ ਚੰਗੇ ਜਾਣੂ ਸਨ ਅਤੇ ਭਗਤ ਜੀ ਉਨ੍ਹਾਂ ਦੇ ਬਹੁਤ ਹੀ



Academy of the Punjab in North America: http://www.apnaorg.com

ਕਦਰਦਾਨ। ਪ੍ਰੋ. ਸਾਹਿਬ ਦੀਆਂ ਕਈ ਪੁਸਤਕਾਂ ਭਗਤ ਜੀ ਨੇ ਪਿੰਗਲਵਾੜਾ ਪਰੈਸ ਤੋਂ ਛਪਵਾ ਕੇ ਮੁਫ਼ਤ ਵੰਡੀਆਂ। ਜਦੋਂ 'ਰਾਧਾ ਸਵਾਮੀ ਬਾਬਿਆਂ ਦੇ ਕਾਲੇ ਬਚਨ' ਪੁਸਤਕ ਛਪੀ ਤਾਂ ਪ੍ਰੋ. ਕਿਰਪਾਲ ਸਿੰਘ ਨਾਰੰਗ ਰੋਸ ਪ੍ਰਗਟ ਕਰਨ ਆਇਆ। ਪ੍ਰੋ. ਨਰਾਇਣ ਸਿੰਘ ਅਤੇ ਨਾਰੰਗ ਸਾਹਿਬ ਦੋਨਾਂ ਨੇ ਮੇਰੇ ਨਾਲ ਇਸਦਾ ਜ਼ਿਕਰ ਕੀਤਾ। ਪ੍ਰੋ. ਨਰਾਇਣ ਸਿੰਘ ਗੁਰਮਤਿ ਦੇ ਖੋਜੀ ਸਨ ਅਤੇ ਭਗਤ ਜੀ ਸਿੱਖੀ ਦਾ ਪ੍ਰਚਾਰ ਅਮਲੀ ਰੂਪ ਵਿੱਚ ਕਰ ਰਹੇ ਸਨ। ਉਹ ਕਈ ਵਾਰ ਜ਼ਿਕਰ ਕਰਦੇ ਕਿ ਸ਼੍ਰੋਮਣੀ ਕਮੇਟੀ ਨੇ ਮੱਦਦ ਤਾਂ ਕੀ ਕਰਨੀ ਹੈ, ਉਹ ਉਨ੍ਹਾਂ ਨੂੰ ਹਰਿਮੰਦਰ ਸਾਹਿਬ ਅੱਗੇ ਬੈਠਣ ਤੋਂ ਵੀ ਰੋਕਣਾ ਚਾਹੁੰਦੀ ਹੈ। ਭਗਤ ਜੀ ਦੀ ਗਿਆਨ ਪ੍ਰਾਪਤੀ ਲਈ ਨਿਰੰਤਰ ਲਾਲਸਾ, ਜਨਤਕ ਸੇਵਾ ਦਾ ਮਿਸ਼ਨ ਅਤੇ ਸਿੱਖੀ ਦਾ ਅਮਲੀ ਰੂਪ ਵਿੱਚ ਪ੍ਰਚਾਰ ਸਾਡੀਆਂ ਸਿੱਖ ਸੰਸਥਾਵਾਂ ਲਈ ਇਕ ਚਾਨਣ ਮੁਨਾਰਾ ਹੋਣਾ ਚਾਹੀਦਾ ਹੈ। ਇਹ ਜਿੰਮੇਵਾਰੀ ਹੁਣ ਡਾਕਟਰ ਬੀਬੀ ਇੰਦਰਜੀਤ ਕੌਰ ਹੋਰੀਂ ਨਿਭਾ ਰਹੇ ਹਨ। ਪ੍ਰਿੰਸੀਪਲ ਨਰਿੰਦਰ ਸਿੰਘ ਸੋਚ ਹੋਰਾਂ ਭਗਤ ਪੂਰਨ ਸਿੰਘ ਅਤੇ ਉਨ੍ਹਾਂ ਦੀ ਮਾਤਾ ਮਹਿਤਾਬ ਕੌਰ ਬਾਰੇ ਪੁਸਤਕਾਂ ਤਿਆਰ ਕਰਕੇ ਇੱਕ ਵੱਡਮੁਲਾ ਪਰਉਪਕਾਰ ਕੀਤਾ ਹੈ। ਭਗਤ ਜੀ ਦਾ ਜਨਮ ਅਸਥਾਨ ਪਿੰਡ ਰਾਜੇਵਾਲ ਸੀ ਜੋ ਜਰਗ-ਖੰਨਾ ਸੜਕ ਤੇ ਮੇਰੇ ਨਾਨਕੇ ਪਿੰਡ ਤੋਂ ਨੇੜੇ ਹੀ ਹੈ। ਬਚਪਨ ਵਿੱਚ ਕਈ ਵਾਰ ਇਸ ਰਾਹ ਲੰਘੇ ਪਰੰਤੂ ਕੀ ਪਤਾ ਸੀ ਕਿ ਸੇਵਾ ਦਾ ਪੁੰਜ ਭਗਤ ਪੂਰਨ ਸਿੰਘ ਇਸ ਪਿੰਡ ਦਾ ਨਾਂ ਸੰਸਾਰ ਭਰ ਵਿੱਚ ਰੋਸ਼ਨ ਕਰੇਗਾ।

***



Academy of the Punjab in North America: http://www.apnaorg.com

# 16.

# ਯਾਦਾਂ ਦੇ ਝਰੋਖੇ ਵਿਚੋਂ ਡਿੱਠਾ ਜਥੇਦਾਰ ਟੌਹੜਾ

ਜਥੇਦਾਰ ਗੁਰਚਰਨ ਸਿੰਘ ਟੌਹੜਾ ਨਾਲ ਮੇਰੀ ਪਹਿਲੀ ਮੁਲਾਕਾਤ ਨਵੰਬਰ 1972 ਵਿਚ ਹੋਈ ਜਦੋਂ ਮੈਂ ਪੈਰਿਸ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਪ੍ਰਾਪਤ ਕਰਕੇ ਮੁੜਿਆ ਹੀ ਸਾਂ। 1972 ਵਿਚ ਟੌਹੜਾ ਸਾਹਿਬ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪਹਿਲੀ ਵਾਰ ਪ੍ਰਧਾਨ ਚੁਣੇ ਗਏ ਤਾਂ ਗੁਰੂ ਨਾਨਕ ਆਸ਼ਰਮ ਪਟਿਆਲਾ ਵਿਚ ਉਨ੍ਹਾਂ ਦੇ ਲਈ ਸਨਮਾਨ ਸਮਾਰੋਹ ਦਾ ਪ੍ਰਬੰਧ ਕੀਤਾ ਗਿਆ। ਪੰਥ ਦੇ ਮਹਾਨ ਕਥਾਕਾਰ ਸੰਤ ਗਿਆਨੀ ਨਿਰੰਜਨ ਸਿੰਘ ਜੀ ਟੌਹੜਾ ਸਾਹਿਬ ਦੇ ਹਿਤੈਸ਼ੀ ਸਨ ਅਤੇ ਸਟੇਜ ਸਕੱਤਰ ਦੀ ਡਿਊਟੀ ਮੇਰੀ ਲਗਾਈ ਗਈ। ਪਟਿਆਲੇ ਦੀ ਸਿੱਖ ਸੰਗਤ ਗੁਰੂ ਨਾਨਕ ਆਸ਼ਰਮ ਵਿਚ ਸੰਤਾਂ ਦੇ ਸੱਦੇ ਉਪਰ ਪਹੁੰਚ ਗਈ ਅਤੇ ਟੌਹੜਾ ਸਾਹਿਬ ਨੂੰ ਜੀ ਆਇਆਂ ਕਹਿਣ ਲਈ ਪੰਜਾਬੀ ਯੂਨੀਵਰਸਿਟੀ ਦੇ ਕੁਝ ਅਧਿਆਪਕ ਵੀ ਪਧਾਰੇ ਹੋਏ ਸਨ। ਮੈਂ ਆਪਣੇ ਸੰਖੇਪ ਜਹੇ ਭਾਸ਼ਣ ਵਿਚ ਟੌਹੜਾ ਸਾਹਿਬ ਨੂੰ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੁਝ ਸੁਝਾਅ ਪੇਸ਼ ਕੀਤੇ ਅਤੇ ਵਿਦੇਸ਼ਾਂ ਵਿਚ ਸਿੱਖਾਂ ਦੀ ਪਹਿਚਾਣ ਦੀ ਸਮੱਸਿਆ ਬਾਰੇ ਜ਼ਿਕਰ ਕੀਤਾ। ਫਰਾਂਸ ਵਿਚ ਪਗੜੀ ਦਾ ਮਸਲਾ ਹੁਣ ਸਭ ਦੇ ਸਾਹਮਣੇ ਉਭਰ ਕੇ ਆਇਆ ਹੈ। ਦਰਅਸਲ ਇਹ ਸਮੱਸਿਆ 1970 ਵਿਚ ਮੇਰੇ ਸਾਹਮਣੇ ਵੀ ਆਈ ਕਿਉਂਕਿ ਪਗੜੀ ਵਾਲਾ ਮੈਂ ਇਕੋ ਇਕ ਹੀ ਵਿਦਿਆਰਥੀ ਪੈਰਿਸ ਯੂਨੀਵਰਸਿਟੀ ਵਿਚ ਪੜ੍ਹਦਾ ਸਾਂ। ਸਿੱਖੀ ਦੀ ਪਹਿਚਾਣ ਲਈ ਔਕੜਾਂ ਤਾਂ ਆਈਆਂ ਪਰੰਤੂ ਗੁਰੂ ਦੀ ਕਿਰਪਾ ਨਾਲ ਮੇਰੀ ਸਮੱਸਿਆ ਹੱਲ ਹੋ ਗਈ ਅਤੇ ਯੂਨੀਵਰਸਿਟੀ ਦੇ ਹਰ ਸਮਾਗਮ ਵਿਚ ਮੈਂ ਪੂਰੀ ਸਿੱਖ ਸ਼ਾਨ ਸ਼ੌਕਤ ਨਾਲ ਹਿੱਸਾ ਲੈਂਦਾ ਰਿਹਾ।

ਜਥੇਦਾਰ ਟੌਹੜਾ ਗਿਆਨੀ ਜੀ ਦੇ ਪੁਰਾਣੇ ਜਾਣੂ ਸਨ ਜਦੋਂ ਉਹ ਗੁਰਦਵਾਰਾ ਦੁੱਖ ਨਿਵਾਰਣ ਵਿਚ ਕਥਾ ਕਰਿਆ ਕਰਦੇ ਸਨ ਅਤੇ ਗੁਰਚਰਨ ਸਿੰਘ ਆਸਾ ਦੀ ਵਾਰ ਦੇ ਕੀਰਤਨ ਵਿਚ ਸ਼ਾਮਲ ਹੁੰਦੇ ਸਨ। ਗਿਆਨੀ ਜੀ ਨੇ ਦੱਸਿਆ ਕਿ ਗੁਰਚਰਨ ਸਿੰਘ ਆਪਣੇ ਪਿੰਡ ਟੌਹੜੇ ਤੋਂ ਸਾਈਕਲ ਤੇ ਸਵਾਰ ਹੋ ਕੇ ਪਟਿਆਲੇ ਪਹੁੰਚ ਜਾਂਦੇ ਅਤੇ ਵਰਿਆਮ ਸਿੰਘ ਟੌਹੜੇ ਦੇ ਜਥੇ ਵਿਚ ਜੋੜੀ ਵਜਾਉਣ ਦੀ ਸੇਵਾ ਨਿਭਾਉਂਦੇ ਰਹੇ। ਪੰਜਾਬ ਯੂਨੀਵਰਸਿਟੀ ਲਹੌਰ ਦਾ ਗਰੈਜੂਏਟ ਜਥੇਦਾਰ ਟੌਹੜਾ ਭਰ ਜਵਾਨੀ ਵਿਚ ਹੀ ਗੁਰੂ ਘਰ ਦੀ ਸੇਵਾ ਸੰਭਾਲ ਨਾਲ ਜੁੜਿਆ ਰਿਹਾ। ਗ਼ਰੀਬ ਕਿਸਾਨ ਪ੍ਰੀਵਾਰ ਵਿਚ ਪੈਦਾ ਹੋਇਆ ਗੁਰਚਰਨ ਸਿੰਘ ਟੌਹੜਾ



Academy of the Punjab in North America: http://www.apnaorg.com

ਸਰਕਾਰੀ ਨੌਕਰੀ ਦੇ ਚੱਕਰ ਵਿਚ ਨਹੀਂ ਪਿਆ ਬਲਕਿ ਤਨੋ-ਮਨੋ ਪੰਥਕ ਸੇਵਾ ਵਿਚ ਹੀ ਜੁਟਿਆ ਰਿਹਾ। ਗਿਆਨੀ ਜੀ ਦੇ ਭਾਸ਼ਣ ਤੋਂ ਬਾਅਦ ਟੌਹੜਾ ਜੀ ਦੀ ਵਾਰੀ ਆਈ ਤਾਂ ਪਟਿਆਲਾ ਨਿਵਾਸੀਆਂ ਦਾ ਸ਼ੁਕਰੀਆ ਅਦਾ ਕਰਨ ਤੋਂ ਬਾਅਦ ਉਹ ਸਿੱਖ ਬੁੱਧੀਜੀਵੀਆਂ ਨੂੰ ਮੁਖਾਤਿਬ ਹੋਏ। ਟੌਹੜਾ ਸਾਹਿਬ ਕਹਿਣ ਲੱਗੇ ਕਿ ਸਾਡੇ ਤਾਂ ਦੋਵੇਂ ਹੱਥੀਂ ਲੱਡੂ ਹਨ। ਅਸੀਂ ਬੁੱਧੀਜੀਵੀਆਂ ਨੂੰ ਸਮੇਂ-ਸਮੇਂ ਪਰਖਦੇ ਰਹਿੰਦੇ ਹਾਂ। ਸਰਦਾਰ ਗੁਰਨਾਮ ਸਿੰਘ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਇਆ ਪਰੰਤੂ ਉਹ ਪੰਥ ਨੂੰ ਦਗਾ ਦੇ ਕੇ ਕਾਂਗਰਸ ਦੀ ਝੋਲੀ ਜਾ ਪਿਆ। ਸਿੱਖ ਬੁੱਧੀਜੀਵੀ ਪੰਥਕ ਹਿੱਤ ਨਾਲੋਂ ਆਪਣੇ ਸੌੜੇ ਨਿੱਜੀ ਹਿੱਤਾਂ ਲਈ ਦੌੜਦੇ ਫਿਰਦੇ ਹਨ। ਮੈਨੂੰ ਟੌਹੜੇ ਦੇ ਕਟਾਖਸ਼ ਭਰੇ ਸ਼ਬਦਾਂ ਤੋਂ ਜ਼ਾਹਰ ਹੋ ਗਿਆ ਕਿ ਉਹ ਸਿੱਖ ਬੁਧੀਜੀਵੀਆਂ ਦੇ ਕਿਰਦਾਰ ਤੋਂ ਬਹੁਤੇ ਖੁਸ਼ ਨਹੀਂ ਸਨ। ਰਾਜੀਵ-ਲੌਂਗੋਵਾਲ ਸਮਝੌਤੇ ਨੇ ਬਾਅਦ ਵਿਚ ਟੌਹੜੇ ਦੇ ਲਾਏ ਦੂਸ਼ਣ ਨੂੰ ਸਿਧ ਕਰ ਦਿਤਾ ਕਿ ਸਿੱਖ ਬੁੱਧੀਜੀਵੀ ਕਿਸ ਤਰ੍ਹਾਂ ਦੇ ਦਾਅ-ਪੇਚ ਖੇਡ ਸਕਦੇ ਹਨ।

ਦੂਜੀ ਘਟਨਾ 1977 ਦੀ ਹੈ ਜਦੋਂ ਜਥੇਦਾਰ ਟੌਹੜਾ ਅਤੇ ਅਕਾਲੀ ਦਲ, ਕਾਂਗਰਸ ਦੇ ਵਿਰੁੱਧ ਚੋਣ ਲੜਨ ਲਈ, ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ਐਮਰਜੈਂਸੀ ਵਿਰੁੱਧ ਮੋਰਚਾ ਲਗਾਉਣ ਖਾਤਰ ਇੰਦਰਾ ਕਾਂਗਰਸ ਅਕਾਲੀਆਂ ਦੀ ਦੁਸ਼ਮਣ ਬਣ ਚੁੱਕੀ ਸੀ। ਜਥੇਦਾਰ ਟੌਹੜਾ ਪਟਿਆਲੇ ਹਲਕੇ ਤੋਂ ਮੈਂਬਰ ਪਾਰਲੀਮੈਂਟ (ਲੋਕ ਸਭਾ) ਦੀ ਚੋਣ ਲੜਨ ਲਈ ਮੈਦਾਨ ਵਿਚ ਨਿਤਰੇ। ਉਨ੍ਹਾਂ ਦੇ ਮੁਕਾਬਲੇ ਵਿਚ ਕਾਂਗਰਸ ਦੇ ਉਮੀਦਵਾਰ ਮਹਾਰਾਜਾ ਅਮਰਿੰਦਰ ਸਿੰਘ ਚੋਣ ਲੜ ਰਹੇ ਸਨ। ਪੰਜਾਬੀ ਯੂਨੀਵਰਸਿਟੀ ਦੇ ਬਹੁਤੇ ਅਧਿਆਪਕ ਐਮਰਜੈਂਸੀ ਦੇ ਵਿਰੁੱਧ ਸਨ ਪਰੰਤੂ ਮੈਦਾਨ ਵਿਚ ਕੋਈ ਵਿਰਲਾ ਹੀ ਨਿਤਰਦਾ ਹੈ। ਪ੍ਰੇਮ ਸਿੰਘ ਚੰਦੂਮਾਜਰਾ ਕਾਮਰੇਡਾਂ ਦਾ ਲੀਡਰ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਦਾ ਪ੍ਰਧਾਨ ਰਹਿ ਚੁੱਕਾ ਸੀ। ਐਮਰਜੈਂਸੀ ਦੌਰਾਨ ਉਹ ਵੀ ਪਟਿਆਲੇ ਦੀ ਕੇਂਦਰੀ ਜੇਲ ਵਿਚ ਡੱਕਿਆ ਗਿਆ ਅਤੇ ਟੌਹੜੇ ਦੇ ਸੰਪਰਕ ਵਿਚ ਆ ਜਾਣ ਕਰਕੇ ਕਾਮਰੇਡੀ ਛੱਡ ਕੇ ਅਕਾਲੀ ਬਣ ਗਿਆ। ਇਹ ਜਾਦੂ ਟੌਹੜੇ ਦੀ ਸ਼ਖਸੀਅਤ ਦਾ ਸੀ ਕਿ ਨੌਜਵਾਨ ਲੀਡਰ ਸਿੱਖ ਪੰਥ ਨਾਲ ਜੁੜ ਗਿਆ। ਇਸ ਤੋਂ ਪਹਿਲਾਂ ਰਣਧੀਰ ਸਿੰਘ ਚੀਮਾ, ਕ੍ਰਿਪਾਲ ਸਿੰਘ ਬਡੂੰਗਰ ਅਤੇ ਬੀਰ ਦਵਿੰਦਰ ਸਿੰਘ ਵੀ ਜਥੇਦਾਰ ਟੌਹੜੇ ਦੇ ਚੇਲੇ-ਚਾਟੜੇ ਬਣ ਕੇ ਹੀ ਸਿੱਖ ਸਿਆਸਤ ਵਿਚ ਸ਼ਾਮਲ ਹੋਏ ਸਨ।

ਗੱਲ ਪੰਜਾਬੀ ਯੂਨੀਵਰਸਿਟੀ ਦੇ ਅਧਿਆਪਕਾਂ ਦੀ ਚੱਲ ਰਹੀ ਸੀ। ਇਥੋਂ ਦੇ ਬਹੁਤੇ ਸਿੱਖ ਬੁੱਧੀਜੀਵੀ ਮਾਰਕਸੀ ਵਿਚਾਰਧਾਰਾ ਦੇ ਪੈਰੋਕਾਰ ਸਨ। ਕਾਂਗਰਸ ਦੇ ਉਲਟ ਚੱਲ ਰਹੀ ਲਹਿਰ ਦੇ ਬਾਵਜੂਦ ਸਿੱਖ ਧਰਮ ਦੇ ਪ੍ਰੋਫੈਸਰ ਅਵਤਾਰ ਸਿੰਘ ਅਤੇ ਉਸ ਦਾ ਗਰੁੱਪ (ਕੇਹਰ



Academy of the Punjab in North America: http://www.apnaorg.com

ਸਿੰਘ, ਬਲਕਾਰ ਸਿੰਘ ਸਣੇ) ਕਾਂਗਰਸ ਉਮੀਦਵਾਰ ਦੇ ਹੱਕ ਵਿਚ ਪ੍ਰਚਾਰ ਕਰ ਰਹੇ ਸਨ। ਇਹੋ ਹਾਲ ਘਟੀਆ ਕਾਮਰੇਡਾਂ ਦਾ ਸੀ ਜੋ ਅਕਸਰ ਕਾਂਗਰਸ ਦੀ ਝੋਲੀ ਵਿਚ ਜਾ ਪੈਂਦੇ ਹਨ। ਜਥੇਦਾਰ ਟੌਹੜਾ ਯੂਨੀਵਰਸਿਟੀ ਵਿਚ ਪ੍ਰਚਾਰ ਮੁਹਿੰਮ ਲਈ ਆਉਣਾ ਚਾਹੁੰਦੇ ਸਨ ਪਰੰਤੂ ਕਾਂਗਰਸ ਪੱਖੀ ਵਾਈਸ-ਚਾਂਸਲਰ ਕ੍ਰਿਪਾਲ ਸਿੰਘ ਨਾਰੰਗ ਜਵਾਬ ਦੇ ਗਿਆ। ਕੈਂਪਸ ਦੇ ਕੁੱਝ ਸਿਰਕੱਢ ਸਿੱਖ ਅਧਿਆਪਕਾਂ ਨੇ ਮੀਟਿੰਗ ਸੱਦ ਕੇ ਸਿੱਖ ਬੁੱਧੀਜੀਵੀ ਫੋਰਮ ਕਾਇਮ ਕੀਤਾ ਅਤੇ ਜਥੇਦਾਰ ਟੌਹੜੇ ਨੂੰ ਪ੍ਰਚਾਰ ਮੁਹਿੰਮ ਸ਼ੁਰੂ ਕਰਨ ਲਈ ਸੱਦਾ ਪੱਤਰ ਭੇਜਿਆ। ਕੈਂਪਸ ਵਿਚ ਮਨਾਹੀ ਹੋਣ ਕਰਕੇ ਪਹਿਲੀ ਮੀਟਿੰਗ ਪਿੰਡ ਸ਼ੇਖੂਪੁਰਾ ਵਿਚ ਰੱਖੀ ਗਈ ਜੋ ਕੈਂਪਸ ਦੀ ਚਾਰ-ਦੀਵਾਰੀ ਦੇ ਨਾਲ ਵਾਕਿਆ ਹੈ। ਸਿੱਖ ਫੋਰਮ ਦੇ ਪ੍ਰਧਾਨ ਪ੍ਰੋ. ਸਵਾਈ ਸਿੰਘ ਨੇ ਟੌਹੜੇ ਹੋਰਾਂ ਨੂੰ ਜੀ-ਆਇਆਂ ਕਿਹਾ ਅਤੇ ਸਟੇਜ ਮੇਰੇ ਹਵਾਲੇ ਕਰ ਦਿਤੀ। ਸ਼ੇਖੂਪੁਰ ਪਿੰਡ ਦੇ ਨੌਜਵਾਨ ਇਸ ਮੀਟਿੰਗ ਵਿਚ ਭਾਰੀ ਗਿਣਤੀ ਵਿਚ ਸ਼ਾਮਲ ਹੋਏ ਪਰੰਤੂ ਯੂਨੀਵਰਸਿਟੀ ਦੇ ਅਧਿਆਪਕ ਇਕ ਦਰਜਨ ਦੇ ਕਰੀਬ ਹੀ ਸ਼ਾਮਲ ਸਨ ਕਿਉਂਕਿ ਉਹ ਵੀ.ਸੀ. ਦੀ ਘੁਰਕੀ ਤੋਂ ਡਰ ਗਏ ਸਨ। ਇਸ ਚੋਣ ਵਿਚ ਜਥੇਦਾਰ ਟੌਹੜੇ ਦੀ ਭਾਰੀ ਗਿਣਤੀ ਵੋਟਾਂ ਦੇ ਫਰਕ ਨਾਲ ਜਿੱਤ ਹੋਈ ਅਤੇ ਉਹ ਪਹਿਲੀ ਅਤੇ ਆਖਰੀ ਵਾਰ ਜਨਤਾ ਪਾਰਟੀ ਦੀ ਟਿਕਟ ਉਪਰ ਲੋਕ ਸਭਾ ਦੇ ਮੈਂਬਰ ਚੁਣੇ ਗਏ।

ਇਸ ਚੋਣ ਮੁਹਿੰਮ ਦੌਰਾਨ ਜਥੇਦਾਰ ਟੌਹੜੇ ਅਤੇ ਉਨ੍ਹਾਂ ਦੇ ਪ੍ਰੀਵਾਰ ਨਾਲ ਸੰਪਰਕ ਕਾਇਮ ਰਿਹਾ। ਮੈਂ ਆਪਣੇ ਸਾਥੀਆਂ ਨਾਲ ਟੌਹੜੇ ਦੀ ਚੋਣ ਮੁਹਿੰਮ ਵਿਚ ਸ਼ਾਮਲ ਸਾਂ ਅਤੇ ਮੇਰੇ ਮਾਤਾ ਜੀ ਟੌਹੜੇ ਦੀ ਘਰਵਾਲੀ ਨਾਲ ਰਲ ਕੇ ਚੋਣ ਪ੍ਰਚਾਰ ਕਰ ਰਹੇ ਸਨ। ਉਹ ਕੈਂਪਸ ਦੇ ਘਰਾਂ ਵਿਚ ਅਤੇ ਪਿੰਡਾਂ ਵਿਚ ਗਏ। ਮਾਤਾ ਜੀ ਤੋਂ ਪਤਾ ਲਗਾ ਕਿ ਟੌਹੜੇ ਦੀ ਘਰਵਾਲੀ ਘਰ ਦਾ ਸਾਰਾ ਕੰਮ ਧੰਧਾ ਆਪਣੇ ਹੱਥੀਂ ਕਰਦੀ ਹੈ ਜਿਸ ਵਿਚ ਘਰ ਦੇ ਪਸ਼ੂਆਂ ਦੀ ਸਾਂਭ ਸੰਭਾਲ ਵੀ ਸ਼ਾਮਲ ਹੈ। ਪੇਂਡੂ ਕਿਸਾਨ ਦਾ ਪੁੱਤ ਟੌਹੜਾ ਸਤਾਈ ਵਾਰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਅਤੇ ਛੇ ਵਾਰ ਰਾਜ ਸਭਾ ਦਾ ਮੈਂਬਰ ਵੀ ਰਹਿ ਚੁੱਕਾ ਹੈ ਪਰੰਤੂ ਉਸ ਨੇ ਨਾ ਦਿੱਲੀ ਵਿਚ ਕੋਈ ਹੋਟਲ ਖੋਲ੍ਹਿਆ ਅਤੇ ਨਾ ਹੀ ਚੰਡੀਗੜ੍ਹ ਵਿਚ ਕੋਠੀਆਂ ਤਿਆਰ ਕੀਤੀਆਂ। ਪੰਥ ਦੇ ਆਗੂਆਂ ਨੂੰ ਜਥੇਦਾਰ ਟੌਹੜੇ ਦੇ ਪਾਏ ਹੋਏ ਪੂਰਨਿਆਂ ਤੇ ਚੱਲਣਾ ਹੀ ਸੋਭਦਾ ਹੈ ਅਤੇ ਇਹੋ ਹੀ ਉਨ੍ਹਾਂ ਲਈ ਚੰਗੀ ਸ਼ਰਧਾਂਜਲੀ ਹੋਵੇਗੀ।

ਤੀਜੀ ਘਟਨਾ ਵਿਸ਼ਵ ਸਿੱਖ ਸੰਮੇਲਣ ਨਾਲ ਸੰਬੰਧਿਤ ਹੈ। 1977 ਦੀਆਂ ਚੋਣਾਂ ਬਾਅਦ ਜਨਤਾ ਪਾਰਟੀ ਦੀ ਸਰਕਾਰ ਡਾਵਾਂਡੋਲ ਚਲਦੀ ਹੋਈ ਟੁੱਟ ਗਈ। ਚੋਣ ਮੁਹਿੰਮ ਤੋਂ ਬਾਅਦ ਨਾ ਟੌਹੜਾ ਸਾਹਿਬ ਮਿਲੇ ਅਤੇ ਨਾ ਹੀ ਮੈਂ ਸੰਪਰਕ ਕਾਇਮ ਰੱਖਿਆ। ਸਿਆਸੀ ਲੀਡਰਾਂ ਮਗਰ ਭੱਜਣਾ ਮੇਰੀ ਤਬੀਅਤ ਦੇ ਮੁਆਫ਼ਕ ਨਹੀਂ ਹੈ, ਜੇਕਰ ਪੰਥਕ ਕਾਰਜ ਲਈ



Academy of the Punjab in North America: http://www.apnaorg.com

ਸੱਦਿਆ ਜਾਵੇ ਤਾਂ ਸਿਰ ਮੱਥੇ ਪ੍ਰਵਾਨ ਕਰਦਾ ਹਾਂ। ਮੇਰਾ 1979 ਤੋਂ ਡੇਰਾ ਪਟਿਆਲਾ ਛੱਡ ਕੇ ਅੰਮ੍ਰਿਤਸਰ ਜਾ ਲੱਗਾ ਪਰੰਤੂ ਮੈਂ ਕਦੇ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਮੱਥੇ ਨਹੀਂ ਸੀ ਲੱਗਿਆ। ਇਕ ਦਿਨ ਸ਼੍ਰੋਮਣੀ ਕਮੇਟੀ ਦੇ ਸਕੱਤਰ ਮਨਜੀਤ ਸਿੰਘ ਕਲਕੱਤਾ ਹੋਰਾਂ ਦਾ ਫੋਨ ਆਇਆ ਕਿ ਵਿਸ਼ਵ ਸਿੱਖ ਸੰਮੇਲਨ ਦੀ ਕਮੇਟੀ ਵਿਚ ਮੇਰਾ ਨਾਮ ਵੀ ਸ਼ਾਮਲ ਹੈ ਅਤੇ ਮੈਨੂੰ ਸਿੱਖ ਵਿਗਿਆਨੀਆਂ ਦੇ ਸੰਮੇਲਨ ਦੀ ਵਾਗਡੋਰ ਸੰਭਾਲੀ ਗਈ ਹੈ। ਸਾਲ ਭਰ ਮੀਟਿੰਗਾਂ ਦਾ ਸਿਲਸਿਲਾ ਚੱਲਦਾ ਰਿਹਾ ਅਤੇ ਟੌਹੜਾ ਸਾਹਿਬ ਪ੍ਰਧਾਨਗੀ ਕਰਦੇ ਰਹੇ। ਮੈਨੂੰ ਹਮੇਸ਼ਾਂ ਉਨ੍ਹਾਂ ਦੀ ਪਟਿਆਲੇ ਕਹੀ ਗੱਲ 'ਸਾਡੇ ਦੋਹੀਂ ਹੱਥੀਂ' ਲੱਡੂ ਹਨ ਪਰੰਤੂ ਸਿੱਖ ਬੁੱਧੀਜੀਵੀ ਹੀ ਪੰਥਕ ਹਿਤ ਵਿਸਾਰ ਦਿੰਦੇ ਹਨ' ਯਾਦ ਆ ਜਾਂਦੀ।

ਇਸ ਸੰਮੇਲਨ ਨੇ ਇਕ ਚੰਗਾ ਮੌਕਾ ਪ੍ਰਦਾਨ ਕੀਤਾ ਸੀ ਕਿ ਵਿਸ਼ਵ ਭਰ ਦੇ ਸਿੱਖਾਂ ਨੂੰ ਅਕਾਲ ਤਖ਼ਤ ਦੀ ਰਹਿਨੁਮਾਈ ਹੇਠ ਜੋੜਿਆ ਜਾਵੇ ਅਤੇ ਸਿੱਖ ਧਰਮ ਨੂੰ ਵਿਸ਼ਵ ਪੱਧਰ ਦਾ ਹਾਣੀ ਬਣਾਇਆ ਜਾਵੇ। ਜਥੇਦਾਰ ਟੌਹੜਾ ਸਿੱਖ ਪੰਥ ਦੀ ਸੇਵਾ ਨਿਭਾ ਕੇ ਗੁਰਪੁਰੀ ਪਧਾਰ ਗਏ ਹਨ। ਸ਼ਤਾਬਦੀਆਂ ਦੇ ਵਰ੍ਹੇ ਦੌਰਾਨ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਸਮਰਪਿਤ ਹੋਣਾ ਸਾਡੇ ਵੱਲੋਂ ਵਡਮੁੱਲੀ ਸ਼ਰਧਾਂਜਲੀ ਹੋਵੇਗੀ।

***



Academy of the Punjab in North America: http://www.apnaorg.com

# 17.

# ਕੌਣ ਜ਼ੁੰਮੇਵਾਰ ਹੈ ਪੰਜਾਬ ਅਤੇ ਸਿੱਖ ਕੌਮ ਦੇ ਬੌਧਿਕ ਦੀਵਾਲੀਏਪਣ ਲਈ ?

ਇਕੀਵੀਂ ਸਦੀ ਦਾ ਅਗਾਜ਼ ਹੋ ਚੁੱਕਾ ਹੈ ਅਤੇ ਇਹ ਸਦੀ ਗਿਆਨ-ਵਿਗਿਆਨ ਨੂੰ ਪਰਣਾਈ ਹੋਈ ਸਦੀ ਹੋਵੇਗੀ। ਵਿਸ਼ਵ ਭਰ ਵਿੱਚ ਦੇਸ਼ਾਂ ਅਤੇ ਕੌਮਾਂ ਨੇ ਆਪਣੇ ਭਵਿੱਖ ਦੀ ਸੇਧ ਲਈ ਪ੍ਰੋਗਰਾਮ ਤਿਆਰ ਕਰ ਰੱਖੇ ਹਨ। ਕੀ ਸਿੱਖ ਕੌਮ ਨੇ ਇਸ ਬਾਰੇ ਕੋਈ ਵਿਚਾਰ-ਚਰਚਾ ਅਰੰਭੀ ਹੈ। ਜਵਾਬ ਨਾਂਹ ਵਿੱਚ ਹੀ ਮਿਲਦਾ ਹੈ। ਵਿਸ਼ਵ ਭਰ ਵਿੱਚ ਸਿੱਖਾਂ ਦਾ ਜੋ ਅਕਸ ਉਭਰ ਕੇ ਸਾਹਮਣੇ ਆਇਆ ਹੈ, ਉਸ ਅਨੁਸਾਰ ਸਿੱਖ ਬਹਾਦਰ ਫੌਜੀ ਅਤੇ ਚੰਗੇ ਡਰਾਈਵਰ ਮੰਨੇ ਜਾਂਦੇ ਹਨ। ਮੀਡੀਆ ਦੀ ਮਿਹਰਬਾਨੀ ਅਤੇ ਕੇਂਦਰੀ ਸਰਕਾਰ ਦੀ ਸੋਚੀ ਸਮਝੀ ਸਕੀਮ ਅਨੁਸਾਰ ਪਿਛਲੇ ਦੋ ਦਹਾਕਿਆਂ ਵਿੱਚ ਸਿੱਖਾਂ ਦਾ ਜੋ ਅਕਸ ਉਭਾਰਿਆ ਜਾ ਚੁੱਕਾ ਹੈ ਉਸ ਅਨੁਸਾਰ ਉਨ੍ਹਾਂ ਨੂੰ ਵਿਸ਼ਵ ਭਰ ਵਿੱਚ ਹੁਣ ਦਹਿਸ਼ਤਗਰਦ ਕਰਕੇ ਗਰਦਾਨਿਆ ਜਾਂਦਾ ਹੈ। 1987 ਵਿਚ ਫਰਾਂਸ ਦੇ ਲੀਉਂ ਸ਼ਹਿਰ ਵਿਚ ਅੰਤਰ-ਰਾਸ਼ਟਰੀ ਕਾਨਫਰੰਸ ਹੋ ਰਹੀ ਸੀ। ਦੁਪਹਿਰ ਦੇ ਭੋਜਨ ਉਪਰੰਤ ਮੈਂ ਟਹਿਲਦਾ ਹੋਇਆ ਇਕ ਪਾਰਕ ਵਿੱਚ ਬੈਠ ਗਿਆ। ਫਰਾਂਸੀਸੀ ਬੱਚੇ ਮੇਰੀ ਸ਼ਕਲ ਦੇਖ ਕੇ ਤਿੱਤਰ-ਬਿੱਤਰ ਹੋ ਗਏ। ਇਕ ਵਡੇਰੀ ਉਮਰ ਦਾ ਫਰਾਂਸੀਸੀ ਮੇਰੇ ਪਾਸ ਆ ਕੇ ਪੁੱਛਣ ਲੱਗਾ ਕਿਤੇ ਮੈਂ ਪੰਜਾਬ ਤੋਂ ਭੱਜਿਆ ਹੋਇਆ ਅਤਿਵਾਦੀ ਤਾਂ ਨਹੀਂ ਜਿਸ ਕਰਕੇ ਬੱਚੇ ਡਰਦੇ ਮਾਰੇ ਘਰਾਂ ਨੂੰ ਭੱਜ ਗਏ ਹਨ। 1970 ਵਿੱਚ ਜਦੋਂ ਮੈਂ ਪੈਰਿਸ ਯੂਨੀਵਰਸਿਟੀ ਦਾ ਖੋਜ ਵਿਦਿਆਰਥੀ ਸਾਂ ਤਾਂ ਸਿੱਖ ਹੋਣ ਕਰਕੇ ਮੇਰੀ ਪਹਿਚਾਣ ਝੱਟ ਹੋ ਜਾਂਦੀ ਸੀ ਪ੍ਰੰਤੂ ਫਰਾਂਸੀਸੀ ਲੋਕ ਪਗੜੀ ਕਰਕੇ ਮੈਨੂੰ ਅਰਬੀ ਮੁਸਲਮਾਨ ਹੀ ਸਮਝਦੇ ਰਹੇ। ਮੇਰੇ ਖੋਜ ਪਰਚੇ ਛਾਪਣ ਵਾਲੇ ਰਸਾਲੇ ਦੇ ਐਡੀਟਰ ਨੇ ਵੀ ਇਹ ਟਪਲਾ ਖਾਧਾ ਅਤੇ ਮੇਰੀ ਖੋਜ ਦੀ ਭੂਮਿਕਾ ਵਿੱਚ ਮੈਨੂੰ ਪਾਕਿਸਤਾਨੀ ਮੁਸਲਮਾਨ ਖੋਜੀ ਬਿਆਨ ਕਰ ਦਿੱਤਾ।

ਕੌਮਾਂ ਦੀ ਪਹਿਚਾਣ ਉਨ੍ਹਾਂ ਦਵਾਰਾ ਕੀਤੇ ਗਏ ਕਾਰਨਾਮਿਆਂ ਤੇ ਅਧਾਰਿਤ ਹੁੰਦੀ ਹੈ। ਅੰਗਰੇਜ਼ਾਂ ਦੇ ਰਾਜ ਵਿੱਚ ਸਿੱਖਾਂ ਨੇ ਬਹਾਦਰ ਫੌਜੀਆਂ ਦਾ ਰੋਲ ਅਦਾ ਕੀਤਾ ਅਤੇ ਵਿਸ਼ਵ ਯੁੱਧਾਂ ਉਪਰੰਤ ਸਿੱਖਾਂ ਦਾ ਇਹ ਅਕਸ ਉਭਰ ਕੇ ਸਾਹਮਣੇ ਆਇਆ। ਭਾਰਤ ਅਤੇ ਵਿਦੇਸ਼ਾਂ ਵਿੱਚ ਟੈਕਸੀ ਅਤੇ ਟਰੱਕ ਡਰਾਈਵਰ ਸਿੱਖਾਂ ਨੇ ਦੂਸਰਾ ਅਕਸ ਕਾਇਮ ਕਰ ਦਿੱਤਾ। ਮੈਂ ਟਰਾਂਟੋ ਦੇ



Academy of the Punjab in North America: http://www.apnaorg.com

ਹਵਾਈ ਅੱਡੇ ਤੇ ਪਹੁੰਚਿਆ ਤਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਮੇਰਾ ਵਿਦਿਆਰਥੀ ਟੱਕਰ ਪਿਆ ਜੋ ਭੌਤਿਕ ਵਿਗਿਆਨ ਵਿੱਚ ਐਮ.ਐਸ.ਸੀ. ਦੀ ਡਿਗਰੀ ਪ੍ਰਾਪਤ ਕਰਕੇ ਪੰਜਾਬ ਦੀ ਅਧਿਆਪਕੀ ਨਾਲੋਂ ਟੈਕਸੀ ਡਰਾਈਵਰੀ ਨੂੰ ਤਰਜੀਹ ਦੇ ਰਿਹਾ ਹੈ। ਉਸ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਦਰਜਨ ਦੇ ਕਰੀਬ ਇਲੈੱਕਟ੍ਰਾਨਿਕਸ ਇੰਜੀਨੀਅਰ ਵੀ ਟੈਕਸੀ ਡਰਾਈਵਰ ਦਾ ਕੰਮ ਹੀ ਕਰ ਰਹੇ ਹਨ। ਵਿਚਾਰ-ਵਟਾਂਦਰੇ ਤੋਂ ਪਤਾ ਲੱਗਾ ਕਿ ਇਸਦੇ ਦੋ ਕਾਰਨ ਹਨ। ਇਕ ਤਾਂ ਟੈਕਸੀ ਡਰਾਈਵਰ ਦੀ ਆਮਦਨ ਚੋਖੀ ਹੁੰਦੀ ਹੈ ਅਤੇ ਟੈਕਸ ਵਗੈਰਾ ਦੀ ਕਟੌਤੀ ਦਾ ਫਿਕਰ ਨਹੀਂ ਹੁੰਦਾ। ਦੂਜਾ ਮੁੱਖ ਕਾਰਨ ਇਹ ਹੈ ਕਿ ਪੰਜਾਬ ਦੀਆਂ ਡਿਗਰੀਆਂ ਦੀ ਇਥੇ ਕੋਈ ਕਦਰ ਨਹੀਂ ਕਿਉਂਕਿ ਸਾਡੀਆਂ ਯੂਨੀਵਰਸਿਟੀਆਂ ਇਨ੍ਹਾਂ ਦੇ ਮਾਪਦੰਡ ਤੇ ਪੂਰੀਆਂ ਨਹੀਂ ਉਤਰਦੀਆਂ ਜਿਸ ਕਰਕੇ ਡਿਗਰੀਆਂ ਦੀ ਮਾਨਤਾ ਨਹੀਂ ਹੈ। ਸੋ ਮਜਬੂਰੀ ਵੱਸ ਹਰ ਪੜ੍ਹਿਆ ਲਿਖਿਆ ਜਾਂ ਟੈਕਸੀ ਚਲਾਉਂਦਾ ਹੈ ਜਾਂ ਮਜ਼ਦੂਰੀ ਕਰਕੇ ਨਿਰਬਾਹ ਕਰਦਾ ਹੈ। ਡਾਕਟਰੀ ਦੀ ਡਿਗਰੀ ਵਾਲੇ ਵੀ ਰੁਲਦੇ ਰਹਿੰਦੇ ਹਨ ਅਤੇ ਨਵੇਂ ਸਿਰਿਉਂ ਪੜ੍ਹਾਈ ਕਰਕੇ ਡਿਗਰੀ ਹਾਸਲ ਕਰਨੀ ਪੈਂਦੀ ਹੈ ਵਰਨਾ ਕੋਈ ਹਸਪਤਾਲ ਦੇ ਨੇੜੇ ਵੀ ਨਹੀਂ ਢੁੱਕਣ ਦਿੰਦਾ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਧੇਰੇ ਖੋਜ ਵਿਦਿਆਰਥੀ ਜੋ ਆਸਟਰੇਲੀਆ ਦੇ ਸੁਨਹਿਰੀ ਸੁਪਨੇ ਲੈ ਕੇ ਗਏ ਹਨ, ਉਹ ਵੀ ਟੈਕਸੀ ਡਰਾਈਵਰੀ ਹੀ ਕਰ ਰਹੇ ਹਨ ਕਿਉਂਕਿ ਮੈਂ ਨਿਜੀ ਤਜ਼ਰਬੇ ਤੋਂ ਗੱਲ ਕਰ ਰਿਹਾ ਹਾਂ ਜੋ ਸਿਡਨੀ ਅਤੇ ਹੋਰ ਸ਼ਹਿਰਾਂ ਵਿੱਚ ਘੁੰਮ ਕੇ ਵੇਖਿਆ।

ਗੱਲ ਚੱਲੀ ਸੀ ਸਿੱਖ ਕੌਮ ਦੇ ਬੌਧਿਕ ਦੀਵਾਲੀਏਪਣ ਦੀ। ਕੀ ਅਸੀਂ ਇਸ ਦੀ ਰੋਕਥਾਮ ਲਈ ਕੋਈ ਬਾਨਣੂੰ ਬੰਨਿਆ ਹੈ ? ਸਾਡੇ ਪਾਸ ਦੋ ਉਦਾਹਰਣਾਂ ਹਨ: ਪਹਿਲੀ ਯਹੂਦੀਆਂ ਦੀ ਜਿਨ੍ਹਾਂ ਨੇ ਨਾਜ਼ੀ ਜਰਮਨੀ ਹੱਥੋਂ ਨਸਲਕੁਸ਼ੀ ਦਾ ਦੌਰ ਲੰਘ ਕੇ ਵਿਸ਼ਵ ਭਰ ਵਿੱਚ ਆਪਣੀ ਬੌਧਿਕ ਪਹਿਚਾਣ ਕਾਇਮ ਕਰ ਰੱਖੀ ਹੈ। ਹੁਣ ਤੱਕ ਵੰਡੇ ਗਏ ਨੋਬਲ ਪੁਰਸਕਾਰਾਂ ਵਿਚੋਂ ਅੱਧਿਉਂ ਵੱਧ ਯਹੂਦੀ ਵਿਗਿਆਨੀਆਂ ਨੇ ਜਿੱਤੇ ਹਨ। ਇਜ਼ਰਾਈਲ ਦਾ ਨਿਕਚੂ ਜਿਹਾ ਦੇਸ਼, ਜੋ ਪੰਜਾਬ ਨਾਲੋਂ ਅਬਾਦੀ ਅਤੇ ਖੇਤਰਫਲ ਵਿੱਚ ਕਿਤੇ ਛੋਟਾ ਹੈ, ਸਾਰੇ ਅਰਬੀ ਦੇਸ਼ਾਂ ਦਾ ਨੱਕ ਵਿੱਚ ਦਮ ਕਰ ਦਿੰਦਾ ਹੈ। ਦੂਜੀ ਉਦਾਹਰਣ ਸਾਡੇ ਆਪਣੇ ਦੇਸ਼ ਵਿੱਚ ਘੱਟ ਗਿਣਤੀ ਪਾਰਸੀ ਕੌਮ ਦੀ ਹੈ ਜੋ ਬੌਧਿਕ ਪ੍ਰਾਪਤੀਆਂ ਸਦਕਾ ਵਿਦਿਅਕ ਅਤੇ ਵਪਾਰਕ ਖੇਤਰ ਵਿੱਚ ਨਾਮਣਾ ਖੱਟ ਚੁੱਕੀ ਹੈ। ਹੋਮੀ ਭਾਭਾ ਕਿਸੇ ਸਰਕਾਰੀ ਵਜ਼ੀਫੇ ਤੇ ਨਹੀਂ ਪੜ੍ਹਿਆ ਸੀ ਬਲਕਿ ਟਾਟਾ ਖਾਨਦਾਨ ਦਾ ਫਰਜ਼ੰਦ ਹੋਣ ਕਰਕੇ ਯੂਰਪ ਦੀਆਂ ਮਹਾਨ ਯੂਨੀਵਰਸਿਟੀਆਂ ਤੋਂ ਸਿੱਖਿਆ ਪ੍ਰਾਪਤ ਕਰਨ ਉਪਰੰਤ ਟਾਟਾ ਇੰਸਟੀਚਿਊਟ ਦਾ ਮੋਢੀ ਡਾਇਰੈਕਟਰ ਥਾਪਿਆ ਗਿਆ ਜੋ ਉਸ ਦੀ ਯੋਗਤਾ ਨੂੰ ਪ੍ਰਫੁੱਲਤ ਕਰਨ ਲਈ ਬੰਬਈ ਵਿੱਚ ਸਥਾਪਿਤ ਕੀਤਾ ਗਿਆ। ਹੁਣ ਭਾਵੇਂ ਭਾਰਤ ਸਰਕਾਰ ਦੇ ਕਬਜ਼ੇ ਵਿੱਚ ਹੈ ਪਰ ਇਸ ਦੀ ਰੂਪ ਰੇਖਾ ਟਾਟਾ ਟਰੱਸਟ ਨੇ 1945 ਵਿੱਚ ਹੀ ਆਪਣੇ ਫਰਜ਼ੰਦ ਦੀ ਦੇਖ ਰੇਖ ਵਿੱਚ ਤਿਆਰ ਕਰ ਰੱਖੀ ਸੀ। ਪਾਰਸੀਆਂ ਦੀਆਂ ਸਥਾਪਿਤ



Academy of the Punjab in North America: http://www.apnaorg.com

ਕੀਤੀਆਂ ਬੰਗਲੌਰ ਅਤੇ ਬੰਬਈ ਦੀਆਂ ਇਹ ਸੰਸਥਾਵਾਂ ਅੰਤਰ-ਰਾਸ਼ਟਰੀ ਖੋਜ ਖੇਤਰ ਵਿੱਚ ਭਾਰਤ ਦੀਆਂ ਸਭ ਤੋਂ ਮੋਹਰੀ ਸੰਸਥਾਵਾਂ ਹੋ ਨਿਬੜੀਆਂ ਹਨ ਕਿਉਂਕਿ ਅੱਜ ਤੱਕ ਇਥੇ ਦਾਖਲਾ ਅਤੇ ਅਹੁਦਿਆਂ ਲਈ ਭਰਤੀ ਨਿਰੋਲ ਮੈਰਿਟ ਦੇ ਅਧਾਰ ਤੇ ਹੋ ਰਹੀ ਹੈ। ਰਾਖਵਾਂਪਣ ਦੀ ਬੀਮਾਰੀ ਅਤੇ ਸਿਆਸੀ ਦਖਲ-ਅੰਦਾਜ਼ੀ ਤੋਂ ਇਹ ਸੰਸਥਾਵਾਂ ਮੁਕਤ ਰੱਖੀਆਂ ਗਈਆਂ ਹਨ।

ਪੰਜਾਬ ਵਿੱਚ ਅੱਤਵਾਦ ਦਾ ਦੌਰ ਖਤਮ ਹੋਇਆ ਤਾਂ ਆਸ ਬੱਝਦੀ ਸੀ ਕਿ ਪੰਜਾਬ ਸਰਕਾਰ ਸਿੱਖ ਨੌਜਵਾਨਾਂ ਦਾ ਰੁੱਖ ਮੋੜਨ ਲਈ ਵਧੀਆ ਵਿਦਿਅਕ ਸਹੂਲਤਾਂ ਪ੍ਰਦਾਨ ਕਰੇਗੀ ਕਿਉਂਕਿ ਇਸ ਦੀ ਕਾਇਮੀ ਹੀ ਸਿੱਖ ਕਦਰਾਂ ਕੀਮਤਾਂ ਨੂੰ ਬਹਾਲ ਕਰਨ ਲਈ ਹੋਈ ਹੈ। ਇਸ ਦੇ ਵਾਇਦੇ ਵੀ ਸਨ ਕਿ ਸਿੱਖਾਂ ਦੀਆਂ ਹੱਕੀ ਮੰਗਾਂ ਦੀ ਇਹ ਤਰਜ਼ਮਾਨੀ ਕਰੇਗੀ। ਮੈਨੂੰ ਬਤੌਰ ਚਸ਼ਮਦੀਦ ਗਵਾਹ ਉਹ ਪਲ ਵੀ ਯਾਦ ਹਨ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸੰਤ ਲੌਂਗੋਵਾਲ ਦੀ ਥਾਪੀ ਲੈ ਕੇ ਨਾਮਧਾਰੀਏ ਦੇ ਬਾਣੇ ਵਿਚ ਰੂਪੋਸ਼ ਹੋ ਕੇ ਦਿੱਲੀ ਵੱਲ ਰਵਾਨਾ ਹੋਏ ਸਨ ਤਾਂ ਕਿ ਸਿੱਖ ਕੌਮ ਦੀ ਵੱਖਰੀ ਪਹਿਚਾਣ ਸਿੱਧ ਕਰਨ ਲਈ ਵਿਧਾਨ ਦੀ 25 ਧਾਰਾ ਸਾੜੀ ਜਾ ਸਕੇ। ਖੈਰ, ਇਹ ਵਾਕਿਆ ਇਤਿਹਾਸ ਦੀ ਗੋਦ ਵਿੱਚ ਸਮਾਇਆ ਰਹੇਗਾ।

ਮੌਜੂਦਾ ਪੰਜਾਬ ਸਰਕਾਰ ਨੇ ਰੌਲਾ ਪਾਈ ਰੱਖਿਆ ਕਿ ਸਰਕਾਰੀ ਖਜ਼ਾਨਾ ਖਾਲੀ ਪਿਆ ਹੈ ਅਤੇ ਇਸ ਵਿਚ ਦੋਸ਼ ਪਹਿਲੀ ਕਾਂਗਰਸ ਸਰਕਾਰ ਦਾ ਸੀ। ਪਰੰਤੂ ਆਰਥਿਕ ਦੀਵਾਲੀਏਪਨ ਦੇ ਕਾਰਣ ਪੈਦਾ ਹੋਇਆ ਬੌਧਿਕ ਦੀਵਾਲੀਆਪਣ ਵੀ ਪੰਜਾਬ ਉਪਰ ਮਾਰੂ ਅਸਰ ਪਾ ਰਿਹਾ ਹੈ। ਪਿਛਲੇ ਵਰ੍ਹੇ ਪ੍ਰੋ. ਸੁੱਚਾ ਸਿੰਘ ਗਿੱਲ ਦੇ ਟ੍ਰੀਬੀਊਨ ਅਤੇ ਮੇਰੇ ਅਜੀਤ ਵਿਚ ਛਪੇ ਹੋਏ ਲੇਖਾਂ ਵਿੱਚ ਪੰਜਾਬ ਸਰਕਾਰ ਦੇ ਆਰਥਿਕ ਦੀਵਾਲੀਏਪਣ ਦਾ ਵਿਸ਼ਲੇਸ਼ਣ ਕੀਤਾ ਜਾ ਚੁੱਕਿਆ ਹੈ। ਬੌਧਿਕ ਦੀਵਾਲੀਏਪਣ ਲਈ ਜ਼ੁੰਮੇਵਾਰੀ ਵੀ ਪੰਜਾਬ ਸਰਕਾਰ ਦੀ ਬਣਦੀ ਹੈ। ਪ੍ਰੋ. ਟੀ.ਆਰ. ਸ਼ਰਮਾ (ਪਟਿਆਲਾ) ਨੇ ਪ੍ਰਾਇਮਰੀ ਸਕੂਲਾਂ ਦੀ ਖਸਤਾ ਹਾਲਤ ਦਾ ਜ਼ਿਕਰ ਕਈ ਵਾਰ ਆਪਣੇ ਲੇਖਾਂ ਵਿਚ ਕੀਤਾ ਹੈ। ਅੰਗਰੇਜ਼ੀ ਟ੍ਰੀਬੀਊਨ (15 ਫਰਵਰੀ) ਦੀ ਰੀਪੋਰਟ ਮੁਤਾਬਕ ਸਰਦਾਰ ਤੋਤਾ ਸਿੰਘ ਦੇ ਹਲਕੇ ਦੇ ਪ੍ਰਾਇਮਰੀ ਸਕੂਲਾਂ ਵਿੱਚ ਅੰਗਰੇਜ਼ੀ ਲਾਗੂ ਕਰਨ ਦੇ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਬੱਚਿਆਂ ਨੂੰ ਅਜੇ ਅੰਗਰੇਜ਼ੀ ਐਲਫਾਬੈਟ ਦੀ ਸਹੀ ਪਹਿਚਾਣ ਨਹੀਂ ਹੋਈ ਅਤੇ 'ਪੀ ਫਾਰ ਪੈਰਟ' ਨੂੰ ਉਹ 'ਪੀ ਫਾਰ ਤੋਤਾ' ਹੀ ਪੜ੍ਹਦੇ ਹਨ। ਮੇਰਾ ਯਕੀਨ ਹੈ ਕਿ ਇਹ ਰੀਪੋਰਟ ਤੱਥਾਂ ਤੇ ਅਧਾਰਿਤ ਹੈ ਅਤੇ ਰੀਪੋਰਟਰ ਨੇ ਤੋਤਾ ਸਿੰਘ ਦਾ ਮੌਜੂ ਉਡਾਣ ਲਈ ਨਹੀਂ ਛਪਵਾਈ। ਪ੍ਰੋ. ਪ੍ਰੀਤਮ ਸਿੰਘ ਵਰਗੇ ਪੰਜਾਬੀ ਦੇ ਧੁਰੰਧਰ ਵਿਦਵਾਨਾਂ ਨੇ ਤਾਂ ਮੁੱਖ ਮੰਤਰੀ ਜੀ ਨੂੰ ਚੇਤਾਵਨੀ ਭਰੀ ਚਿੱਠੀ ਵੀ ਲਿਖੀ ਸੀ ਕਿ ਨੰਨੇ-ਮੁੰਨੇ ਬੱਚਿਆਂ ਨੂੰ ਪੰਜਾਬੀ ਮਾਤ-ਭਾਸ਼ਾ ਹੀ ਪੜ੍ਹਾਈ ਜਾਣੀ ਚਾਹੀਦੀ ਹੈ, ਅੰਗਰੇਜ਼ੀ ਦਾ ਬੋਝ ਮਾਨਸਿਕ ਤਣਾਉ



Academy of the Punjab in North America: http://www.apnaorg.com

ਹੀ ਪੈਦਾ ਕਰੇਗਾ ਅਤੇ ਰਚਨਾਤਮਕ ਰੁਚੀਆਂ ਨੂੰ ਬਾਂਝ। ਪਰ ਕੌਣ ਸੁਣਦਾ ਹੈ ਮਾਹਰਾਂ ਦੀਆਂ ਅਪੀਲਾਂ ਜਿਥੇ ਬੌਧਿਕ ਦੀਵਾਲੀਏਪਣ ਦਾ ਹੱਲ ਪ੍ਰਾਇਮਰੀ ਤੋਂ ਹੀ ਅੰਗਰੇਜ਼ੀ ਲਾਗੂ ਕਰਨਾ ਮਿਥਿਆ ਗਿਆ ਹੋਵੇ।

ਪੰਜਾਬ ਦੇ ਸਰਕਾਰੀ ਸਕੂਲ ਅਤੇ ਕਾਲਜ ਜੋ ਤਰਾਸਦੀ ਭੁਗਤ ਰਹੇ ਹਨ ਉਹ ਸਭ ਦੇ ਸਾਹਮਣੇ ਹੈ। ਦੱਸਿਆ ਜਾਂਦਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਤੀਹ ਹਜ਼ਾਰ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਸਰਕਾਰੀ ਕਾਲਜਾਂ ਵਿੱਚ ਪ੍ਰਿੰਸੀਪਲ ਦੀ ਨਿਯੁਕਤੀ ਡੰਗ-ਟਪਾਊ ਤਰੀਕੇ ਨਾਲ ਕਰ ਰੱਖੀ ਹੈ। ਕੀ ਇਸ ਤਰ੍ਹਾਂ ਵਿਦਿਆਰਥੀਆਂ ਦਾ ਨੁਕਸਾਨ ਨਹੀਂ ਹੋ ਰਿਹਾ ? ਕਾਲਜਾਂ ਵਿੱਚ ਪੱਕੀਆਂ ਅਸਾਮੀਆਂ ਵਿਰੁੱਧ ਠੇਕੇ ਤੇ ਅਧਿਆਪਕ ਰੱਖੇ ਹੋਏ ਹਨ ਜੋ ਅੱਧੀ ਤੋਂ ਘੱਟ ਤਨਖਾਹ ਲੈ ਕੇ ਕੰਮ ਕਰ ਰਹੇ ਹਨ। ਹਰ ਸਾਲ ਮਾਰਚ ਦੇ ਮਹੀਨੇ ਇਨ੍ਹਾਂ ਦੀ ਛੁੱਟੀ ਕਰ ਦਿੱਤੀ ਜਾਂਦੀ ਹੈ। ਇਹੋ ਫਾਰਮੂਲਾ ਹੁਣ ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਲਾਗੂ ਕੀਤਾ ਗਿਆ ਹੈ। ਆਰਥਿਕ ਸੰਕਟ ਦਾ ਮੁਕਾਬਲਾ ਕਰਨ ਲਈ ਪ੍ਰਿੰਸੀਪਲਾਂ ਅਤੇ ਉਪ-ਕੁਲਪਤੀਆਂ ਨੇ ਸੌਖਾ ਰਾਹ ਲੱਭ ਲਿਆ ਹੈ, ਵਿਦਿਆਰਥੀਆਂ ਦੀਆਂ ਫੀਸਾਂ ਹਰ ਸਾਲ ਵਧਾ ਕੇ। ਇਸ ਤਰ੍ਹਾਂ ਮਾਪਿਆਂ ਦਾ ਵਿੱਤੀ ਬੋਝ ਨਾਲ ਕਚੂੰਮਰ ਨਿਕਲ ਰਿਹਾ ਹੈ। ਪਿਛਲੇ ਸਾਲ ਜਦੋਂ ਟੈਕਨੀਕਲ ਯੂਨੀਵਰਸਿਟੀ ਨੇ ਫੀਸਾਂ ਪੰਜ ਗੁਣਾਂ ਕਰ ਦਿੱਤੀਆਂ ਤਾਂ ਮਾਪੇ ਬੱਚਿਆਂ ਨੂੰ ਦਾਖਲ ਕਰਾਉਣ ਤੋਂ ਅਸਮਰੱਥ ਹੋ ਗਏ ਅਤੇ ਸੀਟਾਂ ਖਾਲੀ ਰਹਿ ਗਈਆਂ। ਇਕ ਹੋਰ ਘਪਲਾ ਵਿਦਿਅਕ ਅਦਾਰਿਆਂ ਵਿੱਚ ਹੋ ਰਿਹਾ ਹੈ ਜਿਸ ਨੂੰ ਐਨ.ਆਰ.ਆਈ. ਦਾ ਦਾਖਲਾ ਕਿਹਾ ਜਾਂਦਾ ਹੈ। ਇਸ ਵਿੱਚ ਬਗ਼ੈਰ ਕਿਸੇ ਮੈਰਿਟ ਟੈਸਟ ਪਾਸ ਕਰਨ ਦੇ ਲੱਖਾਂ ਰੁਪਏ ਭਰ ਕੇ ਹਰ ਕਿਸਮ ਦੇ ਵਿਸ਼ੇ ਵਿਚ ਸੀਟ ਖਰੀਦੀ ਜਾ ਸਕਦੀ ਹੈ। ਕਹਿੰਦੇ 'NRI Quota' ਹਨ ਪ੍ਰੰਤੂ ਧਨਾਢ ਮਾਪਿਆਂ ਦੇ ਬੱਚੇ ਕਿਸੇ ਰਿਸ਼ਤੇਦਾਰ ਤੋਂ ਡਾਲਰ ਪ੍ਰਾਪਤ ਕਰਕੇ ਪੰਜਾਬ ਬੈਠੇ ਹੀ ਦਾਖ਼ਲਾ ਪ੍ਰਾਪਤ ਕਰ ਲੈਂਦੇ ਹਨ। ਹੈ ਨਾ ਆਹਲੇ ਦਰਜੇ ਦੀ ਹੇਰਾਫੇਰੀ ਜੋ ਸਾਡੇ ਵਿਦਿਅਕ ਅਦਾਰਿਆਂ ਲਈ ਸੋਨੇ ਦਾ ਅੰਡਾ ਦੇਣ ਵਾਲੀ ਮੁਰਗੀ ਸਿੱਧ ਹੋਈ ਹੈ। ਗ਼ਰੀਬ ਮਾਪੇ ਤਾਂ ਪੰਜਾਬ ਵਿੱਚ ਬੱਚੇ ਪੜ੍ਹਾਉਣ ਤੋਂ ਅਸਮਰੱਥ ਹੋਏ ਪਏ ਹਨ। ਸੰਨ 1957 ਵਿੱਚ ਮੈਂ ਸਰਕਾਰੀ ਕਾਲਜ ਮਾਲੇਰਕੋਟਲੇ ਦਾਖ਼ਲ ਹੋਣਾ ਸੀ ਤਾਂ ਘਰ ਵਿਚ ਕੇਵਲ ਦਸ ਰੁਪਏ ਹੀ ਨਕਦ ਪਾਏ ਗਏ। ਕਾਲਜ ਵਾਲਿਆਂ ਫੀਸ ਮੁਆਫ ਕਰ ਦਿੱਤੀ ਅਤੇ ਪੜ੍ਹਾਈ ਦਾ ਸਾਰਾ ਖਰਚਾ ਮੁਹੱਈਆ ਕਰਵਾ ਦਿੱਤਾ ਵਰਨਾ ਮੈਂ ਪਿੰਡ ਦੇ ਡਾਂਗਰੀ ਮੁੰਡਿਆਂ ਦੀ ਢਾਣੀ ਵਿਚ ਹੀ ਸ਼ਾਮਲ ਹੋਣਾ ਸੀ। ਮਹਿੰਗੀ ਪੜ੍ਹਾਈ ਨੇ ਹੁਣ ਹੋਣਹਾਰ ਵਿਦਿਆਰਥੀਆਂ ਦਾ ਰਸਤਾ ਰੋਕ ਦਿੱਤਾ ਹੈ।

ਪੰਜਾਬ ਵਿੱਚ ਬੌਧਿਕ ਦੀਵਾਲੀਏਪਣ ਦੀ ਜ਼ੁੰਮੇਵਾਰੀ ਕਿਸ ਸਿਰ ਮੜ੍ਹੀਏ ? ਕੀ ਇਸ ਵਿਚ ਵਿਦਿਆਰਥੀਆਂ, ਅਧਿਆਪਕਾਂ ਜਾਂ ਮਾਪਿਆਂ ਦਾ ਦੋਸ਼ ਹੈ ? ਜਾਂ ਪੰਜਾਬ ਅਤੇ ਕੇਂਦਰੀ ਸਰਕਾਰ ਦੋਸ਼ੀ ਹੈ ? ਵਿਦਿਅਕ ਪਾਲਸੀ ਘੜਣ ਲਈ ਜ਼ੁੰਮੇਵਾਰੀ ਕੇਂਦਰੀ ਅਤੇ ਰਾਜ ਸਰਕਾਰ



Academy of the Punjab in North America: http://www.apnaorg.com

ਦੀ ਹੈ ਅਤੇ ਉਹ ਹੀ ਇਸ ਦੋਸ਼ ਦੀਆਂ ਭਾਗੀਦਾਰ ਹਨ। ਪੰਜਾਬ ਦੇ ਨੌਜਵਾਨਾਂ ਨੂੰ ਨੱਥ ਪਾਉਣ ਲਈ ਕੇਂਦਰੀ ਸਰਕਾਰ ਨੇ ਆਪਣੇ ਕਾਰਿੰਦਿਆਂ ਰਾਹੀਂ ਕਈ ਸਕੀਮਾਂ ਘੜੀਆਂ। ਰਾਜ ਸਰਕਾਰ ਵੀ ਕੇਂਦਰ ਦਾ ਹੱਥ ਠੋਕਾ ਬਣ ਕੇ ਚੱਲ ਰਹੀ ਹੈ ਅਤੇ ਬੌਧਿਕ ਦੀਵਾਲੀਏਪਣ ਵਿਚ ਘਿਨੌਣਾ ਰੋਲ ਨਿਭਾ ਰਹੀ ਹੈ। ਦੋ ਮੁੱਖ ਕਾਰਨ ਤਾਂ ਸੂਖਮ ਪੱਧਰ ਉਪਰ ਅਪਰੇਟ ਕਰ ਰਹੇ ਹਨ ਅਤੇ ਇਕੀਵੀਂ ਸਦੀ ਵਿਚ ਪੰਜਾਬ ਅਤੇ ਸਿੱਖ ਕੌਮ ਲਈ ਘਾਤਕ ਸਿੱਧ ਹੋਣਗੇ। ਪਹਿਲਾ ਪੰਜਾਬ ਦੇ ਸਿੱਖ ਸਭਿਆਚਾਰ ਉਪਰ ਹਮਲਾ ਜੋ ਟੀ.ਵੀ. ਚੈਨਲਾਂ ਦੀ ਮਿਲੀ ਭੁਗਤ ਕਰਕੇ ਚਾਲੂ ਹੋਇਆ ਹੈ। ਦਿਨ ਰਾਤ ਨੰਗੇਜ਼ ਭਰੇ ਲੱਚਰ ਗੀਤ ਪੰਜਾਬ ਦੇ ਨੌਜਵਾਨਾਂ ਨੂੰ ਕਾਮੀ ਅਤੇ ਭੋਗ ਵਿਲਾਸੀ ਜੀਵਨ ਰੌਅ ਵੱਲ ਖਿੱਚ ਪਾ ਰਹੇ ਹਨ। ਦੂਜੇ ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਸ਼ਰਾਬ ਦੇ ਠੇਕੇ ਜੋ ਸਰਕਾਰੀ ਖਜ਼ਾਨਾ ਭਰਨ ਲਈ ਖੋਲ੍ਹੇ ਗਏ ਹਨ, ਪੰਜਾਬ ਦੀ ਜਵਾਨੀ ਨੂੰ ਗਰਕਣ ਲਈ ਸੋਨੇ ਤੇ ਸੁਹਾਗੇ ਦਾ ਕੰਮ ਕਰ ਰਹੇ ਹਨ। ਨਸ਼ਿਆਂ ਦੀ ਭਰਮਾਰ ਅਤੇ ਘਟੀਆ ਕਿਸਮ ਦਾ ਮਨੋਰੰਜਨ ਨੌਜਵਾਨਾਂ ਦੀ ਅਣਖ, ਮਰਦਾਊਪੁਣਾ ਅਤੇ ਸਾਕਾਰਤਮਕ ਰੁਚੀਆਂ ਨੂੰ ਮਲੀਆਮੇਟ ਕਰਨ ਵੱਲ ਪਹਿਲਾ ਕਦਮ ਹੈ। ਇਸ ਤੋਂ ਅੱਗੇ ਇਹ ਬੌਧਿਕ ਦੀਵਾਲੀਏਪਣ ਦਾ ਕਾਰਨ ਬਣੇਗਾ। ਹੁਣ ਵੀ ਪੰਜਾਬ ਦੀਆਂ ਡਿਗਰੀਆਂ ਬਹੁਤ ਵੁਕਤ ਨਹੀਂ ਰੱਖਦੀਆਂ ਜਦਕਿ ਸਾਡੇ ਮੁਕਾਬਲੇ ਤੇ ਆਂਧਰਾ, ਕਰਨਾਟਕਾ, ਮਹਾਂਰਾਸ਼ਟਰਾ ਅਤੇ ਹੋਰ ਕਈ ਪ੍ਰਾਂਤ ਬੌਧਿਕ ਖੇਤਰ ਵਿਚ ਮੱਲਾਂ ਮਾਰ ਰਹੇ ਹਨ। ਸਾਡਾ ਗਵਾਂਢੀ ਹਿਮਾਚਲ ਪ੍ਰਾਂਤ ਸਾਖਰਤਾ ਮੁਹਿੰਮ ਵਿੱਚ ਪੰਜਾਬ ਤੋਂ ਅੱਗੇ ਲੰਘ ਚੁੱਕਾ ਹੈ ਜਦਕਿ ਪੰਜਾਬ ਸੱਤਵੀਂ ਤੋਂ ਸਤਾਰਵੀਂ ਪੋਜੀਸ਼ਨ ਤੇ ਆ ਗਿਆ ਹੈ। ਅਸੀਂ ਅਨਾਜ ਪੈਦਾ ਕਰਨ ਵਿਚ ਤਾਂ ਮੋਹਰੀ ਬਣ ਗਏ ਹਾਂ ਪਰੰਤੂ ਬੌਧਿਕ ਅਤੇ ਸਭਿਆਚਾਰਕ ਖੇਤਰ ਵਿੱਚ ਫਾਡੀ ਬਣਦੇ ਜਾ ਰਹੇ ਹਾਂ। ਕੋਈ ਪਿੰਡ ਜਾਂ ਸ਼ਹਿਰ ਦਾ ਮੇਲਾ ਅਤੇ ਸਰਕਾਰੀ ਫੰਕਸ਼ਨ ਅਜਿਹਾ ਨਹੀਂ ਹੁੰਦਾ ਜਿੱਥੇ ਲੱਚਰ ਗੀਤਾਂ ਨੂੰ ਗਾਉਣ ਵਾਲੇ ਪਿੜ ਨਾ ਬੰਨਣ। ਹੁਣ ਤਾਂ ਪੰਜਾਬ ਦੇ ਵਜ਼ੀਰਾਂ ਦੇ ਜਲਸਿਆਂ ਵਿਚ ਭੀੜ ਇਕੱਠੀ ਕਰਨ ਲਈ ਵੀ ਇਹੋ ਤਰੀਕਾ ਵਰਤਿਆ ਜਾਂਦਾ ਹੈ।

ਅੱਜਕੱਲ੍ਹ ਇਨਫਰਮੇਸ਼ਨ ਟੈਕਨਾਲੋਜੀ ਦਾ ਬੋਲਬਾਲਾ ਹੋ ਗਿਆ ਹੈ। ਭਾਰਤ ਦੇ ਨੌਜਵਾਨ ਅਮਰੀਕਾ ਅਤੇ ਯੂਰਪ ਵਿੱਚ ਸੋਫਟਵੇਅਰ ਮਾਹਰ ਬਣਕੇ ਜਾ ਰਹੇ ਹਨ। ਇਸ ਵਿੱਚ ਬੰਗਲੌਰ, ਹੈਦਰਾਬਾਦ ਅਤੇ ਪੂਨਾ, ਚੰਡੀਗੜ੍ਹ ਅਤੇ ਅੰਮ੍ਰਿਤਸਰ ਤੋਂ ਕਿਤੇ ਅਗਾਂਹ ਲੰਘ ਚੁੱਕੇ ਹਨ। ਪੰਝੀ ਸਾਲ ਪਹਿਲਾਂ ਜਦੋਂ ਮੁਹਾਲੀ ਵਿਖੇ ਪੰਜਾਬ ਸਰਕਾਰ ਨੇ ਇਲੈਕਟਰਾਨਿਕਸ ਟਾਊਨਸ਼ਿਪ ਦਾ ਸੰਕਲਪ ਘੜਿਆ ਅਤੇ ਕੇਂਦਰ ਸਰਕਾਰ ਦੀ ਮੱਦਦ ਨਾਲ ਕਈ ਅਦਾਰੇ ਕਾਇਮ ਕੀਤੇ ਤਾਂ ਆਸ ਬੱਝਦੀ ਸੀ ਕਿ ਬੰਗਲੌਰ ਦਾ ਮੁਕਾਬਲਾ ਇਕ ਦਿਨ ਮੁਹਾਲੀ ਕਰੇਗਾ। ਅੱਜ ਦੇ ਹਾਲਾਤ ਦੱਸਦੇ ਹਨ ਕਿ ਪੰਜਾਬ ਸਰਕਾਰ ਦੇ ਸਿਫ਼ਾਰਸ਼ੀ ਭਰਤੀ ਕੀਤੇ ਅਫਸਰਾਂ ਅਤੇ ਇੰਜੀਨੀਅਰਾਂ ਨੇ ਇਲੈਕਟਰਾਨਿਕਸ ਟਾਊਨਸ਼ਿਪ ਦਾ ਭੱਠਾ ਬਿਠਾ ਦਿੱਤਾ ਹੈ। ਉਤਪਾਦਕ



Academy of the Punjab in North America: http://www.apnaorg.com

ਯੂਨਿਟ ਜਾਂ ਤਾਂ ਬੰਦ ਹੋ ਚੁੱਕੇ ਹਨ ਅਤੇ ਬਾਕੀ ਬਚੇ ਘਾਟੇ 'ਚ ਚੱਲ ਰਹੇ ਹਨ। ਪੰਜਾਬ ਦਾ ਸਭ ਤੋਂ ਵੱਧ ਕਾਮਯਾਬ ਪੱਨਵਾਇਰ (Punwire) ਯੂਨਿਟ ਲਾਕ-ਆਉਟ ਦਾ ਸ਼ਿਕਾਰ ਹੋ ਗਿਆ ਹੈ। ਕੀ ਇਹ ਪੰਜਾਬ ਦੇ ਬੌਧਿਕ ਦੀਵਾਲੀਏਪਣ ਦੀ ਨਿਸ਼ਾਨਦੇਹੀ ਨਹੀਂ ?

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਪਿਛਲੇ ਵਰ੍ਹੇ ਯੂ.ਜੀ.ਸੀ. ਦਵਾਰਾ ਨਿਰਧਾਰਤ ਮੁਲਾਂਕਣ ਕਮੇਟੀ ਤੋਂ 'ਪੰਜ ਤਾਰੇ' ਪ੍ਰਾਪਤ ਕਰਕੇ ਦਲੇਰ ਮਹਿੰਦੀ ਦੇ 'ਇਕ ਦਾਨਾ ਬਈ ਇਕ ਦਾਨਾ' ਦੀ ਤਰਜ ਤੇ 'ਪੰਜ ਤਾਰੇ ਬਈ ਪੰਜ ਤਾਰੇ' ਦੀ ਡੌਂਡੀ ਪਿੱਟ ਰਹੀ ਹੈ। ਮੁੱਖ ਮੰਤਰੀ ਤੱਕ ਇਹ ਖਬਰਾਂ ਪਹੁੰਚੀਆਂ ਅਤੇ ਉਨ੍ਹਾਂ ਨੇ ਉੱਜਲ 'ਦੋਸਾਂਝ' ਦੇ ਡਿਗਰੀ ਸਮਾਰੋਹ ਤੇ ਐਲਾਨ ਕਰ ਦਿੱਤਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਸ਼ਵ ਭਰ ਵਿੱਚ ਹੁਣ ਦੂਜੇ ਜਾਂ ਤੀਜੇ ਨੰਬਰ ਤੇ ਆ ਗਈ ਹੈ। ਚਾਪਲੂਸਾਂ ਦੀ ਵੀ ਘਾਟ ਨਹੀਂ ਹੁੰਦੀ। ਕਿਥੇ ਕੈਂਬ੍ਰਿਜ਼, ਆਕਸਫੋਰਡ, ਬਰਕਲੇ, ਪੈਰਿਸ ਅਤੇ ਹਾਰਵਰਡ ਯੂਨੀਵਰਟਿਆਂ ਦੀ ਛਬੀ ਅਤੇ ਧਾਂਕ ਅਤੇ ਕਿਥੇ ਪੰਜਾਬ ਦੀ ਇਹ ਗੁੰਮਨਾਮ 'ਪੰਜਤਾਰਾ' ਯੂਨੀਵਰਸਿਟੀ। ਸਾਨੂੰ ਫਖਰ ਹੈ ਕਿ ਸਾਡੀ ਯੂਨੀਵਰਸਿਟੀ ਨੇ ਸਭ ਤੋਂ ਚੰਗੇ ਖਿਡਾਰੀ ਪੈਦਾ ਕਰਕੇ ਨਾਮਣਾ ਖੱਟਿਆ ਹੈ, ਸਭ ਤੋਂ ਚੰਗੇ ਗਵੱਈਏ, ਭੰਡ ਅਤੇ ਰਾਸਧਾਰੀਏ ਵੀ ਪੈਦਾ ਕੀਤੇ ਹਨ ਪਰੰਤੂ ਸਭ ਤੋਂ ਚੰਗੇ ਸਾਹਿਤਕਾਰ, ਸਮਾਜ-ਵਿਗਿਆਨੀ ਅਤੇ ਖੋਜ ਵਿਗਿਆਨੀ ਪੈਦਾ ਕਰਨ ਵਿੱਚ ਨਾਕਾਮਯਾਬ ਰਹੀ ਹੈ। ਭਾਰਤ ਸਰਕਾਰ ਦੀ ਨਵੀਂ ਦਿੱਲੀ ਵਿਖੇ ਸਥਿਤ ਨਿਸਟੈਡ (NISTADS) ਸੰਸਥਾ, ਜਿਸ ਦੇ ਡਾਇਰੈਕਟਰ ਹੁਣ ਪੰਜਾਬੀ ਵਿਗਿਆਨੀ ਰਜੇਸ਼ ਕੋਛੜ ਹਨ, ਤੋਂ ਪ੍ਰਾਪਤ ਅੰਕੜੇ ਦੱਸਦੇ ਹਨ ਕਿ 1981 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਭਾਰਤ ਦੇ ਪੰਝੀ ਉਘੇ ਵਿਗਿਆਨਕ ਖੋਜ ਕੇਂਦਰਾਂ ਵਿਚ ਸ਼ਾਮਲ ਸੀ ਜਦਕਿ ਹੁਣ ਇਹ ਇਸ ਸੂਚੀ ਤੋਂ ਬਾਹਰ ਹੈ। ਵਾਰੇ ਵਾਰੇ ਜਾਈਏ ਸਾਡੇ ਉਪ-ਕੁਲਪਤੀ ਜੀ ਅਤੇ ਉਨ੍ਹਾਂ ਦੇ ਚਾਪਲੂਸਾਂ ਦੇ ਜੋ 'ਪੰਜ ਤਾਰੇ ਬਈ ਪੰਜਤਾਰੇ' ਦੀ ਰਟ ਲਗਾ ਰਹੇ ਹਨ।

***



Academy of the Punjab in North America: http://www.apnaorg.com

# 18.

# ਸੁਮਾਤਰਾ ਦਾ ਭੁੱਚਾਲ ਅਤੇ ਸੁਨਾਮੀ ਤੋਂ ਹੋਈ ਤਬਾਹੀ

26 ਦਸੰਬਰ ਸਵੇਰੇ 6 ਵਜੇ ਦੇ ਕਰੀਬ ਇੰਡੋਨੇਸ਼ੀਆ ਦੇ ਸੁਮਾਤਰਾ ਦ੍ਵੀਪ ਦੇ ਨਜ਼ਦੀਕ ਸਮੁੰਦਰ ਵਿਚ ਭਾਰੀ ਭਰਕਮ ਭੁੱਚਾਲ ਆਇਆ ਜਿਸ ਦੀ ਰਿਕਟਰ ਸਕੇਲ ਉਪਰ ਮਾਤਰਾ 8.9 ਮਾਪੀ ਗਈ ਹੈ। ਪਿਛਲੇ ਸੌ ਸਾਲਾਂ ਵਿਚ ਅਜੇਹੇ 5 ਭੁਚਾਲ ਹੀ ਧਰਤੀ ਉਪਰ ਵਾਪਰੇ ਹਨ ਅਤੇ ਤਬਾਹੀ ਦੇ ਪੱਖੋਂ ਇਹ ਬਹੁਤੀ ਅਹਿਮੀਅਤ ਨਹੀਂ ਰੱਖਦਾ। ਜੇਕਰ ਇਸ ਮਾਤਰਾ ਦਾ ਭੁੱਚਾਲ ਭਾਰਤ ਦੀ ਦੱਖਣੀ ਪਠਾਰ ਦੇ ਸੰਘਣੀ ਵੱਸੋਂ ਦੇ ਇਲਾਕੇ ਵਿਚ ਵਾਪਰਦਾ ਤਾਂ ਮੌਤਾਂ ਦੀ ਗਿਣਤੀ 50 ਲੱਖ ਹੋਣ ਦੀ ਸੰਭਾਵਨਾ ਬਣ ਜਾਣੀ ਸੀ। ਇਸ ਦੀ ਸਾਰੀ ਊਰਜਾ ਸਮੁੰਦਰ ਦੇ ਪਾਣੀ ਨੇ ਹੀ ਜ਼ਜਬ ਕਰ ਲਈ ਵਰਨਾ ਇਹ ਧਰਤੀ ਉਪਰ ਪਰਲੋ ਲਿਆ ਦਿੰਦਾ। ਇਸ ਭੁੱਚਾਲ ਦੀ ਸ਼ਕਤੀ 25,000 ਪਰਮਾਣੂ ਬੰਬਾਂ ਦੇ ਬਰਾਬਰ ਸੀ ਜੋ ਹੀਰੋਸ਼ੀਮਾ ਸ਼ਹਿਰ ਉਪਰ ਸੁੱਟਿਆ ਗਿਆ। ਹੁਣ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ ਇਹ ਭੁੱਚਾਲ ਕਿੱਡੀ ਵੱਡੀ ਆਫ਼ਤ ਲਿਆ ਸਕਦਾ ਸੀ ਜੇਕਰ ਇਹ ਭਾਰਤ ਦੇ ਕਿਸੇ ਹੋਰ ਖਿੱਤੇ ਵਿਚ ਆ ਜਾਂਦਾ। ਇਸ ਭੁੱਚਾਲ ਨੇ ਸਮੁੰਦਰ ਦੇ ਪਾਣੀ ਨੂੰ ਅਜੇਹਾ ਰਿੜਕਿਆ ਕਿ ਸਮੁੰਦਰੀ ਲਹਿਰਾਂ ਨੇ ਚਾਰ ਹਜ਼ਾਰ ਕਿਲੋਮੀਟਰ ਦੀ ਦੂਰੀ ਤੱਕ ਵੱਸਦੇ ਲੋਕਾਂ ਨੂੰ ਆਪਣੀ ਮਾਰ ਹੇਠ ਲਿਆਂਦਾ।

ਸੁਮਾਤਰਾ ਦੇ ਭੁੱਚਾਲ ਕੇਂਦਰ ਤੋਂ 25,000 ਪਰਮਾਣੂ ਬੰਬਾਂ ਦੇ ਬਰਾਬਰ ਊਰਜਾ ਦਾ ਨਿਕਾਸ ਹੋਇਆ ਜਿਸ ਨੇ ਹਿੰਦ ਮਹਾਂਸਾਗਰ ਵਿਚ ਅਜੇਹੀ ਖਲਬਲੀ ਪੈਦਾ ਕਰ ਦਿਤੀ ਕਿ ਸਮੁੰਦਰੀ ਲਹਿਰਾਂ 500 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਫੈਲਣੀਆਂ ਸ਼ੁਰੂ ਹੋ ਗਈਆਂ। ਸਭ ਤੋਂ ਪਹਿਲਾਂ ਇਹ ਲਹਿਰਾਂ ਨਿਕੋਬਾਰ ਦ੍ਵੀਪ ਸਮੂਹ ਉਪਰ ਪਹੁੰਚੀਆਂ ਕਿਉਂਕਿ ਇਹ ਖੇਤਰ ਭੁਚਾਲ ਕੇਂਦਰ ਤੋਂ ਬਹੁਤ ਨੇੜੇ ਸੀ। ਚਾਲ੍ਹੀ ਫੁੱਟ ਉਚੀਆਂ ਲਹਿਰਾਂ ਨੇ ਤਬਾਹੀ ਮਚਾਈ ਅਤੇ ਪੰਜ ਹਜ਼ਾਰ ਮੌਤਾਂ ਹੋ ਗਈਆਂ। ਇਸ ਦ੍ਵੀਪ ਉਪਰ ਦੋਹਰੀ ਮਾਰ ਪੈ ਗਈ - ਇੱਕ ਤਾਂ ਭੁੱਚਾਲੀ ਝਟਕੇ ਆਉਣ ਕਾਰਣ ਇਮਾਰਤਾਂ ਢਹਿ ਢੇਰੀ ਹੋਈਆਂ ਅਤੇ ਦੂਜੇ ਜੋ ਲੋਕ ਬਚ ਨਿਕਲੇ ਉਹ ਸਮੁੰਦਰੀ ਲਹਿਰਾਂ ਦੀ ਲਪੇਟ ਵਿਚ ਆ ਗਏ। ਇਨ੍ਹਾਂ ਸਮੁੰਦਰੀ ਲਹਿਰਾਂ ਦੇ ਨੈੱਟਵਰਕ ਨੂੰ ਸੁਨਾਮੀ (Tsunami) ਕਿਹਾ ਜਾਂਦਾ ਹੈ। ਮੈਂ ਭਾਰਤ ਬਾਰੇ ਹੁਣ ਤੱਕ ਛਪੀਆਂ ਸਾਰੀਆਂ ਰੀਪੋਰਟਾਂ ਦਾ ਅਧਿਐਨ ਕੀਤਾ ਹੈ। ਕੁਦਰਤੀ ਆਫ਼ਤਾਂ ਦੀ ਸੂਚੀ ਵਿਚ ਕਿਧਰੇ ਵੀ ਸੁਨਾਮੀ ਦਾ ਜ਼ਿਕਰ ਨਹੀਂ ਮਿਲਦਾ। ਭੁੱਚਾਲ ਅਤੇ ਸਮੁੰਦਰੀ ਤੂਫਾਨ ਤਾਂ ਕਈ ਵਾਰ ਵਾਪਰਦੇ ਰਹੇ ਹਨ ਪਰੰਤੂ ਸਮੁੰਦਰੀ ਭੁੱਚਾਲ ਕਾਰਨ ਆਈ ਸੁਨਾਮੀ ਦਾ ਕੋਈ ਵੇਰਵਾ ਨਹੀਂ ਮਿਲਦਾ। ਸੋ ਇਹ ਆਫ਼ਤ ਪਹਿਲੀ ਵਾਰ ਆਈ ਹੈ ਅਤੇ ਹਿੰਦੂ ਮਿਥਹਾਸ ਦੇ ਸਮੁੰਦਰ ਮੰਥਣ ਦੀ ਯਾਦ ਤਾਜ਼ਾ



Academy of the Punjab in North America: http://www.apnaorg.com

ਕਰਵਾ ਗਈ ਹੈ। ਪਰੰਤੂ ਅੰਮ੍ਰਿਤ ਦੀ ਥਾਂ ਜ਼ਹਿਰ ਹੀ ਪੈਦਾ ਹੋਇਆ ਹੈ।

ਭੂੱਚਾਲ ਦਾ ਕਾਰਣ : ਭੂ-ਭੌਤਿਕ ਵਿਗਿਆਨੀਆਂ ਨੇ ਭੂੱਚਾਲਾਂ ਦੇ ਅੰਕੜਿਆਂ ਦਾ ਅਧਿਐਨ ਕਰਕੇ ਪਤਾ ਲਗਾਇਆ ਹੈ ਕਿ ਸਾਡੀ ਧਰਤੀ ਅਜੇ ਆਪਣੀ ਸਥਾਈ ਅਵਸਥਾ ਦੀ ਧਾਰਣੀ ਨਹੀਂ ਹੋਈ। ਇਸ ਦੇ ਅੰਦਰ ਅਜੇ ਉਬਲਦਾ ਲਾਵਾ ਮੌਜੂਦ ਹੈ। ਧਰਤੀ ਦਾ ਬਾਹਰਲਾ ਖ਼ੇਪੜ ਠੋਸ ਤਾਂ ਜਰੂਰ ਹੈ ਪਰੰਤੂ ਇਸ ਵਿਚ ਦਰਾੜਾਂ ਪਈਆਂ ਹੋਈਆਂ ਹਨ। ਪਲੇਟ ਟੈਕਟਾਨਿਕਸ (Plate Tectonics) ਦੇ ਸਿਧਾਂਤ ਅਨੁਸਾਰ ਧਰਤੀ ਦਾ ਖ਼ੇਪੜ ਬਾਰਾਂ ਪਲੇਟਾਂ ਵਿਚ ਵੰਡਿਆ ਹੋਇਆ ਹੈ, ਛੇ ਵੱਡੀਆਂ ਅਤੇ ਛੇ ਛੋਟੀਆਂ ਪਲੇਟਾਂ ਹਨ। ਇਹ ਇੱਕ ਦੂਜੀ ਨਾਲ ਭਿੜਦੀਆਂ ਰਹਿੰਦੀਆਂ ਹਨ ਅਤੇ ਇਸ ਟੱਕਰ ਤੋਂ ਊਰਜਾ ਦਾ ਜਖੀਰਾ ਜਮਾ ਹੋ ਜਾਂਦਾ ਹੈ। ਜਦੋਂ ਇਹ ਜਮਾ ਹੋਈ ਊਰਜਾ ਇਕ ਸੀਮਾ ਟੱਪ ਜਾਂਦੀ ਹੈ ਤਾਂ ਧਰਤੀ ਉਪਰ ਭੂੱਚਾਲ ਆ ਜਾਂਦਾ ਹੈ। ਭੂੱਚਾਲ ਦਰਅਸਲ ਊਰਜਾ ਦਾ ਨਿਕਾਸ ਹੀ ਹੈ। ਇਹੋ ਕਾਰਣ ਹੈ ਕਿ ਧਰਤੀ ਉਪਰ ਛੋਟੀ ਮਾਤਰਾ ਦੇ ਭੂੱਚਾਲ ਲਾਹੇਵੰਦ ਸਿੱਧ ਹੁੰਦੇ ਹਨ। ਔਸਤਨ, ਧਰਤੀ ਉਪਰ ਹਰ ਸਾਲ 5 ਮਾਤਰਾ ਦੇ ਇਕ ਹਜ਼ਾਰ ਭੂੱਚਾਲ, 6-8 ਮਾਤਰਾ ਦੇ ਇਕ ਸੌ ਭੂੱਚਾਲ ਅਤੇ 8 ਤੋਂ ਵਧੀਕ ਮਾਤਰਾ ਦਾ ਇੱਕ ਅੱਧ ਭੂੱਚਾਲ ਆ ਜਾਂਦਾ ਹੈ। ਪਰੰਤੂ ਜੇਕਰ ਕਿਧਰੇ 10 ਮਾਤਰਾ ਦਾ ਭੂੱਚਾਲ ਆ ਜਾਵੇ ਤਾਂ ਸਮਝੋ ਹੇਠਲੀ ਉਤੇ ਹੋ ਜਾਵੇਗੀ ਅਤੇ ਭਾਈ ਗੁਰਦਾਸ ਦੇ ਕਥਨ ਦੀ ਪੁਸ਼ਟੀ ਹੋ ਜਾਵੇਗੀ :

*"ਨਦੀਆਂ ਦੇ ਵਿਚ ਟਿੱਬੇ ਦਿਖਾਲੇ,*
*ਥਲੀਂ ਕਰੇ ਅਸਗਾਹੁ।"*

ਭੂ-ਵਿਗਿਆਨੀਆਂ ਨੇ ਧਰਤੀ ਦੀਆਂ ਪਲੇਟਾਂ ਦੀ ਗਤੀ ਵੀ ਨਿਰਧਾਰਤ ਕਰ ਰੱਖੀ ਹੈ। ਉਦਾਹਰਣ ਲਈ ਭਾਰਤੀ ਪਲੇਟ ਉੱਤਰ-ਪੂਰਬ ਦੀ ਦਿਸ਼ਾ ਵਿਚ ਹਰ ਸਾਲ 5 ਸੈਂਟੀਮੀਟਰ ਅਗੇ ਸਰਕ ਜਾਂਦੀ ਹੈ ਅਤੇ ਚੀਨੀ ਪਲੇਟ ਥੱਲੇ ਧਸਦੀ ਜਾ ਰਹੀ ਹੈ। ਭਾਰਤੀ ਪਲੇਟ ਦੇ ਧਸਣ ਕਾਰਣ ਹਿਮਾਲਿਆ ਪਰਬਤ ਹੋਂਦ ਵਿਚ ਆਇਆ ਅਤੇ ਇਹ ਅਮਲ ਪਿਛਲੇ 5 ਕਰੋੜ ਵਰ੍ਹਿਆਂ ਤੋਂ ਚੱਲ ਰਿਹਾ ਹੈ। ਭਾਰਤੀ ਪਲੇਟ ਦੇ ਧਸਣ ਕਾਰਣ ਹੀ ਹਿਮਾਲਿਆ ਪਰਬਤ ਦੀ ਉਚਾਈ ਨਿਰੰਤਰ ਵਧ ਰਹੀ ਹੈ। ਜਦੋਂ ਇਸ ਅਮਲ ਵਿਚ ਕਿਤੇ ਰੁਕਾਵਟ ਆਉਂਦੀ ਹੈ ਤਾਂ ਭੂੱਚਾਲ ਦੁਆਰਾ ਊਰਜਾ ਦਾ ਨਿਕਾਸ ਹੋ ਜਾਂਦਾ ਹੈ। ਜਿੰਨੀ ਵਧੇਰੇ ਊਰਜਾ ਜਮਾਂ ਹੋਵੇ ਉਨਾਂ ਹੀ ਵੱਡਾ ਭੂੱਚਾਲ ਆਉਣ ਦੀ ਸੰਭਾਵਨਾ ਬਣ ਜਾਂਦੀ ਹੈ। 5 ਅਪ੍ਰੈਲ, 1905 ਨੂੰ ਕਾਂਗੜਾ ਵਾਦੀ ਵਿਚ 8 ਮਾਤਰਾ ਦਾ ਭੂੱਚਾਲ ਆਇਆ ਸੀ ਜਿਸ ਨੇ ਵੀਹ ਹਜ਼ਾਰ ਤੋਂ ਵਧੀਕ ਬੰਦੇ ਮੌਤ ਦੇ ਘਾਟ ਉਤਾਰ ਦਿੱਤੇ। ਲਹੌਰ ਅਤੇ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਅਤੇ ਜਲੰਧਰ ਸ਼ਹਿਰ ਦੀਆਂ ਕਈ ਇਮਾਰਤਾਂ ਨੂੰ ਭਾਰੀ ਨੁਕਸਾਨ ਪੁੱਜਾ ਸੀ। ਜਵਾਲਾਮੁੱਖੀ ਮੰਦਰ ਅਤੇ ਕਾਂਗੜਾ ਸ਼ਹਿਰ ਗਰਕ ਗਏ ਸਨ। ਅਗਲੇ ਸਾਲ ਕਾਂਗੜਾ ਭੂੱਚਾਲ ਦੀ ਪਹਿਲੀ ਸ਼ਤਾਬਦੀ ਮਨਾਈ ਜਾਵੇਗੀ। ਸਾਡੀ ਖੋਜ ਦੇ ਅੰਕੜੇ ਤਾਂ ਇਹੀ ਜਾਣਕਾਰੀ ਦਿੰਦੇ ਹਨ ਕਿ ਜੇਕਰ ਕਾਂਗੜੇ ਵਰਗਾ ਭੂੱਚਾਲ



Academy of the Punjab in North America: http://www.apnaorg.com

ਦੁਬਾਰਾ ਵਾਪਰ ਜਾਵੇ ਤਾਂ ਹਿਮਾਚਲ ਵਿਚ ਇੱਕ ਲੱਖ ਦੇ ਕਰੀਬ ਮੌਤਾਂ ਹੋਣ ਦੀ ਸੰਭਾਵਨਾ ਹੈ। ਪੰਜਾਬ ਦੇ ਸਾਰੇ ਡੈਮ ਭੁੱਚਾਲੀ ਪੱਟੀ ਦੇ ਨੇੜੇ ਤੇੜੇ ਹੋਣ ਕਾਰਣ, 8 ਮਾਤਰਾ ਦਾ ਭੁੱਚਾਲ ਇਨ੍ਹਾਂ ਨੂੰ ਤਬਾਹ ਕਰ ਸਕਦਾ ਹੈ ਅਤੇ ਡੈਮ ਫਟਣ ਤੋਂ ਪੈਦਾ ਹੋਈਆਂ ਪਾਣੀ ਦੀਆਂ ਲਹਿਰਾਂ ਪੰਜਾਬ ਦੇ ਘੁੱਗ ਵੱਸਦੇ ਸ਼ਹਿਰਾਂ ਅਤੇ ਪਿੰਡਾਂ ਨੂੰ ਰੋੜ ਕੇ ਲਿਜਾ ਸਕਦੀਆਂ ਹਨ ਜਿਵੇਂ ਹਾਲ ਘੜੀ ਭਾਰਤ ਦੇ ਪੂਰਬੀ ਤੱਟ ਤੇ ਵਾਪਰਿਆ ਹੈ। ਭੁੱਚਾਲਾਂ ਸੰਬੰਧੀ ਸਾਡੀ ਖੋਜ ਵਿਸ਼ਵ ਭਰ ਵਿਚ ਪ੍ਰਵਾਨ ਚੜ੍ਹੀ ਹੈ ਪਰੰਤੂ ਬਦਕਿਸਮਤੀ ਨੂੰ ਪੰਜਾਬ ਸਰਕਾਰ ਦੀ ਨੌਕਰਸ਼ਾਹੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਅਣਗਹਿਲੀ ਕਾਰਣ ਭੁੱਚਾਲ ਕੇਂਦਰ 1999 ਤੋਂ ਬੰਦ ਪਿਆ ਹੈ। ਇਸ ਨੂੰ ਚਾਲੂ ਰੱਖਣ ਲਈ ਬਹੁਤ ਘੱਟ ਰਕਮ ਦੀ ਲੋੜ ਹੈ ਅਤੇ ਉਪ-ਕੁਲਪਤੀ ਦਵਾਰਾ ਵੰਡੀਆਂ ਗਈਆਂ ਫੁਲਕਾਰੀਆਂ ਤੋਂ ਵੀ ਘੱਟ ਖਰਚਾ ਆਵੇਗਾ।

ਸੁਮਾਤਰਾ ਦਾ ਭੁੱਚਾਲ ਜਾਣੀ ਪਹਿਚਾਣੀ ਭੁੱਚਾਲੀ ਪੱਟੀ ਉਪਰ ਹੀ ਵਾਪਰਿਆ ਹੈ। ਹਿਮਾਲਿਆ ਪਰਬਤ ਦੀ ਲੜੀ ਬਰਮਾ ਤੱਕ ਹੈ ਅਤੇ ਅੱਗੋਂ ਇਹ ਪੱਟੀ ਅੰਡੇਮਾਨ-ਨਿਕੋਬਾਰ ਥਾਣੀਂ ਹੋ ਕੇ ਇੰਡੋਨੇਸ਼ੀਆ ਦੇ ਟਾਪੂਆਂ ਕੋਲੋਂ ਲੰਘਦੀ ਹੋਈ ਫਿਲਪੀਨ ਅਤੇ ਜਪਾਨ ਦੇ ਸਮੁੰਦਰੀ ਤੱਟ ਕੋਲ ਪਹੁੰਚ ਜਾਂਦੀ ਹੈ। ਇਹੋ ਕਾਰਣ ਹੈ ਕਿ ਜਪਾਨ ਵਿਚ ਅਕਸਰ ਭੁੱਚਾਲ ਆਉਂਦੇ ਰਹਿੰਦੇ ਹਨ। ਦਰਅਸਲ ਸਮੁੰਦਰੀ ਭੁੱਚਾਲਾਂ ਦੀ ਆਮਦ ਜਪਾਨ ਅਤੇ ਇੰਡੋਨੇਸ਼ੀਆ ਵਿਚ ਵਧੇਰੇ ਹੈ ਅਤੇ ਭਾਰਤ ਨੂੰ ਪਹਿਲੀ ਵਾਰ ਇਸ ਆਫਤ ਦਾ ਸਾਹਮਣਾ ਕਰਨਾ ਪਿਆ ਹੈ। ਇਸ ਪੱਟੀ ਉਪਰ ਜਪਾਨ ਦੇ ਜਵਾਲਾਮੁੱਖੀ ਸਥਿਤ ਹਨ ਅਤੇ ਇਹ ਲਾਵਾ ਉਗਲਦੇ ਰਹਿੰਦੇ ਹਨ। ਇਕ ਜਵਾਲਾਮੁੱਖੀ ਅੰਡੇਮਾਨ ਟਾਪੂ ਕੋਲ ਵੀ ਮੌਜੂਦ ਹੈ। ਜਵਾਲਾਮੁੱਖੀ ਫਟਣ ਨਾਲ ਵੀ ਭੁੱਚਾਲ ਆ ਜਾਂਦਾ ਹੈ। ਮੇਰਾ ਅੰਦਾਜਾ ਹੈ ਕਿ ਸੁਮਾਤਰਾ ਦਾ ਭੁੱਚਾਲੀ ਖੇਤਰ ਇਸ ਪੱਟੀ ਉਪਰ ਸਥਿਤ ਹੋਣ ਕਰਕੇ ਮੌਜੂਦਾ ਭੁੱਚਾਲ ਵੀ ਜਵਾਲਾਮੁੱਖੀ ਕਿਸਮ ਦਾ ਹੋਵੇਗਾ ਪਰੰਤੂ ਸਮੁੰਦਰੀ ਡੂੰਘਾਈ ਕਾਰਣ ਲਾਵਾ ਬਾਹਰ ਨਹੀਂ ਆ ਸਕਿਆ।

ਅਮਰੀਕਾ ਦੀ ਭੂ-ਵਿਗਿਆਨਕ ਸੰਸਥਾ ਨੇ ਕਿਆਸ ਲਗਾਇਆ ਹੈ ਕਿ ਇਸ ਭੁਚਾਲ ਨੇ ਇਕ ਹਜ਼ਾਰ ਕਿਲੋਮੀਟਰ ਲੰਮੀ ਦਰਾੜ ਸਮੁੰਦਰੀ ਸਤਹ ਉਪਰ ਪੈਦਾ ਕਰ ਦਿੱਤੀ ਹੈ। ਇਸ ਭੁੱਚਾਲ ਦੀ ਦਿਸ਼ਾ ਭਾਰਤ ਵੱਲ ਹੋਣ ਕਰਕੇ ਊਰਜਾ ਦਾ ਨਿਕਾਸ ਅਤੇ ਸਮੁੰਦਰੀ ਲਹਿਰਾਂ ਦਾ ਵਹਾਓ ਵੀ ਏਧਰ ਹੋਇਆ ਹੈ ਜਿਸ ਕਾਰਣ ਸ੍ਰੀਲੰਕਾ ਅਤੇ ਭਾਰਤ ਦੇ ਪੂਰਬੀ ਤੱਟ ਉੱਪਰ ਭਾਰੀ ਤਬਾਹੀ ਹੋਈ ਹੈ। ਕਮਾਲ ਦੀ ਗੱਲ ਹੈ ਕਿ ਅਸਟ੍ਰੇਲੀਆ ਉਪਰ ਇਸ ਭੁੱਚਾਲ ਦਾ ਕੋਈ ਅਸਰ ਨਹੀਂ ਹੋਇਆ। ਤਬਾਹੀ ਦਿਸ਼ਾ ਉਪਰ ਨਿਰਧਾਰਤ ਹੁੰਦੀ ਹੈ। ਅਫ਼ਸੋਸ ਹੈ ਕਿ ਭਾਰਤ ਕੋਲ ਸੁਨਾਮੀ ਮਾਪਣ ਦਾ ਕੋਈ ਪ੍ਰਬੰਧ ਨਹੀਂ ਹੈ ਅਤੇ ਜਪਾਨ ਕੋਲੋਂ ਅਗੇਤੀ ਸੂਚਨਾ ਹਾਸਲ ਕਰਨ ਲਈ ਉਪਕਰਣ ਲੈਣੇ ਬਣਦੇ ਹਨ।



Academy of the Punjab in North America: http://www.apnaorg.com

# 19.

# ਭਾਈ ਗੁਰਦਾਸ ਦੀਆਂ ਵਾਰਾਂ ਅਤੇ ਜਨਮਸਾਖੀ ਪ੍ਰੰਪਰਾ : ਇਕ ਤੁਲਨਾਤਮਿਕ ਅਧਿਐਨ

ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਕੋਈ ਵੇਰਵਾ ਨਹੀਂ ਮਿਲਦਾ। ਗੁਰੂ ਸਾਹਿਬਾਨ ਨੇ ਬਾਣੀ ਵਿਚ ਆਪਣੇ ਜੀਵਨ ਦੀਆਂ ਘਟਨਾਵਾਂ ਨੂੰ ਨਹੀਂ ਬਿਆਨਿਆ। ਕਿਧਰੇ ਕਿਧਰੇ ਇਸ਼ਾਰੇ ਮਾਤਰ ਸ਼ੁਕਰਾਨੇ ਦੇ ਸ਼ਬਦ ਉਪਲੱਬਧ ਹਨ ਜੋ ਕਿਸੇ ਘਟਨਾ ਉਪਰ ਪ੍ਰਤੀਬਿੰਬਤ ਹੋ ਜਾਂਦੇ ਹਨ। ਇਸੇ ਤਰ੍ਹਾਂ ਹੀ ਬਾਬਰਵਾਣੀ ਦੇ ਸ਼ਬਦ ਕੁਝ ਇਤਿਹਾਸਕ ਤੱਥਾਂ ਵੱਲ ਇਸ਼ਾਰਾ ਕਰਦੇ ਹਨ। ਵਰਨਾ ਗੁਰੂ ਗ੍ਰੰਥ ਸਾਹਿਬ ਸਾਰੇ ਦਾ ਸਾਰਾ ਹੀ ਅਧਿਆਤਮਕ ਮੰਡਲਾਂ ਦੇ ਵਰਤਾਰੇ ਅਤੇ ਆਵੇਸ਼ ਦੀ ਗੱਲ ਕਰਦਾ ਹੈ। ਬਾਈਬਲ ਵਿਚ ਪੈਗੰਬਰਾਂ ਦੀਆਂ ਸਾਖੀਆਂ ਦੀ ਭਰਮਾਰ ਹੈ। ਬਾਕੀ ਧਰਮ ਗ੍ਰੰਥਾਂ ਵਿਚ ਵੀ ਪੈਗੰਬਰਾਂ ਦੇ ਜੀਵਨ ਕਾਲ ਨਾਲ ਜੁੜੀਆਂ ਘਟਨਾਵਾਂ ਦਾ ਜ਼ਿਕਰ ਮਿਲਦਾ ਹੈ। ਸਿੱਖ ਧਰਮ ਗ੍ਰੰਥ ਦੀ ਇਹੋ ਵਿਲੱਖਣਤਾ ਹੈ ਕਿ ਇਹ ਨਿਰੋਲ ਅਧਿਆਤਮਕ ਆਵੇਸ਼ ਨਾਲ ਭਰਪੂਰ ਹੈ। ਗੁਰੂ ਨਾਨਕ ਸਾਹਿਬ ਦੇ ਆਗਮਨ ਅਤੇ ਜੀਵਨ ਬਿਰਤਾਂਤ ਬਾਰੇ ਜਾਣਕਾਰੀ ਭਾਈ ਗੁਰਦਾਸ ਦੀਆਂ ਵਾਰਾਂ ਅਤੇ ਜਨਮਸਾਖੀ ਸਾਹਿਤ ਵਿਚੋਂ ਉਪਲੱਬਧ ਹੁੰਦੀ ਹੈ। ਇਸ ਲੇਖ ਵਿਚ ਭਾਈ ਗੁਰਦਾਸ ਦੀ ਪਹਿਲੀ ਵਾਰ ਅਤੇ ਬੀ-40 ਜਨਮਸਾਖੀ ਦਾ ਤੁਲਨਾਤਮਿਕ ਅਧਿਐਨ ਕੀਤਾ ਗਿਆ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਕੇਵਲ ਪਹਿਲੀ ਵਾਰ ਦੀਆਂ ਕੁਝ ਪਉੜੀਆਂ ਵਿਚ ਹੀ ਗੁਰੂ ਨਾਨਕ ਦੇਵ ਅਤੇ ਬਾਕੀ ਪੰਜ ਹੋਰ ਗੁਰੂ ਸਾਹਿਬਾਨ ਦੇ ਆਗਮਨ ਦਾ ਜਿਕਰ ਮਿਲਦਾ ਹੈ। ਇਸ ਵਾਰ ਵਿਚ ਬਾਬੇ ਨਾਨਕ ਦੀਆਂ ਜੀਵਨ ਘਟਨਾਵਾਂ ਦਾ ਬਿਰਤਾਂਤ ਵੀ ਮਿਲਦਾ ਹੈ। ਉਦਾਹਰਣ ਲਈ, ਬਾਬੇ ਨਾਨਕ ਦੀ ਕੀਤੀ ਭਾਰੀ ਤਪੱਸਿਆ, ਤੀਰਥਾਂ ਦਾ ਭਰਮਣ, ਸਿੱਧਾਂ ਨਾਲ ਗੋਸ਼ਟ, ਮੱਕੇ ਅਤੇ ਬਗਦਾਦ ਦੀ ਯਾਤਰਾ, ਕਰਤਾਰਪੁਰ ਵਿਚ ਸਿੱਖ ਧਰਮਸਾਲ ਕਾਇਮ ਕਰਨੀ, ਆਦਿਕ ਸਾਰਾ ਵੇਰਵਾ ਇਸ ਪਹਿਲੀ ਵਾਰ ਵਿਚ ਦਰਜ ਹੈ। ਇਕ ਪਉੜੀ ਵਿਚ ਤਾਂ ਹਿੰਦੁਸਤਾਨ ਦੇ ਸਮਾਜਿਕ ਅਤੇ ਰਾਜਸੀ ਵਰਤਾਰੇ ਦਾ ਜ਼ਿਕਰ ਵੀ ਭਲੀਭਾਂਤ ਮਿਲ ਜਾਂਦਾ ਹੈ:

*"ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।*



Academy of the Punjab in North America: http://www.apnaorg.com

*ਕਾਜ਼ੀ ਹੋਏ ਰਿਸ਼ਵਤੀ ਵੱਢੀ ਲੈ ਕੇ ਹੱਕ ਗਵਾਈ।"*

ਹੈਰਾਨੀ ਦੀ ਗੱਲ ਹੈ ਕਿ ਭਾਈ ਗੁਰਦਾਸ ਕਿਧਰੇ ਵੀ ਬਾਬੇ ਨਾਨਕ ਦੇ ਜਨਮ ਬਾਰੇ ਅਤੇ ਬਚਪਨ ਦੀਆਂ ਹੋਰ ਘਟਨਾਵਾਂ ਦਾ ਜ਼ਿਕਰ ਨਹੀਂ ਕਰਦੇ। ਇਹ ਵੇਰਵਾ ਕੇਵਲ ਜਨਮਸਾਖੀਆਂ ਵਿਚ ਹੀ ਮਿਲਦਾ ਹੈ।

ਇਕ ਤੱਥ ਜੋ ਭਲੀਭਾਂਤ ਉਘੜ ਕੇ ਸਾਹਮਣੇ ਆਉਂਦਾ ਹੈ, ਉਹ ਇਹ ਹੈ ਕਿ ਭਾਈ ਗੁਰਦਾਸ ਦੀਆਂ ਵਾਰਾਂ ਦਾ ਮੁਲਾਂਕਣ ਜਨਮਸਾਖੀ ਪ੍ਰੰਪਰਾ ਨੂੰ ਸਮਝਣ ਵਿਚ ਸਹਾਈ ਹੁੰਦਾ ਹੈ। ਇਸ ਕਰਕੇ ਹੀ ਇਸ ਲੇਖ ਵਿਚ ਪਹਿਲੀ ਵਾਰ ਦੀਆਂ ਕੁੱਝ ਪਉੜੀਆਂ ਅਤੇ ਬੀ-40 ਜਨਮਸਾਖੀ ਦੇ ਬਿਰਤਾਂਤ ਦਾ ਤੁਲਨਾਤਮਿਕ ਅਧਿਐਨ ਦਾ ਵਿਸ਼ਾ ਚੁਣਿਆ ਗਿਆ ਹੈ। ਪ੍ਰੋ. ਪਿਆਰ ਸਿੰਘ ਦੇ ਕਥਨ ਅਨੁਸਾਰ : "ਸਾਡੇ ਸਾਖੀਕਾਰ ਇਤਿਹਾਸਕ ਸੂਝ ਨਹੀਂ ਸਨ ਰੱਖਦੇ। ਇਸ ਲਈ ਜਨਮਸਾਖੀ ਸਾਹਿਤ ਨੂੰ ਇਤਿਹਾਸ ਨਹੀਂ, ਸਾਹਿਤ ਮੰਨਣਾ ਵਧੇਰੇ ਯੋਗ ਹੈ। ਇਹ ਉਹ ਸਾਹਿਤ ਹੈ ਜੋ ਇਕ ਨਾਇਕ, ਇਕ ਧਾਰਮਿਕ ਆਗੂ ਦੇ ਆਦਰਸ਼ ਵਿਅਕਤਿਤਵ ਨੂੰ ਮੂਰਤੀਮਾਨ ਕਰਨ ਲਈ ਪੈਦਾ ਕੀਤਾ ਗਿਆ ਸੀ।"

ਬੀ-40 ਜਨਮਸਾਖੀ ਦੀ ਮਹਾਨਤਾ ਕਈ ਪੱਖਾਂ ਕਰਕੇ ਹੈ। ਇਸਦਾ ਰਚਨਾ ਕਾਲ 1733 ਈਸਵੀ ਹੈ ਅਤੇ ਇਸ ਵਿਚ ਗੁਰੂ ਬਾਬੇ ਦੀਆਂ ਜੀਵਨ ਘਟਨਾਵਾਂ ਬਾਰੇ ਸਾਖੀਆਂ ਨੂੰ 57 ਚਿੱਤਰਾਂ ਰਾਹੀਂ ਦਰਸਾਇਆ ਗਿਆ ਹੈ। ਇਸ ਦੇ ਲੇਖਕ ਅਤੇ ਚਿਤਰਕਾਰ ਦਾ ਪੂਰਾ ਵੇਰਵਾ ਮਿਲਦਾ ਹੈ। ਇਸ ਜਨਮਸਾਖੀ ਦੀ ਸਾਹਿਤਕ, ਇਤਿਹਾਸਕ ਅਤੇ ਕਲਾਤਮਕ ਮਹਾਨਤਾ ਸਥਾਪਿਤ ਹੋ ਚੁੱਕੀ ਹੈ। ਇਸ ਵਿਚ ਅਵਤਾਰ ਧਾਰਣ ਤੋਂ ਲੈ ਕੇ ਬਚਪਨ, ਜਵਾਨੀ, ਵਿਆਹ, ਉਦਾਸੀਆਂ ਦਾ ਜ਼ਿਕਰ ਅਤੇ ਬਾਬਰ ਨਾਲ ਹੋਈ ਭੇਂਟ ਵਾਰਤਾ ਵੀ ਦਰਜ ਹੈ। ਤੁਲਨਾਤਮਿਕ ਅਧਿਐਨ ਲਈ ਅਸੀਂ ਕੇਵਲ ਇਕ ਅੱਧ ਘਟਨਾ ਦਾ ਜ਼ਿਕਰ ਹੀ ਕਰਦੇ ਹਾਂ।

ਭਾਈ ਗੁਰਦਾਸ ਪਹਿਲੀ ਵਾਰ ਦੀ 24ਵੀਂ ਪਉੜੀ ਵਿਚ ਬਾਬੇ ਨਾਨਕ ਦੀ ਤਪਸਿਆ ਦਾ ਜ਼ਿਕਰ ਕਰਦੇ ਹਨ:

*"ਪਹਿਲਾਂ ਬਾਬੇ ਪਾਯਾ ਬਖਸ਼ਦਰ ਪਿਛੋਂ ਦੇ ਫਿਰ ਘਾਲ ਕਮਾਈ।*
*ਰੇਤ ਅੱਕ ਅਹਾਰ ਕਰ ਰੋੜਾਂ ਕੀ ਗੁਰ ਕਰੀ ਵਿਛਾਈ।*
*ਭਾਰੀ ਕਰੀ ਤਪੱਸਿਆ ਬਡੇ ਭਾਗ ਹਰਿ ਸਿਉਂ ਬਣਿ ਆਈ।*
*------------ ਚੜ੍ਹਿਆ ਸੋਧਨ ਧਰਤਿ ਲੁਕਾਈ।*

ਬੀ-40 ਜਨਮਸਾਖੀ ਵਿਚ ਬਾਬੇ ਨਾਨਕ ਦੇ ਤਪ ਬਾਰੇ ਦੋ ਵਾਰ ਜਿਕਰ ਆਇਆ ਹੈ। ਪ੍ਰੋ. ਪਿਆਰ ਸਿੰਘ ਵਾਲੀ ਸੰਪਾਦਿਤ ਜਨਮਸਾਖੀ ਵਿਚ 77(ੳ) ਹੇਠ ਪਹਿਲਾ ਬਿਰਤਾਂਤ ਹੈ :



Academy of the Punjab in North America: http://www.apnaorg.com

"ਤਾ ਬਾਬੇ ਤਪ ਅਰੰਭਿਆ। ਦੋਹਾ ਕੋਹਾ ਵਿਚ ਦੋਇ ਫੇਰੀਆਂ ਕੀਤੀਆ। ਨੀਸਾਨੀਆ ਕੀਤੀਆ। ਇਕਤ ਸਿਰੇ ਜਪ ਲਗੇ ਪੜਨਿ। ਅਹਾਰ ਅੱਕ ਦੀ ਖਖੜੀ ਇਕਾ ਖਾਲੀ। ਇਕੇ ਤਲੀ ਰੇਤੁ ਕੀ ਮਾਰਣੀ। ਏਹੁ ਅਹਾਰੁ ਹੋਇਆ। ਕਿਤਨਿਆ ਕੁ ਬਰਸਾ ਤੀਕ ਇਤ ਜੁਗਤਿ ਤਪੱਸਿਆ ਕੀਤੀ। ਤਾ ਪਰਮੇਸੁਰ ਕਾ ਹੁਕਮ ਆਇਆ। ਨਾਨਕ ਤੇਰੀ ਤਪੱਸਿਆ ਪੈ ਥਾਇ ਪਾਈ। ਤੁਧ ਨੋ ਆਗਿਆ ਹੈ ਤੂੰ ਗੁਰੂ ਕਰਿ। ਗੁਰੂ ਬਾਝਹੁ ਸਭ ਘਾਲਿ ਥਾਇ ਨਹੀਂ ਪਉਦੀ।" ਸਾਖੀ ਸੰਪੂਰਨ ਹੋਈ। ਦੂਜਾ ਬਿਰਤਾਂਤ ਸਿਰਲੇਖ 102(ਅ) ਹੇਠ, ਬਾਬੇ ਤਪ ਅਰੰਭਿਆ ਮਿਲਦਾ ਹੈ: "ਤਾ ਫਿਰ ਬਾਬੇ ਨਾਨਕ ਥੜਾ ਬਨਾਇਆ। ਅਤੇ ਖੁਡੀ ਉਸਾਰੀ ਸੂਰਜ ਕੁੰਡ ਦਰ ਰੱਖਿਆ। ਬਾਬੇ ਦੀ ਬੈਠਕ ਰੋੜਾਂ ਦੀ ਚਉਤਰਾ ਮੰਜੇ ਜਿਤਣੇ ਉਪਰ ਪੂਲਾ ਕੱਖਾ ਦਾ ਵਿਛਾਇ ਕਰਿ ਬਾਬਾ ਬੈਠੇ। ਰਬਾਬੀ ਕੀਰਤਨ ਕਰੇ ਸੰਗਤਿ ਪਾਸ ਬੈਠੇ।"

ਤੁਲਨਾਤਮਿਕ ਅਧਿਐਨ ਤੋਂ ਸਿੱਧ ਹੁੰਦਾ ਹੈ ਕਿ ਭਾਈ ਗੁਰਦਾਸ ਦਾ ਅਵਲੋਕਨ ਹੀ ਜਨਮਸਾਖੀ ਦੀ ਸਾਖੀ ਦਾ ਅਧਾਰ ਬਣ ਗਿਆ ਹੈ। 77(ੳ) ਦਾ ਬਿਰਤਾਂਤ ਹੂ-ਬ-ਹੂ ਭਾਈ ਗੁਰਦਾਸ ਦੀ ਪਹਿਲੀ ਵਾਰ ਦੀ 24ਵੀਂ ਪਉੜੀ ਦਾ ਉਤਾਰਾ ਜਾਪਦਾ ਹੈ ਪਰੰਤੂ 102(ਅ) ਵਿਚਲਾ ਬਿਰਤਾਂਤ ਕੁੱਝ ਭਿੰਨ ਕਿਸਮ ਦਾ ਹੈ। ਇਸ ਵਿਚ ਬਾਬੇ ਦੀ ਕੋਠੜੀ ਦੇ ਚਾਰ ਦਰਵਾਜੇ ਹਨ, ਰੋੜਾਂ ਦੀ ਵਿਛਾਈ ਹੈ, ਉਪਰ ਅਰਾਮ ਲਈ ਘਾਹ-ਫੂਸ ਦਾ ਪੂਲਾ ਵਿਛਾਇਆ ਗਿਆ ਹੈ, ਸਿੱਖ ਸੰਗਤ ਜੁੜੀ ਬੈਠੀ ਹੈ ਅਤੇ ਰਬਾਬੀ ਕੀਰਤਨ ਕਰ ਰਿਹਾ ਹੈ। ਇਸ ਬਿਰਤਾਂਤ ਵਿਚ ਤਪੱਸਿਆ ਨਾਲੋਂ ਵਧੇਰੇ ਸੰਗਤ ਦੇ ਜੁੜਣ ਦੀ ਮਹੱਤਤਾ ਦਰਸਾਈ ਗਈ ਹੈ। ਜੋ ਨਿਤਨੇਮ ਬਾਅਦ ਵਿਚ ਕਰਤਾਰਪੁਰ ਦੀ ਧਰਮਸ਼ਾਲ ਵਿਚ ਚਾਲੂ ਕੀਤਾ ਗਿਆ, ਉਸ ਦਾ ਝਲਕਾਰਾ ਇਸ ਬਿਰਤਾਂਤ ਵਿਚ ਮਿਲਦਾ ਹੈ। ਸਾਖੀਕਾਰ ਨੇ ਬਾਬੇ ਨਾਨਕ ਦੀ ਵਡਿਆਈ ਦੇ ਪੁਲ ਬੰਨਣ ਲਈ ਬਹੁਤ ਉਪਰਾਲਾ ਕੀਤਾ ਹੈ ਅਤੇ ਸੰਗਤ ਵਿਚ ਹਰ ਕਿਸਮ ਦੇ ਸਿੱਖਾਂ ਦੀ ਹੋਂਦ ਦਰਸਾਈ ਹੈ: "ਤਬ ਬਾਬਾ ਨਾਨਕ ਆਹਿ ਬੈਠਾ ਸੇਵਾ ਅਰੰਭੀ। ਬਾਬਾ ਨਾਨਕ ਫਿਰ ਆਵੈ ਧਰਮਸਾਲਾ ਸਿੱਖਾਂ ਨੂੰ ਮਹਾ ਪਰਸਾਦ ਭੁੰਚਾਈਏ। ਜਿ ਕੋਈ ਸਿੱਖ ਕਿਛੁ ਲੈ ਆਵੇ ਸੁ ਲਏ ਕਿਸੇ ਦਾ ਕਛੁ ਨਾਹੀ। ਜਿ ਕੋਈ ਬਾਬੇ ਪਾਸ ਗਿਆਨੀ ਬੈਰਾਗੀ ਉਦਾਸੀ ਅਤੀਤੁ ਭਗਵਾਨ ਮੁੰਡੀਆ ਬੈਸਨੋ ਬ੍ਰਹਮਚਾਰੀ ਜੋਗੀ ਡਿਗੰਬਰ ਸਨਿਆਸੀ ਤਪਸੀ ਦੂਧਾਧਾਰੀ ਭਗਤੀਆ ਰਬਾਬੀ ਬਿਰਹੀ ਭੇਖਧਾਰੀ ਸਿਧ ਸਾਧਕ ਫਕੀਰ ਕਾਮਲ ਦਰਵੇਸ ਸਬਰ ਗਉਸ ਅਉਲੀਆ ਅੰਬੀਆ ਉਲਮਾਉ ਫਾਜਲੁ ਖੋਜੀ ਵਾਦੀ॥ ਪੀਰ ਪਿਕੰਬਰ ਹਿੰਦੂ ਮੁਸਲਮਾਨ ਗ੍ਰਿਹਸਤੀ ਉਦਾਸੀ ਰਾਜ ਰੰਕ ਜਤੀ ਸਤੀ ਹਠੀ ਤਪਸੀ ਖਤਰੀ ਬ੍ਰਹਮਣ ਮਣਸੂਦ ਵੰਸ ਪੰਡਤ ਕਵਤੇ ਕਵੀਸਰ ਗੁਨ ਜਨ ਸਭ ਲਗਾ ਆਵਣ॥ ਜਲ ਥਲ ਨਾਨਕੁ ਨਾਨਕੁ ਹੋਇ ਰਹਿਆ॥"

ਇਸ ਸਾਖੀ ਵਿਚ ਬਾਬੇ ਦੀ ਸਿਖੀ ਸੇਵਕੀ ਦਾ ਜ਼ਿਕਰ ਹੈ। ਬਾਬਾ ਨਾਨਕ ਇਕਾਂਤ ਵਿਚ ਪਰਮੇਸ਼ਰ ਦੀ ਭਗਤੀ ਕਰਨੀ ਲੋਚਦਾ ਹੈ। ਉਹ ਆਪਣੀ ਵਿਥਿਆ ਗੁਰੂ ਗੋਰਖ ਨਾਥ ਨਾਲ



Academy of the Punjab in North America: http://www.apnaorg.com

ਸਾਂਝੀ ਕਰਦਾ ਹੈ ਜੋ ਬਾਬੇ ਨੂੰ ਭਲੀ ਰਾਏ ਦਿੰਦਾ ਹੈ। ਇਥੇ ਬੜੀ ਨਾਟਕੀ ਢੰਗ ਨਾਲ ਗੋਰਖਨਾਥ ਦੀ ਨਸੀਹਤ ਦਾ ਵੇਰਵਾ ਦਿਤਾ ਗਿਆ ਹੈ। ਉਸ ਦੇ ਕਹਿਣ ਅਨੁਸਾਰ ਬਾਬਾ ਸਿੱਖਾਂ ਨੂੰ ਹਲ ਵਾਹੁਣ ਦੀ ਤਾਈਦ ਕਰਦਾ ਹੈ ਅਤੇ ਲੰਗਰ ਬੰਦ ਕਰ ਦਿੰਦਾ ਹੈ। ਇਸ ਤਰ੍ਹਾਂ ਸਿਖਾਂ ਤੋਂ ਖੈਹੜਾ ਛੁੱਟ ਜਾਂਦਾ ਹੈ ਪਰੰਤੂ ਭਾਈ ਲਹਿਣੇ ਵਰਗੇ ਸਿੱਖ ਫਿਰ ਵੀ ਬਾਬੇ ਦਾ ਖਹਿੜਾ ਨਹੀਂ ਛੱਡਦੇ। ਅਖੀਰ ਬਾਬੇ ਨੇ ਧਾਣਕ ਰੂਪ ਧਾਰ ਲਿਆ ਅਤੇ ਸਾਰੇ ਹੀ ਸਿੱਖ ਬਾਬੇ ਨੂੰ ਛੱਡਕੇ ਤੁਰਦੇ ਬਣੇ। ਕੇਵਲ ਭਾਈ ਲਹਿਣਾ ਹੀ ਇਸ ਪਰੀਖਿਆ ਵਿਚੋਂ ਪਾਸ ਹੋਇਆ ਦੱਸਿਆ ਗਿਆ ਹੈ।

ਜਨਮਸਾਖੀਆਂ ਦੀ ਇਕ ਹੋਰ ਖੂਬੀ ਵੀ ਜ਼ਿਕਰ ਯੋਗ ਹੈ। ਗੁਰੂ ਨਾਨਕ ਦੇਵ ਜੀ ਦੇ ਬਹੁਤ ਸਾਰੇ ਸ਼ਬਦ ਸਾਖੀਆਂ ਨਾਲ ਜੋੜੇ ਗਏ ਹਨ। ਇਹ ਬੜੇ ਰੌਚਕ ਢੰਗ ਨਾਲ ਮੌਕਾ ਮੇਲ ਨੂੰ ਦਰਸਾਉਂਦੇ ਹਨ। ਇਸ ਤਰੀਕੇ ਸਾਖੀਕਾਰਾਂ ਨੇ ਗੁਰਬਾਣੀ ਨੂੰ ਇਤਿਹਾਸਕ ਅਤੇ ਸਮਾਜਿਕ ਪ੍ਰੀਪੇਖਾਂ ਵਿਚ ਪ੍ਰਤੀਬਿੰਬਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਸੈਦਪੁਰ ਦਾ ਕਤਲਾਮ (66 ਅ, ਗੋਸਟੁ ਬਾਬਰ ਨਾਲ ਹੋਈ) ਸਾਖੀ ਵਿਚ ਬਾਬਰਵਾਣੀ ਦੇ ਲਗਭਗ ਸਾਰੇ ਸ਼ਬਦ ਹੀ ਦਰਜ ਹਨ। ਸਾਖੀਕਾਰ ਦਾ ਨਿਰੀਖਣ ਹੈ ਕਿ ਬਾਬੇ ਨਾਨਕ ਦੀ ਪਠਾਣਾਂ ਨੇ ਆਉ - ਭੁਗਤ ਨਾ ਕੀਤੀ ਜਿਸ ਕਰਕੇ ਬਾਬਾ ਨਰਾਜ਼ ਹੋ ਗਿਆ ਅਤੇ ਸਬਦ ਉਚਾਰਣ ਕੀਤਾ। 'ਇਜੇਹੀ ਮਾਰ ਬਾਬੇ ਦੇ ਸਬਦ ਕੀਤੀ'। ਬਾਬਰ ਦੇ ਕੈਦੀਆਂ ਨੂੰ ਬਰੀ ਕਰਾਉਣ ਲਈ ਵੀ ਬਾਬੇ ਨੇ ਸਬਦ ਉਚਾਰਣ ਕੀਤਾ ਜਿਸ ਨੂੰ ਸੁਣਕੇ ਬਾਬਰ ਪਸੀਜ਼ ਗਿਆ ਅਤੇ ਬਾਬੇ ਤੋਂ ਇਕ ਬਖਸ਼ਿਸ਼ ਦੀ ਮੰਗ ਕੀਤੀ। 'ਤਾ ਬਾਬੇ ਕਹਿਆ ਤੇਰੀ ਪਾਤਸਾਹੀ ਚਿਰ ਤਾਈ ਚਲੇਗੀ'। ਦਸਮ ਗਰੰਥ ਵਿਚ ਵੀ ਜ਼ਿਕਰ ਮਿਲਦਾ ਹੈ: "ਬਾਬੇ ਕੇ ਬਾਬਰ ਕੇ ਦੋਊ ਆਪ ਕਰੇ ਪਰਮੇਸ਼ਰ ਸੋਊ।" ਇਕ ਦੰਦਕਥਾ ਪੰਜਾਬ ਭਰ ਵਿਚ ਮਸ਼ਹੂਰ ਹੈ ਕਿ ਬਾਬੇ ਨਾਨਕ ਦੀ ਕ੍ਰਿਪਾ ਦ੍ਰਿਸ਼ਟੀ ਸਦਕਾ ਹੀ ਬਾਬਰ ਦਾ ਮੁਗ਼ਲ ਖਾਨਦਾਨ ਸਭ ਪੁਸ਼ਤਾਂ ਤੱਕ ਹਿੰਦੁਸਤਾਨ ਉਪਰ ਰਾਜ ਕਰਦਾ ਰਿਹਾ।

ਅੱਜ ਕੱਲ ਦੇ ਖੋਜੀ ਵਿਗਿਆਨੀ ਇਸ ਧਾਰਣਾ ਦੇ ਮੁਦਈ ਹਨ ਕਿ ਗੁਰੂ ਗ੍ਰੰਥ ਸਾਹਿਬ ਹੀ ਗੁਰੂ ਨਾਨਕ ਦੇ ਅਵਲੋਕਨ ਦੀ ਸਹੀ ਪੇਸ਼ਕਾਰੀ ਕਰਦਾ ਹੈ। ਭਾਈ ਗੁਰਦਾਸ ਦੀ ਰਚਨਾ ਵੀ ਵੇਦਾਂਤ ਤੋਂ ਪ੍ਰਭਾਵਤ ਹੋਈ ਹੈ ਅਤੇ ਗੁਰਬਾਣੀ ਦੀ ਸਹੀ ਵਿਆਖਿਆ ਨਹੀਂ ਕਰਦੀ। ਜਿਥੋਂ ਤੱਕ ਜਮਨਸਾਖੀਆਂ ਦਾ ਖੇਤਰ ਹੈ, ਇਸ ਬਾਰੇ ਸਭ ਵਿਦਵਾਨ ਇਕਮੱਤ ਹਨ ਕਿ ਇਨ੍ਹਾਂ ਵਿਚਲੀਆਂ ਬਹੁਤੀਆਂ ਘਟਨਾਵਾਂ ਮਨੋਕਲਪਿਤ ਤੱਥਾਂ ਤੇ ਅਧਾਰਿਤ ਹਨ। ਇਹ ਸ਼ਰਧਾਵਾਨ ਸਿੱਖਾਂ ਨੇ ਆਪਣੇ ਗੁਰੂ ਦੀ ਵਡਿਆਈ ਵਿਚ ਲਿਖੀਆਂ ਹਨ ਅਤੇ ਗੁਰਬਾਣੀ ਦੇ ਆਸ਼ੇ ਦੇ ਵਿਪਰੀਤ ਹਨ। ਉਪਰ ਦੱਸੀ ਸਾਖੀ ਵਿਚ ਗੁਰੂ ਨਾਨਕ ਸਿੱਖਾਂ ਦਾ ਲੰਗਰ ਬੰਦ ਕਰਵਾ ਦਿੰਦਾ ਹੈ, ਆਪ ਤਪ ਸਾਧਨਾ ਕਰਦਾ ਹੈ, ਜਦਕਿ ਇਹ ਦੋਵੇਂ ਗੱਲਾਂ ਗੁਰੂ ਆਸ਼ੇ ਅਤੇ ਗੁਰਬਾਣੀ ਦੇ ਵਿਪਰੀਤ ਹਨ।

***



Academy of the Punjab in North America: http://www.apnaorg.com

# 20.

# ਪੰਜਾਬ ਦੇ ਪਾਣੀਆਂ ਵਿਚ ਘੁਲਿਆ ਯੂਰੇਨੀਅਮ ਅਤੇ ਹੋਰ ਧਾਤਾਂ ਦਾ ਜ਼ਹਿਰ

ਅੱਜ ਤੋਂ ਪੂਰੇ ਸੌ ਸਾਲ ਪਹਿਲਾਂ ਪੰਜਾਬ ਦੇ ਮਹਾਨ ਕਵੀ ਅਤੇ ਚਿੰਤਕ ਪ੍ਰੋ. ਪੂਰਨ ਸਿੰਘ ਨੇ ਆਪਣੀ ਇਕ ਕਵਿਤਾ 'ਪੰਜਾਬ ਦੀ ਅਹੀਰਨ ਇਕ ਗੋਹੇ ਥੱਪਦੀ' ਵਿਚ ਪੰਜਾਬ ਦੀ ਹਵਾ ਅਤੇ ਪਾਣੀ ਬਾਰੇ ਕੁੱਝ ਇਸ ਤਰ੍ਹਾਂ ਲਿਖਿਆ ਸੀ :

*"ਓਏ! ਕਿਧਰੇ ਨਹੀਂ ਲੱਗਦੀ ਹਵਾ ਠੰਡੀ ਪੰਜਾਬ ਵਾਲੀ। ਕਿਧਰੇ ਦਾ ਪਾਣੀ ਮੈਨੂੰ ਨਾ ਇਹੋ ਜਿਹਾ ਮਿੱਠਾ ਤੇ ਮਾਫ਼ਕ।"*

ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੋਇਆ ਕਰਦੀ ਸੀ ਅਤੇ ਇਹ ਦਰਿਆ ਹਿਮਾਲਾ ਪਰਬਤ ਦੀ ਗੋਦ ਵਿਚੋਂ ਠੰਡਾ-ਮਿੱਠਾ ਪਾਣੀ ਲੈ ਕੇ ਪੰਜਾਬ ਦੇ ਮੈਦਾਨਾਂ ਵਿਚ ਉਤਰਦੇ ਸਨ। ਹਵਾ ਅਤੇ ਪਾਣੀ ਦੀ ਅਹਿਮੀਅਤ ਬਾਰੇ ਬਾਬੇ ਨਾਨਕ ਨੇ ਜਪੁਜੀ ਦੇ ਸਲੋਕ ਵਿਚ ਉਚਾਰਿਆ ਹੈ :

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।(ਗੁਰੂ ਗ੍ਰੰਥ ਸਾਹਿਬ, ਪੰਨਾ 8)*

ਹਵਾ ਅਤੇ ਪਾਣੀ ਬਗੈਰ ਧਰਤੀ ਉਪਰ ਜੀਵਨ ਦੀ ਪ੍ਰਕ੍ਰਿਆ ਨਾ-ਮੁਮਕਿਨ ਹੈ। ਸੋ ਇਨ੍ਹਾਂ ਦੀ ਸ਼ੁੱਧਤਾ ਅਤੀ ਜ਼ਰੂਰੀ ਹੈ। 1990 ਵਿਚ ਭਾਭਾ ਐਟੋਮਿਕ ਖੋਜ ਕੇਂਦਰ ਟਰੰਬੇ ਵੱਲੋਂ ਮੈਨੂੰ ਇਕ ਪ੍ਰੋਜੈਕਟ ਮਿਲਿਆ ਸੀ ਜਿਸ ਤਹਿਤ ਅਸੀਂ ਪੰਜਾਬ ਦੇ ਤਿੰਨ ਸੌ ਪਿੰਡਾਂ ਦਾ ਸਰਵੇ ਕਰਕੇ ਇਕ ਰੀਪੋਰਟ ਤਿਆਰ ਕੀਤੀ ਸੀ ਜਿਸ ਵਿਚ ਹਵਾ ਅਤੇ ਪਾਣੀ ਵਿਚ ਰੇਡੀਏਸ਼ਨ ਦੀ ਮਾਤਰਾ ਨਿਰਧਾਰਤ ਕੀਤੀ ਗਈ ਸੀ। ਮੁਢਲੇ ਸਰਵੇਖਣ ਤੋਂ ਪਤਾ ਲੱਗਾ ਸੀ ਕਿ ਪੰਜਾਬ ਦੇ ਮਾਲਵਾ ਇਲਾਕੇ ਵਿਚ ਰੇਡਾਨ ਗੈਸ, ਜੋ ਯੂਰੇਨੀਅਮ ਤੋਂ ਪੈਦਾ ਹੁੰਦੀ ਹੈ, ਦੀ ਮਾਤਰਾ ਵਧੇਰੇ ਹੈ। ਇਸ ਗੈਸ ਤੋਂ ਨਿਕਲੀ ਰੇਡੀਏਸ਼ਨ ਸਿਹਤ ਲਈ ਹਾਨੀਕਾਰਕ ਸਿੱਧ ਹੁੰਦੀ ਹੈ ਅਤੇ ਕੈਂਸਰ ਰੋਗ ਨੂੰ ਜਨਮ ਦਿੰਦੀ ਹੈ। ਇਹ ਪ੍ਰੋਜੈਕਟ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਅਜੇ ਵੀ ਚੱਲ ਰਿਹਾ ਹੈ ਅਤੇ ਮੇਰੇ ਤੋਂ ਟਰੇਨਿੰਗ ਲੈ ਚੁੱਕੇ ਖੋਜੀ ਇਸ ਉਪਰ ਕੰਮ ਕਰ ਰਹੇ ਹਨ।



Academy of the Punjab in North America: http://www.apnaorg.com

ਕਹਾਵਤ ਹੈ 'ਘਰ ਦਾ ਜੋਗੀ ਜੋਗੜਾ, ਬਾਹਰ ਦਾ ਜੋਗੀ ਸਿੱਧ'। ਕੁਝ ਇਸੇ ਤਰ੍ਹਾਂ ਹੀ ਸਾਡੀ ਰੀਪੋਰਟ ਨਾਲ ਹੋਇਆ। ਪਰੰਤੂ ਜਦੋਂ ਮਾਰਚ 2009 ਵਿਚ ਦੱਖਣੀ ਅਫ਼ਰੀਕਾ ਤੋਂ ਇਕ ਖੋਜੀ ਡਾਕਟਰ ਬੀਬੀ ਕੇਰਿਨ ਸਮਿੱਟ (Carin Smit) ਨੇ ਟ੍ਰੀਬਿਊਨ ਵਿਚ ਆਪਣੀ ਰੀਪੋਰਟ ਪੇਸ਼ ਕੀਤੀ ਤਾਂ ਪੰਜਾਬ ਅਤੇ ਭਾਰਤ ਦੀ ਪਾਰਲੀਮੈਂਟ ਵਿਚ ਹਾਹਾਕਾਰ ਮੱਚ ਗਈ। ਕੇਰਿਨ ਸਮਿੱਟ ਨੇ ਦੱਸਿਆ ਕਿ ਫਰੀਦਕੋਟ ਦੇ ਮੰਦਬੁੱਧੀ ਬੱਚਿਆਂ ਦੇ ਵਾਲਾਂ ਅਤੇ ਪਿਸ਼ਾਬ ਵਿਚ ਯੂਰੇਨੀਅਮ ਦੀ ਮਾਤਰਾ ਸੇਫ਼ਟੀ ਲਿਮਿਟ (ਬਚਾਓ ਦੀ ਸੀਮਾ) ਤੋਂ 60 ਗੁਣਾਂ ਵਧੇਰੇ ਹੈ। ਇਸ ਰੀਪੋਰਟ ਉਪਰੰਤ ਭਾਭਾ ਖੋਜ ਕੇਂਦਰ ਦੇ ਵਿਗਿਆਨੀ ਅਤੇ ਮੇਰੀ ਟੀਮ ਦੇ ਖੋਜੀ ਇਕ ਮੁਹਿੰਮ ਤਹਿਤ ਪੰਜਾਬ ਦੇ ਪਾਣੀਆਂ ਦਾ ਸਰਵੇਖਣ ਕਰਨ ਲਈ ਜੁੱਟ ਗਏ। ਪਿਛਲੇ ਦਸ ਸਾਲਾਂ ਦੇ ਸਿੱਟੇ ਖੋਜ ਰਸਾਲਿਆਂ ਵਿਚ ਛਪ ਚੁੱਕੇ ਹਨ। ਪੰਜਾਬ ਹਾਈ ਕੋਰਟ ਵਿਚ ਜਨ-ਹਿੱਤ ਪੈਟੀਸ਼ਨ (ਪੀ.ਆਈ.ਐਲ) ਤਹਿਤ ਇਸ ਮੁੱਦੇ ਉੱਪਰ ਇੱਕ ਮੁਕੱਦਮਾ ਵੀ ਚੱਲ ਰਿਹਾ ਹੈ।

19 ਮਾਰਚ 2017 ਨੂੰ ਟਾਟਾ ਮੈਮੋਰੀਅਲ ਹਸਪਤਾਲ ਮੁੰਬਈ ਦੇ ਦੋ ਡਾਕਟਰਾਂ, ਅਨਿਲ ਡੀਕਰੂਜ਼ ਅਤੇ ਰਾਜੇਸ਼ ਦਿਕਸ਼ਿਤ, ਦਾ ਹਾਸੋਹੀਣਾ ਬਿਆਨ ਛਪਿਆ ਹੈ ਜਿਸ ਵਿਚ ਉਹ ਕਹਿੰਦੇ ਹਨ ਕਿ ਪੰਜਾਬ ਦਾ ਮਾਲਵਾ ਖੇਤਰ ਕੈਂਸਰ ਤੋਂ ਬਹੁਤ ਘੱਟ ਪੀੜਤ ਹੈ। ਕੈਂਸਰ ਦਾ ਕਾਰਨ ਯੂਰੇਨੀਅਮ ਨਹੀਂ ਬਲਕਿ ਪੰਜਾਬੀਆਂ ਦੀ ਜੀਵਨ ਪ੍ਰਣਾਲੀ ਹੈ ਜਿਸ ਅਧੀਨ ਉਹ ਤੰਬਾਕੂ ਅਤੇ ਸ਼ਰਾਬ ਦਾ ਸੇਵਨ ਕਰਦੇ ਹਨ ਅਤੇ ਵੱਡੀ ਉਮਰ ਵਿਚ ਸ਼ਾਦੀ ਕਰਵਾਉਂਦੇ ਹਨ। ਜੇਕਰ ਭਾਰਤ ਦੇ ਬਾਕੀ ਸੂਬਿਆਂ ਨਾਲ ਮੁਕਾਬਲਾ ਕੀਤਾ ਜਾਵੇ ਤਾਂ ਇਹ ਇਲਜਾਮ ਝੂਠੇ ਸਿੱਧ ਹੁੰਦੇ ਹਨ। ਮੇਰੀ ਰੀਪੋਰਟ ਅੰਗਰੇਜੀ ਟ੍ਰੀਬਿਊਨ ਵਿਚ 10 ਅਪ੍ਰੈਲ ਨੂੰ ਛਪੀ ਸੀ ਅਤੇ ਪੰਜਾਬ ਦੇ ਪਾਣੀਆਂ ਵਿਚ ਘੁਲੇ ਜ਼ਹਿਰ ਦੀ ਸਹੀ ਤਸਵੀਰ ਪੇਸ਼ ਕਰਦੀ ਹੈ ਜੋ ਕੁਝ ਇਸ ਤਰ੍ਹਾਂ ਹੈ :

1. ਪੰਜਾਬ ਦੇ ਮਾਲਵਾ ਖੇਤਰ ਵਿਚ ਧਰਤੀ ਹੇਠਲੇ ਪਾਣੀ ਵਿਚ ਯੂਰੇਨੀਅਮ ਦੀ ਮਾਤਰਾ ਬਚਾਓ ਸੀਮਾ ਤੋਂ ਦਸ ਗੁਣਾਂ ਵਧੇਰੇ ਹੈ। ਫਾਜ਼ਿਲਕਾ, ਮੋਗਾ, ਬਰਨਾਲਾ, ਸੰਗਰੂਰ, ਮਾਨਸਾ ਅਤੇ ਬਠਿੰਡਾ ਦੇ ਜ਼ਿਲ੍ਹੇ ਇਸ ਖੇਤਰ ਵਿਚ ਸ਼ਾਮਲ ਹਨ। ਵੱਧ ਯੂਰੇਨੀਅਮ ਦੀ ਮਾਤਰਾ ਦਾ ਕੀ ਕਾਰਨ ਹੈ ? ਇਸ ਬਾਰੇ ਵੱਖ-ਵੱਖ ਰਾਵਾਂ ਹਨ ਅਤੇ ਖੋਜੀਆਂ ਵਿਚਕਾਰ ਕੋਈ ਸਹਿਮਤੀ ਨਹੀਂ ਬਣ ਸਕੀ। ਇਕ ਧੜਾ ਕਹਿੰਦਾ ਹੈ ਕਿ ਹਰੇ ਇਨਕਲਾਬ ਕਾਰਨ ਧਰਤੀ ਅੰਦਰ ਖਾਦਾਂ ਅਤੇ ਕੀਟ-ਨਾਸ਼ਕ ਦਵਾਈਆਂ ਅਤੇ ਕੈਮੀਕਲਜ਼ ਦੀ ਅਧਿੱਕਤਰ ਮਾਤਰਾ ਜਮਾਂ ਹੋ ਚੁੱਕੀ ਹੈ ਜਿਸ ਨੇ ਪੰਜਾਬ ਦੇ ਪਾਣੀਆਂ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ। ਯੂਰੇਨੀਅਮ, ਆਰਸੈਨਿਕ, ਸੀਲੀਨੀਅਮ ਅਤੇ ਹੋਰ ਧਾਤਾਂ ਧਰਤੀ ਹੇਠਲੇ ਪਾਣੀ ਨੂੰ ਪ੍ਰਦੂਸ਼ਤ ਕਰ ਰਹੀਆਂ ਹਨ। ਇਕ ਹੋਰ ਧੜਾ ਮਾਲਵੇ ਦੀ ਧਰਤੀ ਹੇਠ ਗ੍ਰੇਨਾਈਟ ਪੱਥਰ ਦੀ ਹੋਂਦ ਨੂੰ ਜ਼ਿੰਮੇਵਾਰ ਦੱਸ ਰਿਹਾ ਹੈ। ਕੋਈ ਕਹਿੰਦਾ ਹੈ ਕਿ ਸੇਮ ਨਾਲ ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ। ਇਹ ਸਾਰੀਆਂ ਰਾਵਾਂ ਪੂਰਨ ਸੱਚ ਤੋਂ



Academy of the Punjab in North America: http://www.apnaorg.com

ਦੂਰ ਹਨ ਪ੍ਰੰਭੂ ਪ੍ਰਦੂਸ਼ਣ ਦਾ ਕਾਰਨ ਮੰਨੀਆਂ ਜਾ ਸਕਦੀਆਂ ਹਨ। ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਦਸੂਹਾ ਬਲਾਕ ਵਿਚ ਪੰਦਰਾਂ ਅਜਿਹੇ ਪਿੰਡ ਹਨ ਜਿਨ੍ਹਾਂ ਵਿਚ ਯੂਰੇਨੀਅਮ ਦੀ ਮਾਤਰਾ ਬਚਾਓ ਸੀਮਾ ਤੋਂ 70 ਗੁਣਾਂ ਵਧੇਰੇ ਹੈ। ਕਈ ਮਖੌਲ ਨਾਲ ਕਹਿੰਦੇ ਹਨ ਕਿ ਭਾਰਤ ਦੀ ਪ੍ਰਮਾਣੂ ਊਰਜਾ ਲਈ ਇਥੋਂ ਯੂਰੇਨੀਅਮ ਕੱਢਿਆ ਜਾ ਸਕਦਾ ਹੈ। ਇਸ ਯੂਰੇਨੀਅਮ ਦੇ ਸੋਮੇ ਬਾਰੇ ਸਾਡੀ ਖੋਜ ਜਾਰੀ ਹੈ।

2. ਭਾਰਤ ਅਤੇ ਪੰਜਾਬ ਸਰਕਾਰ ਦੇ ਜਲ ਸਪਲਾਈ ਵਿਭਾਗ ਦੀਆਂ ਰੀਪੋਰਟਾਂ ਛਪ ਚੁੱਕੀਆਂ ਹਨ। ਮੇਰੇ ਵਿਸ਼ਲੇਸ਼ਣ ਤੋਂ ਸਿੱਧ ਹੁੰਦਾ ਹੈ ਕਿ ਪੰਜਾਬ ਭਾਰਤ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਪ੍ਰਾਂਤ ਬਣ ਚੁੱਕਾ ਹੈ। ਯੂਰੇਨੀਅਮ ਦੀ ਔਸਤ ਮਾਤਰਾ 115 ਮਾਈਕਰੋਗ੍ਰਾਮ ਪ੍ਰਤੀ ਲੀਟਰ ਮਿਲਦੀ ਹੈ ਜੋ ਬਾਕੀ ਪ੍ਰਾਂਤਾਂ ਤੋਂ ਵਧੇਰੇ ਹੈ ਅਤੇ ਇਹ ਬਚਾਓ ਸੀਮਾ ਤੋਂ ਲਗਭਗ ਚਾਰ ਗੁਣਾਂ ਵੱਧ ਹੈ।

ਭਾਰੀ ਧਾਤਾਂ, ਜਿਨ੍ਹਾਂ ਵਿਚ ਆਰਸੈਨਿਕ, ਕੈਡਮੀਅਮ, ਲੋਹਾ, ਕੋਬਾਲਟ, ਤਾਂਬਾ, ਕਰੋਮੀਅਮ, ਮੈਂਗਾਨੀਜ਼, ਨਿਕਲ, ਸੀਲੀਨੀਅਮ ਅਤੇ ਪਾਰਾ (ਮਰਕਰੀ) ਸ਼ਾਮਲ ਹਨ, ਪੰਜਾਬ ਦੇ ਪਾਣੀਆਂ ਨੂੰ ਪ੍ਰਦੂਸ਼ਿਤ ਕਰ ਰਹੀਆਂ ਹਨ। ਰੌਂਗਟੇ ਖੜੇ ਕਰਨ ਵਾਲੇ ਅੰਕੜੇ ਪ੍ਰਾਪਤ ਹੋਏ ਹਨ ਜੋ ਦੱਸਦੇ ਹਨ ਕਿ ਭਾਰਤ ਦੇ ਕੁੱਲ 1997 ਪਿੰਡਾਂ ਵਿੱਚੋਂ 1990 ਪਿੰਡ ਪੰਜਾਬ ਵਿਚ ਹਨ ਜਿਨ੍ਹਾਂ ਦਾ ਪਾਣੀ ਭਾਰੀ ਧਾਤਾਂ ਕਾਰਨ ਪ੍ਰਦੂਸ਼ਿਤ ਹੋ ਚੁੱਕਾ ਹੈ। ਲੋਹੜਾ ਰੱਬ ਦਾ ਭਾਰੀ ਧਾਤਾਂ ਦਾ ਜ਼ਹਿਰ ਕੇਵਲ ਪੰਜਾਬ ਦੇ ਪਾਣੀਆਂ ਵਿਚ ਹੀ ਮਿਲਦਾ ਹੈ। ਸਭ ਨੂੰ ਪਤਾ ਹੈ ਕਿ ਚੂਹੇ ਮਾਰ ਦਵਾਈਆਂ ਵਿਚ ਆਰਸੈਨਿਕ ਅਤੇ ਹੋਰ ਧਾਤਾਂ ਦੀ ਵਰਤੋਂ ਹੁੰਦੀ ਹੈ। ਜੇਕਰ ਇਹ ਪਾਣੀਆਂ ਵਿਚ ਮਿਲ ਜਾਣ ਤਾਂ ਪੰਜਾਬ ਦੇ ਲੋਕਾਂ ਦੀ ਸਿਹਤ ਲਈ ਹਾਨੀਕਾਰਕ ਸਿੱਧ ਹੋਣਗੀਆਂ। ਕੈਂਸਰ ਤੋਂ ਇਲਾਵਾ ਹੋਰ ਕਈ ਭਿਆਨਕ ਰੋਗ ਇਨ੍ਹਾਂ ਧਾਤਾਂ ਦੀ ਬਹੁਤਾਤ ਕਾਰਨ ਪੈਦਾ ਹੁੰਦੇ ਹਨ। ਬਚਾਓ ਸੀਮਾ ਦੇ ਅੰਦਰ ਇਹ ਧਾਤਾਂ ਸਾਡੀ ਸਿਹਤ ਲਈ ਲਾਹੇਵੰਦ ਸਿੱਧ ਹੁੰਦੀਆਂ ਹਨ ਪਰੰਤੂ ਮਾਝੇ ਦੇ ਖੇਤਰ (ਅੰਮ੍ਰਿਤਸਰ, ਤਰਨਤਾਰਨ ਅਤੇ ਗੁਰਦਾਸਪੁਰ) ਵਿਚ ਆਰਸੈਨਿਕ ਅਤੇ ਸੀਲੀਨੀਅਮ ਬਚਾਓ ਸੀਮਾ ਤੋਂ ਕਿਤੇ ਵਧੇਰੇ ਹੈ। ਲੁਧਿਆਣਾ, ਜਲੰਧਰ, ਕਪੂਰਥਲਾ ਅਤੇ ਪਟਿਆਲਾ ਜ਼ਿਲ੍ਹਿਆਂ ਦੇ ਪਿੰਡ ਵੀ ਭਾਰੀ ਧਾਤਾਂ ਦੀ ਮਾਰ ਹੇਠ ਆ ਚੁੱਕੇ ਹਨ। ਸਭ ਨੂੰ ਪਤਾ ਹੈ ਕਿ ਲੁਧਿਆਣੇ ਸ਼ਹਿਰ 'ਚੋਂ ਲੰਘ ਰਿਹਾ ਬੁੱਢਾ ਨਾਲ਼ਾ ਜ਼ਹਿਰੀਲੇ ਪਾਣੀ ਦਾ ਸਰੋਤ ਬਣ ਚੁੱਕਾ ਹੈ ਅਤੇ ਇਸ ਵਿਚ ਕੈਡਮੀਅਮ, ਕਰੋਮੀਅਮ, ਨਿਕਲ ਅਤੇ ਪਾਰੇ ਦੀ ਅਧਿੱਕਤਰ ਮਾਤਰਾ ਪਾਈ ਜਾਂਦੀ ਹੈ।

3. ਭਾਰੀ ਧਾਤਾਂ ਅਤੇ ਯੂਰੇਨੀਅਮ ਤੋਂ ਇਲਾਵਾ ਪੰਜਾਬ ਦੇ ਪਾਣੀਆਂ ਵਿਚ ਕੁੱਝ ਹੋਰ ਤੱਤ ਵੀ ਖਤਰਨਾਕ ਹੱਦ ਤੱਕ ਮਿਲਦੇ ਹਨ। ਉਦਾਹਰਣ ਲਈ, ਪਟਿਆਲਾ ਜ਼ਿਲ੍ਹੇ ਦੇ ਪਿੰਡਾਂ



Academy of the Punjab in North America: http://www.apnaorg.com

ਦੇ ਪਾਣੀ ਵਿਚ ਫਲੋਰਾਈਡ ਦੀ ਮਾਤਰਾ ਬਹੁਤ ਵਧੇਰੇ ਹੈ ਜਿਸ ਤੋਂ ਫਲੋਰੋਸਿਸ ਦੀ ਬੀਮਾਰੀ ਪੈਦਾ ਹੁੰਦੀ ਹੈ ਅਤੇ ਹੱਡੀਆਂ ਟੇਡੀਆਂ ਹੋ ਜਾਂਦੀਆਂ ਹਨ। ਇਸ ਜ਼ਿਲ੍ਹੇ ਦੇ ਦੋ ਪਿੰਡ, ਪੈਹਰ ਕਲਾਂ ਅਤੇ ਪੈਹਰ ਖੁਰਦ, ਪ੍ਰਦੂਸ਼ਤ ਪਾਣੀਆਂ ਦੀ ਲਿਸਟ ਵਿਚ ਮੋਹਰੀ ਹਨ। ਦੋਹਾਂ ਪਿੰਡਾਂ ਦੇ ਪਾਣੀਆਂ ਵਿਚ ਸਲਫੇਟ, ਕੈਲਸ਼ੀਅਮ ਅਤੇ ਮੈਗਨੀਸ਼ੀਅਮ ਦੀ ਮਾਤਰਾ ਪੰਜਾਬ ਦੇ ਬਾਕੀ ਪਿੰਡਾਂ ਨਾਲੋਂ ਵਧੇਰੇ ਹੈ। ਜਿਸ ਤਰ੍ਹਾਂ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਬਚਾਓ ਸੀਮਾ ਤੋਂ ਵਧੇਰੇ ਮਾਤਰਾ ਸਿਹਤ ਲਈ ਬਹੁਤ ਹਾਨੀਕਾਰਕ ਸਿੱਧ ਹੁੰਦੀ ਹੈ।

ਕੀ ਸਾਡੇ ਪਾਸ ਪੰਜਾਬ ਲਈ ਬਚਾਓ ਦੇ ਕੁਝ ਸਾਧਨ ਹਨ ? ਸਭ ਤੋਂ ਸੌਖਾ ਹੱਲ ਪੀਣ ਦੇ ਪਾਣੀ ਦੀ ਸ਼ੁੱਧਤਾ ਲਈ ਨਹਿਰੀ ਪਾਣੀ ਦੀ ਵਰਤੋਂ ਹੈ। ਆਰ ਓ (R.O) ਸਿਸਟਮ ਪਾਣੀ ਵਿਚੋਂ ਯੂਰੇਨੀਅਮ ਅਤੇ ਹੋਰ ਧਾਤਾਂ ਨੂੰ ਕੱਢਣ ਵਿਚ ਸਹਾਈ ਹੁੰਦਾ ਹੈ। ਜੇਕਰ ਪੰਜਾਬ ਸਰਕਾਰ ਇਸ ਮੁੱਦੇ ਉਪਰ ਹੀ ਆਪਣਾ ਪੱਖ ਪੇਸ਼ ਕਰੇ ਕਿ ਪ੍ਰਦੂਸ਼ਿਤ ਪਾਣੀਆਂ ਤੋਂ ਪੰਜਾਬ ਨੂੰ ਨਿਜ਼ਾਤ ਦਵਾਉਣ ਲਈ ਐਸ.ਵਾਈ.ਐਲ ਦਾ ਮਸਲਾ ਨਜਿੱਠਿਆ ਜਾਵੇ ਤਾਂ ਪੰਜਾਬ ਦਾ ਭਲਾ ਹੋਵੇਗਾ।

***



Academy of the Punjab in North America: http://www.apnaorg.com

# 21.

# ਅਰਬਦ ਨਰਬਦ ਧੁੰਧੂਕਾਰਾ

26 ਫ਼ਰਵਰੀ (2017) ਐਤਵਾਰ ਦੇ ਰੋਜ਼ਾਨਾ ਸਪੋਕਸਮੈਨ ਵਿਚ ਬਾਨੀ ਸੰਪਾਦਕ ਸ. ਜੋਗਿੰਦਰ ਸਿੰਘ ਦਾ ਲੇਖ 'ਮੇਰੀ ਨਿੱਜੀ ਡਾਇਰੀ ਦੇ ਪੰਨੇ' ਲੜੀ ਹੇਠ ਛਪਿਆ ਹੈ ਜਿਸ ਵਿਚ ਬਾਬੇ ਨਾਨਕ ਨੂੰ ਇਕ ਮਹਾਂ-ਵਿਗਿਆਨੀ ਸਿੱਧ ਕੀਤਾ ਗਿਆ ਹੈ। ਫ਼ਰਵਰੀ ਦੇ ਮਹੀਨੇ ਵਿਗਿਆਨੀਆਂ ਨੇ ਧਰਤੀ ਵਰਗੇ 7 ਹੋਰ ਪਲੇਨੈਟ ਲੱਖਾਂ ਕਰੋੜਾਂ ਰੌਸ਼ਨੀ ਵਰ੍ਹਿਆਂ ਦੀ ਵਿੱਥ ਉਪਰ ਲੱਭੇ ਹਨ। ਕਿਆਸ ਲਗਾਇਆ ਜਾ ਰਿਹਾ ਹੈ ਕਿ ਇਨ੍ਹਾਂ ਉਪਰ ਜੀਵਨ ਦੀ ਪ੍ਰਕਿਰਿਆ ਆਰੰਭ ਹੋ ਚੁੱਕੀ ਹੈ ਕਿ ਨਹੀਂ ? ਸ. ਜੋਗਿੰਦਰ ਸਿੰਘ ਦੇ ਇਹ ਬੋਲ ਸੋਲਾਂ ਆਨੇ ਸੱਚ ਨੂੰ ਬਿਆਨ ਕਰਦੇ ਹਨ, ਬਾਬੇ ਨਾਨਕ ਨੇ ਅੱਜ ਦੇ ਸਾਇੰਸਦਾਨਾਂ ਦੀ ਖੋਜ ਨੂੰ ਜਪੁ ਬਾਣੀ ਵਿਚ ਇਸ ਤਰ੍ਹਾਂ ਪ੍ਰਗਟ ਕੀਤਾ ਸੀ :

*ਧਰਤੀ ਹੋਰੁ ਪਰੈ ਹੋਰੁ ਹੋਰੁ ਤਿਸ ਤੇ ਭਾਰੁ ਤਲੈ ਕਵਣੁ ਜੋਰੁ ।*
*ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥*

ਐਡੀਟਰ ਹੋਰਾਂ ਇਕ ਨਿਹੋਰਾ ਵੀ ਮਾਰਿਆ ਸੀ : "ਸਾਡੇ ਮਹਾਂ-ਵਿਗਿਆਨੀ ਬਾਬੇ ਨਾਨਕ ਦੀ ਬਾਣੀ ਨੂੰ ਯਾਦ ਕਰ ਕੇ ਉਸ ਦੇ 'ਸਿੱਖਾਂ' ਨੇ ਵੀ ਕੋਈ ਮਾਣ ਨਹੀਂ ਪ੍ਰਗਟ ਕੀਤਾ। ਕਿਉਂ ਪਰ ? ਕਿਸੇ ਹੋਰ ਕੌਮ ਦੇ ਬਾਨੀ ਦੀ ਗੱਲ ਸਾਇੰਸਦਾਨਾਂ ਨੇ ਸੱਚ ਕਰ ਕੇ ਵਿਖਾਈ ਹੁੰਦੀ ਤਾਂ ਉਨ੍ਹਾਂ ਨੇ ਅਸਮਾਨ ਸਿਰ ਤੇ ਚੁੱਕ ਲੈਣਾ ਸੀ ਪਰ ਸਿੱਖਾਂ ਨੂੰ ਤਾਂ ਕੋਈ ਖ਼ੁਸ਼ੀ ਹੀ ਨਹੀਂ ਹੋਈ ਲਗਦੀ।" ਅੱਗੇ ਜਾ ਕੇ ਲੇਖ ਵਿਚ ਇਕ ਗਿਲਾ ਵੀ ਕੀਤਾ ਹੈ ਕਿ "ਦੁਨੀਆਂ ਦੇ ਕਿਸੇ ਵੀ ਧਰਮ ਜਾਂ ਫਲਸਫ਼ੇ ਦੇ ਬਾਨੀ ਪ੍ਰਤੀ ਏਨੀ ਬੇਰੁਖੀ ਉਸ ਦੇ ਪੈਰੋਕਾਰਾਂ ਨੇ ਨਹੀਂ ਵਿਖਾਈ ਜਿੰਨੀ ਸਿੱਖਾਂ ਨੇ ਅਪਣੇ ਬਾਨੀ ਪ੍ਰਤੀ ਵਿਖਾਈ ਹੈ। ਗੁਰਦਵਾਰੇ ਵਿਚ ਬਾਬੇ ਨਾਨਕ ਦੀ ਇਕ ਵੀ ਗੱਲ ਅਮਲ ਵਿਚ ਲਿਆਂਦੀ ਗਈ ਵੇਖਣ ਨੂੰ ਨਹੀਂ ਮਿਲਦੀ। ਸਿੱਖ ਕੌਮ ਦਾ ਵਿਕਾਸ ਵੀ ਇਸੇ ਲਈ ਰੁਕਿਆ ਹੋਇਆ ਹੈ, ਸਗੋਂ ਕੌਮ ਪਿੱਛੇ ਵਲ ਜਾ ਰਹੀ ਹੈ।"

ਇਹ ਲੇਖ ਪੜ੍ਹ ਕੇ ਮੈਨੂੰ ਅਤਿਅੰਤ ਖ਼ੁਸ਼ੀ ਤੇ ਚਿੰਤਾ ਵੀ ਹੋਈ। ਖ਼ੁਸ਼ੀ ਇਸ ਗੱਲ ਦੀ ਹੈ ਕਿ ਸਿੱਖ ਕੌਮ ਨੂੰ ਹਲੂਣਾ ਦੇਣ ਲਈ 'ਸਪੋਕਸਮੈਨ' ਹਮੇਸ਼ਾ ਤੱਤਪਰ ਰਿਹਾ ਹੈ। 5 ਮਾਰਚ ਦੇ ਸਪੋਕਸਮੈਨ ਵਿਚ 'ਉਚਾ ਦਰ ਬਾਬੇ ਨਾਨਕ ਦਾ' ਦੀ ਅਹਿਮੀਅਤ ਬਾਰੇ ਦਸਿਆ ਗਿਆ ਹੈ ਕਿ ਬਾਬੇ ਨਾਨਕ ਦੀ ਅਪਣੀ ਉਚਾਰੀ ਬਾਣੀ ਵਿਚੋਂ ਬਾਬੇ ਨਾਨਕ ਦੇ ਦੀਦਾਰ ਕਰਵਾਏ ਜਾਣ



Academy of the Punjab in North America: http://www.apnaorg.com

ਤੇ ਫਿਰ ਪੁਛਿਆ ਜਾਵੇ ਕਿ ਕੀ ਇਹੀ ਕੁੱਝ ਨਹੀਂ ਸੀ ਜਿਸ ਨੂੰ ਵੇਖਣ ਸੁਣਨ ਲਈ 'ਸਿੱਖ' ਬੜੀ ਦੇਰ ਤੋਂ ਭਟਕ ਰਹੇ ਸਨ ?

ਚਿੰਤਾ ਬਾਰੇ ਵੀ ਦਸਣਾ ਬਣਦਾ ਹੈ। ਸਿੱਖ ਧਰਮ ਦੇ ਫ਼ਲਸਫ਼ੇ ਨੂੰ ਵਿਸ਼ਵ ਪੱਧਰ ਉਪਰ ਪ੍ਰਚਾਰਨ ਅਤੇ ਪ੍ਰਸਾਰਨ ਲਈ ਗੁਰੂ ਨਾਨਕ ਦੇਵ ਯੂਨੀਵਰਸਟੀ ਅੰਮ੍ਰਿਤਸਰ (1969) ਹੋਂਦ ਵਿਚ ਆਈ। ਇਸ ਦੇ ਐਕਟ ਵਿਚ ਇਹ ਉਚੇਚਾ ਵਿਵਰਣ ਮਿਲਦਾ ਹੈ ਅਤੇ ਇਸ ਦਾ ਪ੍ਰਯੋਜਨ ਵੀ ਬਾਬੇ ਨਾਨਕ ਦੀ ਬਾਣੀ ਉਤੇ ਅਧਾਰਤ ਖੋਜ ਦੁਆਰਾ ਬਾਬੇ ਨਾਨਕ ਦੀ ਗੱਲ ਵਿਸ਼ਵ ਭਰ ਵਿਚ ਪੁੱਜਦੀ ਕਰਨਾ ਹੈ। ਇਸ ਮੰਤਵ ਲਈ ਡਾ. ਮਨਮੋਹਨ ਸਿੰਘ (ਸਾਬਕਾ ਪ੍ਰਧਾਨ ਮੰਤਰੀ) ਹੋਰਾਂ 50 ਕਰੋੜ ਦੀ ਸਪੈਸ਼ਲ ਗ੍ਰਾਂਟ ਵੀ ਮੁਹਈਆ ਕਰਵਾਈ। ਇਸੇ ਤਰ੍ਹਾਂ ਹੀ ਪੰਜਾਬੀ ਯੂਨੀਵਰਸਟੀ ਪਟਿਆਲਾ ਵਿਚ 'ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ' ਤੇ ਸਿੱਖ ਧਰਮ ਦੇ ਵਿਭਾਗ ਸਥਾਪਤ ਕੀਤੇ ਮਿਲਦੇ ਹਨ। ਸ਼੍ਰੋਮਣੀ ਕਮੇਟੀ ਦੀ ਦੇਖ-ਰੇਖ ਵਿਚ ਬਹਾਦਰਗੜ੍ਹ ਵਿਖੇ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ਼ ਸਿੱਖ ਰਿਲੀਜ਼ਨ ਵੀ ਹੋਂਦ ਵਿਚ ਆ ਚੁੱਕਾ ਹੈ। ਅੱਧੀ ਦਰਜਨ ਦੇ ਕਰੀਬ ਸਿੱਖ ਮਿਸ਼ਨਰੀ ਕਾਲਜ ਵੀ ਚੱਲ ਰਹੇ ਹਨ। ਸਿੱਖਾਂ ਦੇ ਪੈਸੇ ਨਾਲ ਅਮਰੀਕਾ ਤੇ ਕੈਨੇਡਾ ਦੀਆਂ ਯੂਨੀਵਰਸਟੀਆਂ ਵਿਚ ਦਰਜਨ ਦੇ ਕਰੀਬ 'ਸਿੱਖ ਚੇਅਰਜ਼' ਕਾਇਮ ਕੀਤੀਆਂ ਗਈਆਂ ਹਨ। ਜੇਕਰ ਇਨ੍ਹਾਂ ਸੱਭ ਦਾ ਨਿਰਪੱਖ ਲੇਖਾ-ਜੋਖਾ ਕੀਤਾ ਜਾਵੇ ਤਾਂ ਮਨ ਵਿਚ ਨਿਰਾਸ਼ਾ ਪੈਦਾ ਹੁੰਦੀ ਹੈ। ਵਿਸ਼ਵ ਪੱਧਰ ਤਾਂ ਦੂਰ ਦੀ ਗੱਲ ਹੈ, ਸਾਡੇ ਅਪਣੇ ਦੇਸ਼ ਵਿਚ ਵੀ ਜੋ ਸਿੱਖੀ ਦਾ ਬੋਲਬਾਲਾ ਗੁਰੂ ਕਾਲ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਹੋਇਆ ਕਰਦਾ ਸੀ, ਉਹ ਹੁਣ ਕਿਧਰੇ ਨਹੀਂ ਲੱਭ ਰਿਹਾ। ਅਕਾਦਮਿਕ ਪੱਧਰ ਉਤੇ ਅਸੀਂ ਉਹ ਕੰਮ ਨਹੀਂ ਕਰ ਸਕਦੇ ਜੋ ਯਹੂਦੀਆਂ ਦੀ ਯੂਰੋਸ਼ਲਮ ਯੂਨੀਵਰਸਟੀ ਅਤੇ ਈਸਾਈ ਧਰਮ ਦੇ ਵਿਦਿਅਕ ਅਦਾਰੇ ਕਰ ਰਹੇ ਹਨ।

ਅੱਜ ਤੋਂ ਪੂਰੇ ਪੰਜਾਹ ਸਾਲ ਪਹਿਲਾਂ ਦੀ ਗੱਲ ਹੈ। 1967 ਦੀਆਂ ਗਰਮੀਆਂ ਵਿਚ ਪਟਿਆਲੇ ਸਿੰਘ ਸਭਾ ਗੁਰਦਵਾਰਾ ਵਿਖੇ ਕੀਰਤਨ ਸਮਾਗਮ ਚੱਲ ਰਿਹਾ ਸੀ। ਮੈਂ ਪੰਜਾਬੀ ਯੂਨੀਵਰਸਟੀ ਵਿਚ ਭੌਤਿਕ ਵਿਗਿਆਨ ਵਿਭਾਗ ਵਿਚ ਅਧਿਆਪਕ ਦਾ ਕੰਮ ਕਰ ਰਿਹਾ ਸਾਂ। ਆਇਨਸਟਾਈਨ ਦੀ ਰੈਲਿਟਿਵਿਟੀ ਥਿਊਰੀ (ਸਾਪੇਖਤਾ ਸਿਧਾਂਤ) ਮੇਰਾ ਮਨਭਾਉਂਦਾ ਵਿਸ਼ਾ ਸੀ। ਕਦੇ ਕਦਾਈਂ ਵਿਦਿਆਰਥੀਆਂ ਨੂੰ ਬ੍ਰਹਿਮੰਡ ਬਾਰੇ ਵੀ ਭਾਸ਼ਣ ਕਰਦਾ ਰਹਿੰਦਾ ਸਾਂ, ਕਿਉਂਕਿ ਬਿੱਗ ਬੈਂਗ ਥਿਊਰੀ ਅਜੇ ਚਰਚਾ ਦਾ ਵਿਸ਼ਾ ਬਣ ਕੇ ਉਭਰੀ ਹੀ ਸੀ। ਮੇਰੀ ਪੁਸਤਕ 'ਬ੍ਰਹਿਮੰਡੀ ਕਿਰਣਾਂ ਦੀ ਕਹਾਣੀ' 1968 ਵਿਚ ਪੰਜਾਬੀ ਯੂਨੀਵਰਸਟੀ ਪਟਿਆਲਾ ਵਲੋਂ ਪਹਿਲੇ ਇਨਾਮ ਦੀ ਹੱਕਦਾਰ ਘੋਸ਼ਿਤ ਹੋ ਚੁਕੀ ਸੀ। ਕੀਰਤਨ ਸਮਾਗਮ ਵਿਚ ਸੰਤ ਮੋਹਨ ਸਿੰਘ ਬਰਾੜੇਵਾਲੇ ਤੂੰਬੀ ਨਾਲ ਸ਼ਬਦ ਪੜ੍ਹ ਰਹੇ ਸਨ (ਉਂਜ ਤੂੰਬੀ ਜਾਂ ਇਕਤਾਰਾ ਗੁਰਦਵਾਰੇ ਵਿਚ ਕੀਰਤਨ ਲਈ ਵਰਤਣਾ ਅਜੀਬ ਲਗਦਾ ਹੈ)। ਸ਼ਬਦ ਦੀ ਧਾਰਨਾ 'ਅਰਬਦ ਨਰਬਦ



Academy of the Punjab in North America: http://www.apnaorg.com

ਧੁੰਧੂਕਾਰਾ' ਨਾਲ ਅਰੰਭ ਹੋਈ ਅਤੇ ਪੂਰੇ ਬੋਲ ਮੇਰੇ ਮਨ ਮਸਤਕ ਵਿਚ ਖਟਕਣ ਲੱਗ ਪਏ ਜੋ ਇਸ ਤਰ੍ਹਾਂ ਸਨ :–

*ਅਰਬਦ ਨਰਬਦ ਧੁੰਧੂਕਾਰਾ। ਧਰਣਿ ਨ ਗਗਨਾ ਹੁਕਮੁ ਅਪਾਰਾ।*
*ਨਾ ਦਿਨ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ।*

(ਮਾਰੂ ਸੋਹਲੇ ਮ: 1, ਪੰਨਾ 1035)

ਮੇਰੀ ਉਤਸੁਕਤਾ ਇਸ ਸ਼ਬਦ ਦੀ ਘੋਖ ਕਰਨ ਦੀ ਹੋਈ। ਜਦੋਂ ਮੈਂ ਮੋਹਨ ਸਿੰਘ ਹੋਰਾਂ ਨੂੰ ਮਿਲਿਆ ਤਾਂ ਉਹ ਕਹਿਣ ਲੱਗੇ ਕਿ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਮਾਰੂ ਰਾਗ ਵਿਚ ਦਰਜ ਹੈ। ਘਰ ਪਰਤ ਕੇ ਮੈਂ ਇਸ ਦੀ ਪੜਤਾਲ ਸ਼ੁਰੂ ਕੀਤੀ ਤਾਂ ਪਤਾ ਲੱਗਾ ਕਿ ਬਾਬਾ ਨਾਨਕ ਤਾਂ ਮਾਰੂ ਸੋਹਲੇ ਦੀ ਬਾਣੀ ਵਿਚ ਬਿੱਗ ਬੈਂਗ ਥਿਊਰੀ ਦੀ ਗੱਲ 550 ਸਾਲ ਪਹਿਲਾਂ ਹੀ ਕਰ ਗਏ ਹਨ। ਬ੍ਰਹਿਮੰਡ ਦੀ ਉਤਪਤੀ ਦਾ ਬਿੱਗ ਬੈਂਗ ਸਿਧਾਂਤ ਦਸਦਾ ਹੈ ਕਿ ਇਹ ਪਸਾਰਾ 13.7 ਅਰਬ ਸਾਲ ਪਹਿਲਾਂ ਗੈਸ ਅਤੇ ਧੁੰਦ ਦੇ ਗੁਬਾਰ ਤੋਂ ਸ਼ੁਰੂ ਹੋਇਆ ਸੀ। ਬਾਬਾ ਨਾਨਕ ਵੀ ਇਸ ਧੁੰਧੂਕਾਰਾ ਦੀ ਸ਼ੁਰੂਆਤ ਅਰਬਾਂ ਸਾਲ ਪਹਿਲਾਂ ਹੋਈ ਬਿਆਨ ਕਰਦੇ ਹਨ। ਉਹ ਕਹਿ ਰਹੇ ਹਨ ਕਿ ਉਦੋਂ ਨਾ ਸੂਰਜ ਅਤੇ ਚੰਦਰਮਾ ਸੀ, ਨਾ ਹੀ ਧਰਤੀ ਅਤੇ ਆਕਾਸ਼ ਸੀ, ਜਿਸ ਕਰ ਕੇ ਦਿਨ ਅਤੇ ਰਾਤ ਦਾ ਚੱਕਰ ਵੀ ਨਹੀਂ ਸੀ। ਇਸ ਪੂਰਨ ਸੁੰਨ ਅਵੱਸਥਾ ਦਾ ਜ਼ਿਕਰ ਵੀ ਮਾਰੂ ਸੋਹਲੇ ਵਿਚ ਹੀ ਮਿਲਦਾ ਹੈ। ਜਦੋਂ ਕੋਈ ਭੌਤਿਕ ਵਿਗਿਆਨੀ ਬਾਬੇ ਨਾਨਕ ਦੇ ਵਿਚਾਰ ਪੜ੍ਹਦਾ ਹੈ ਤਾਂ ਉਹ ਹੈਰਾਨ ਹੋ ਉਠਦਾ ਹੈ। ਬ੍ਰਹਿਮੰਡ ਦੀ ਉਤਪਤੀ ਅਤੇ ਵਿਕਾਸ ਬਾਰੇ ਬਹੁਤੇ ਸਿਧਾਂਤ ਜਾਂ ਮਾਡਲ ਆਈਨਸਟਾਈਨ ਦੀ ਰੈਲਿਟਿਵਿਟੀ ਥਿਊਰੀ ਉਪਰ ਆਧਾਰਤ ਹਨ ਜੋ ਕਿ ਮੇਰਾ ਅਧਿਆਪਨ ਦਾ ਵਿਸ਼ਾ ਹੋਇਆ ਕਰਦਾ ਸੀ। 1968 ਦੇ ਨਵੰਬਰ ਵਿਚ ਮੈਂ ਮੋਹਨ ਸਿੰਘ ਬਰਾੜੇਵਾਲੇ ਨੂੰ ਪੰਜਾਬੀ ਯੂਨੀਵਰਸਟੀ ਕੈਂਪਸ ਵਿਚ ਮਾਰੂ ਸੋਹਲੇ ਦੀ ਬਾਣੀ ਦੇ ਕੀਰਤਨ ਲਈ ਉਚੇਚਾ ਸਮਾਗਮ ਰੱਖ ਕੇ ਵਿਆਖਿਆ ਕਰਵਾਈ। 1969 ਵਿਚ ਗੁਰੂ ਨਾਨਕ ਸਾਹਿਬ ਜੀ ਦੀ ਪੰਜਵੀਂ ਸ਼ਤਾਬਦੀ ਦੇ ਸਮਾਰੋਹ ਸ਼ੁਰੂ ਹੋ ਗਏ।

ਪੰਜਾਬੀ ਯੂਨੀਵਰਸਟੀ ਪਟਿਆਲਾ ਵਿਖੇ ਅਪ੍ਰੈਲ ਦੇ ਪਹਿਲੇ ਸਮਾਗਮ ਵਿਚ ਮੈਨੂੰ ਵੀ ਸੱਦਾ ਪੱਤਰ ਆਇਆ। ਕ੍ਰਿਪਾਲ ਸਿੰਘ ਨਾਰੰਗ (ਵੀ.ਸੀ) ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸਨ। ਮੇਰੇ ਖੋਜ ਪਰਚੇ ਦਾ ਸਿਰਲੇਖ ਸੀ 'ਬ੍ਰਹਿਮੰਡ ਦੀ ਰਚਨਾ : ਧਾਰਮਕ ਤੇ ਵਿਗਿਆਨਕ ਪੱਖ।' ਇਹ 20 ਪੰਨੇ ਦਾ ਲੇਖ ਯੂਨੀਵਰਸਟੀ ਦੇ ਰਸਾਲੇ 'ਖੋਜ ਪੱਤ੍ਰਕਾ' ਵਿਚ ਛਪਿਆ ਸੀ। ਸਮਾਗਮ ਤੋਂ ਬਾਅਦ ਡਾ. ਰਤਨ ਸਿੰਘ ਜੱਗੀ, ਪ੍ਰੋ. ਅਤਰ ਸਿੰਘ ਅਤੇ ਦੋ ਹੋਰ ਕਾਮਰੇਡਾਂ, ਪ੍ਰੋ. ਨਾਜ਼ਰ ਸਿੰਘ ਢਿੱਲੋਂ ਤੇ ਡਾ. ਜੋਗਾ ਸਿੰਘ ਨੇ ਪ੍ਰਸ਼ੰਸ਼ਾ ਕੀਤੀ। ਮੈਨੂੰ ਅਜੇ ਤਕ ਯਾਦ ਹੈ ਕਿ ਕਾਮਰੇਡ ਕਹਿ ਰਹੇ ਸਨ ਕਿ ਅਸੀਂ ਤਾਂ ਬਾਬੇ ਨਾਨਕ ਦੀ ਬਾਣੀ ਨੂੰ ਕਦੇ ਇਸ ਪੱਖ ਤੋਂ



Academy of the Punjab in North America: http://www.apnaorg.com

ਵਿਚਾਰਿਆ ਹੀ ਨਹੀਂ। ਵੀ ਸੀ. ਸਾਹਿਬ ਨੇ ਮੇਰੀ ਹੌਂਸਲਾ ਅਫ਼ਜ਼ਾਈ ਕੀਤੀ ਅਤੇ ਕਿਹਾ ਕਿ ਇਸ ਵਿਸ਼ੇ ਉਪਰ ਇਕ ਖੋਜ ਭਰਪੂਰ ਪੁਸਤਕ ਤਿਆਰ ਕਰਾਂ। 1970 ਵਿਚ ਮੈਂ ਅਪਣੀ ਵਿਗਿਆਨਕ ਖੋਜ ਲਈ ਪੈਰਿਸ ਦੀ ਮੇਰੀ ਕਿਊਰੀ ਯੂਨੀਵਰਸਟੀ ਵਿਚ ਜਾ ਦਾਖ਼ਲ ਹੋਇਆ। ਜਦੋਂ ਮੇਰੇ ਪੀ.ਐਚ.ਡੀ. ਦੇ ਪ੍ਰੀਖਿਅਕ ਨੇ ਥੀਸਸ ਉਪਰ ਲਿਖੀ ਤੁਕ ਬਾਰੇ ਪੁਛਿਆ ਤਾਂ ਮੈਂ ਉਸ ਨੂੰ ਗੁਰਬਾਣੀ ਅਤੇ ਭੌਤਿਕ ਵਿਗਿਆਨ ਦੀ ਸਾਂਝ ਬਾਰੇ ਗੱਲ ਛੇੜੀ। ਇਹ ਤੁਕ ਸੀ 'ਖੋਜੀ ਉਪਜੈ ਬਾਦੀ ਬਿਨਸੈ।' ਪ੍ਰੋ. ਲੂਈ ਆਵੋਂ (ਮੇਰੇ ਪ੍ਰੀਖਿਅਕ) ਮੈਨੂੰ ਰਾਤ ਦੇ ਡਿਨਰ ਦਾ ਨਿਉਤਾ ਦੇ ਗਏ ਤਾਕਿ 'ਬ੍ਰਹਿਮੰਡ ਦੀ ਰਚਨਾ' ਬਾਰੇ ਬਾਬੇ ਨਾਨਕ ਜੀ ਦੇ ਮੱਤ ਤੋਂ ਜਾਣਕਾਰੀ ਲੈ ਸਕਣ।

ਸ. ਜੋਗਿੰਦਰ ਸਿੰਘ ਹੋਰਾਂ ਦਾ ਨਿਹੋਰਾ ਜਾਇਜ਼ ਹੈ ਪਰ ਇਹ ਪੂਰਨ ਸੱਚ ਨਹੀਂ। ਪੈਰਿਸ ਤੋਂ ਪਰਤਣ ਉਪਰੰਤ ਮੈਂ ਅਪਣੀ ਨਿੱਜੀ ਖੋਜ ਨਾਲ ਗੁਰਬਾਣੀ ਦਾ ਅਧਿਐਨ ਵੀ ਸ਼ੁਰੂ ਕਰ ਦਿਤਾ। ਵਿਗਿਆਨ ਦੀ ਰੌਸ਼ਨੀ ਵਿਚ ਗੁਰਬਾਣੀ ਦੀ ਵਿਆਖਿਆ ਬਾਰੇ ਕੋਈ ਇਕ ਅੱਧ ਲੇਖ ਹੀ ਮਿਲਿਆ। ਭਾਈ ਜੋਧ ਸਿੰਘ ਹੋਰਾਂ ਦੀ ਪੁਸਤਕ 'ਗੁਰਮਤਿ ਨਿਰਣੈ' ਵਕਤ ਵਿਹਾ ਚੁਕੀ ਸੀ। ਸਿਰਦਾਰ ਕਪੂਰ ਸਿੰਘ ਹੋਰਾਂ ਦੀ ਪੁਸਤਕ 'ਬਹੁ-ਵਿਸਥਾਰ' ਇਕ ਲੇਖ ਵਿਚ ਬ੍ਰਹਿਮੰਡ ਦੇ ਪਸਾਰੇ ਦੀ ਗੱਲ ਕਰਦੀ ਹੈ। ਵੀ ਸੀ. ਕ੍ਰਿਪਾਲ ਸਿੰਘ ਨਾਰੰਗ ਦੀ ਚੁਣੌਤੀ ਸਵੀਕਾਰ ਕਰ ਕੇ 1975 ਵਿਚ 'ਬ੍ਰਹਿਮੰਡ ਦੀ ਰਚਨਾ' ਦਾ ਖਰੜਾ ਤਿਆਰ ਹੋ ਚੁੱਕਾ ਸੀ। ਪ੍ਰੋ. ਹਰਚਰਨ ਸਿੰਘ (ਪੰਜਾਬੀ ਵਿਭਾਗ ਦੇ ਮੁਖੀ) ਮੇਰੇ ਖ਼ੈਰ-ਖ਼ਵਾਹ ਸਨ। ਪੁਸਤਕ ਦਾ ਮੁੱਖ ਬੰਦ ਪ੍ਰੋ. ਹਰਬੰਸ ਸਿੰਘ (ਸਿੱਖ ਵਿਸ਼ਵਕੋਸ਼ ਦੇ ਐਡੀਟਰ) ਹੋਰਾਂ ਨੇ ਲਿਖਿਆ ਸੀ। ਜਦੋਂ ਪੰਜਾਬੀ ਯੂਨੀਵਰਸਿਟੀ ਨੇ ਇਸ ਨੂੰ ਛਾਪਣ ਲਈ ਆਨਾ-ਕਾਨੀ ਕਰਨੀ ਸ਼ੁਰੂ ਕਰ ਦਿਤੀ ਤਾਂ ਮੈਂ ਇਹ ਖਰੜਾ ਸਿੰਘ ਬ੍ਰਦਰਜ਼ ਨੂੰ ਭੇਜ ਕੇ ਛਪਵਾ ਲਿਆ। 1978 ਵਿਚ ਇਹ ਛਪ ਗਿਆ ਪ੍ਰੰਤੂ 2008 ਤਕ ਇਸ ਦੀ ਇਕ ਹਜ਼ਾਰ ਕਾਪੀ ਹੀ ਵਿਕੀ। ਇਸ ਤੋਂ ਸ. ਜੋਗਿੰਦਰ ਸਿੰਘ ਹੋਰਾਂ ਦਾ ਨਿਹੋਰਾ ਸਿਧ ਹੋ ਜਾਂਦਾ ਹੈ ਕਿ ਸਿੱਖਾਂ ਨੇ ਬਾਬੇ ਨਾਨਕ ਵਰਗੇ ਮਹਾਂ ਵਿਗਿਆਨੀ ਦੀ ਅਜੇ ਕਦਰ ਨਹੀਂ ਕੀਤੀ।

2008 ਵਿਚ ਮੇਰੀ ਪੁਸਤਕ ਦਾ ਸੋਧਿਆ ਹੋਇਆ ਐਡੀਸ਼ਨ ਨਵੇਂ ਸਿਰਲੇਖ 'ਸਿੱਖ ਧਰਮ ਅਤੇ ਵਿਗਿਆਨ' ਹੇਠ ਛਪ ਚੁੱਕਾ ਹੈ। ਇਸ ਪੁਸਤਕ ਦੀ ਇਕ ਹੋਰ ਐਡੀਸ਼ਨ ਵੀ ਛਪਣ ਲਈ ਤਿਆਰ ਹੈ ਕਿਉਂਕਿ ਪਹਿਲਾਂ 30 ਸਾਲ ਅਤੇ ਫਿਰ 10 ਸਾਲ ਵਿਚ ਇਹ ਪੁਸਤਕ ਮਾਰਕੀਟ ਵਿਚੋਂ ਅਲੋਪ ਹੋ ਚੁਕੀ ਹੈ। ਲਵਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੀ ਇਕ ਖੋਜ ਵਿਦਿਆਰਥਣ ਮੇਰੀ ਪੁਸਤਕ ਉਪਰ ਪੀਐਚ.ਡੀ. ਕਰ ਰਹੀ ਹੈ। ਕਈ ਹੋਰ ਵਿਗਿਆਨੀ ਵੀ ਗੁਰਬਾਣੀ ਨੂੰ ਵਿਗਿਆਨ ਦੀ ਰੌਸ਼ਨੀ ਵਿਚ ਵਿਚਾਰ ਰਹੇ ਹਨ। ਡਾ. ਦਵਿੰਦਰ ਸਿੰਘ ਚਾਹਲ (ਮੌਂਟਰੀਆਲ, ਕੈਨੇਡਾ), ਡਾ. ਦਵਿੰਦਰ ਸਿੰਘ ਦੇਵ (ਟੌਰਾਂਟੋ), ਡਾ. ਦਲਵਿੰਦਰ ਸਿੰਘ ਗਰੇਵਾਲ (ਲੁਧਿਆਣਾ) ਤੇ ਉਜਾਗਰ ਸਿੰਘ ਕੰਵਲ (ਲੁਧਿਆਣਾ) ਮੇਰੇ ਨਿੱਜੀ ਸੰਪਰਕ ਵਿਚ ਹਨ। ਡਾ. ਦੇਵਿੰਦਰ ਸਿੰਘ ਚਾਹਲ (ਮੌਂਟਰੀਆਲ) ਦਾ ਕਹਿਣਾ ਹੈ ਕਿ ਬਾਬਾ ਨਾਨਕ ਯੂਰਪ ਦੇ



Academy of the Punjab in North America: http://www.apnaorg.com

ਸਭ ਵਿਗਿਆਨੀਆਂ ਤੋਂ ਮੋਹਰੀ ਸਨ ਪਰ ਉਨ੍ਹਾਂ ਦੀ ਰਚੀ ਬਾਣੀ ਦਾ ਵੇਦਾਂਤੀਕਰਨ ਹੋ ਗਿਆ ਜਿਸ ਕਰ ਕੇ ਬਾਬੇ ਨਾਨਕ ਦਾ ਫਲਸਫ਼ਾ ਧੁੰਧ ਦੇ ਪਰਦੇ ਹੇਠ ਢਕਿਆ ਰਿਹਾ। ਉਜਾਗਰ ਸਿੰਘ ਕੰਵਲ ਪੇਸ਼ੇ ਵਜੋਂ ਇਕ ਇੰਜੀਨੀਅਰ ਹਨ ਜੋ ਕਦੇ ਸੱਠ ਸਾਲ ਪਹਿਲਾਂ 1957 ਵਿਚ ਮੇਰੇ ਜਮਾਤੀ ਹੋਇਆ ਕਰਦੇ ਸਨ। ਕੰਵਲ ਦੀ ਰਚਨਾ 'ਚਾਨਣ ਦੀ ਮਹਿਕ' ਛਪਣ ਲਈ ਤਿਆਰ ਹੈ। ਇਸ ਵਿਚ ਨੌਜਵਾਨ ਪੀੜ੍ਹੀ ਨੂੰ ਗੁਰਬਾਣੀ ਦੀ ਵਿਗਿਆਨਕ ਵਿਆਖਿਆ ਰਾਹੀਂ ਸਿੱਖੀ ਵਲ ਪ੍ਰੇਰਿਤ ਕੀਤਾ ਗਿਆ ਹੈ। ਇਸ ਦੀ ਬਣਤਰ ਇਕ 'ਨਾਵਲ' ਵਾਂਗ ਘੜੀ ਗਈ ਹੈ।

ਸਿੱਖ ਹਮੇਸ਼ਾ ਚੜ੍ਹਦੀ ਕਲਾ ਦੀ ਅਰਦਾਸ ਕਰਦਾ ਹੈ ਅਤੇ ਸਰਬੱਤ ਦੇ ਭਲੇ ਦੀ ਮੰਗ ਕਰਦਾ ਹੈ। ਸ. ਜੋਗਿੰਦਰ ਸਿੰਘ ਦਾ 'ਉੱਚਾ ਦਰ ਬਾਬੇ ਨਾਨਕ ਦਾ' ਪ੍ਰਾਜੈਕਟ ਆਸ਼ਾ-ਨਿਰਾਸ਼ਾ ਦੀਆਂ ਘੁੰਮਣ ਘੇਰੀਆਂ ਵਿਚੋਂ ਲੰਘਦਾ ਹੋਇਆ ਅਪਣੀ ਮੰਜਲ ਵੱਲ ਵਧ ਰਿਹਾ ਹੈ। ਮੈਂ ਇਸ ਦਾ ਮੁਢਲਾ ਲਾਈਫ਼ ਮੈਂਬਰ ਹਾਂ। ਜਦੋਂ ਸਪੋਕਸਮੈਨ ਲਗਭਗ 25 ਸਾਲ ਪਹਿਲਾਂ (ਮਹੀਨੇਵਾਰ) ਸ਼ੁਰੂ ਹੋਇਆ ਤਾਂ ਪਹਿਲੇ ਪੰਜਾਹ ਮੈਂਬਰ ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਨੇ ਨਾਮਜ਼ਦ ਕੀਤਾ ਸੀ, ਉਸ ਲਿਸਟ ਵਿਚ ਮੇਰਾ ਨਾਮ ਵੀ ਸ਼ਾਮਲ ਸੀ। ਸੋ ਮੇਰਾ ਰਿਸ਼ਤਾ ਸਪੋਕਸਮੈਨ ਨਾਲ ਇਸ ਦੇ ਜਨਮ ਤੋਂ ਹੀ ਹੈ। ਮੈਂ ਐਡੀਟਰ ਹੋਰਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਸਪੋਕਸਮੈਨ ਦੀ ਅਗਵਾਈ ਵਿਚ ਮੇਰੇ ਸਾਥੀ ਵਿਗਿਆਨੀ, ਬਾਬੇ ਨਾਨਕ ਦੀ ਅਦੁਤੀ ਬਾਣੀ ਦਾ ਫ਼ਲਸਫ਼ਾ ਵਿਸ਼ਵ ਭਰ ਵਿਚ ਪ੍ਰਚਾਰਨ ਅਤੇ ਪ੍ਰਸਾਰਣ ਲਈ ਹਮੇਸ਼ਾ ਤਤਪਰ ਰਹਿਣਗੇ।



Academy of the Punjab in North America: http://www.apnaorg.com

# 22.

# ਗੁਰੂ ਨਾਨਕ ਦੀਆਂ ਉਦਾਸੀਆਂ ਬਾਰੇ ਨਵੀਂ ਖੋਜ

ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਬਾਰੇ ਵੇਰਵਾ ਭਾਈ ਗੁਰਦਾਸ ਦੀਆਂ ਵਾਰਾਂ ਅਤੇ ਜਨਮਸਾਖੀਆਂ ਵਿਚੋਂ ਪ੍ਰਾਪਤ ਹੁੰਦਾ ਹੈ। ਇਤਿਹਾਸਕਾਰ ਜਨਮਸਾਖੀਆਂ ਦੇ ਵੇਰਵੇ ਬਾਬਤ ਇਕ ਰਾਏ ਨਹੀਂ ਰੱਖਦੇ। ਡਾਕਟਰ ਫੌਜਾ ਸਿੰਘ ਅਤੇ ਕਿਰਪਾਲ ਸਿੰਘ ਹੋਰਾਂ ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਵੱਲੋਂ ਬਾਬਾ ਨਾਨਕ ਦੀਆਂ ਉਦਾਸੀਆਂ ਬਾਰੇ ਇਕ ਐਟਲਸ ਛਾਪੀ ਹੈ ਜਿਸ ਵਿਚ ਤਿੰਨ ਮਹਾਨ ਉਦਾਸੀਆਂ ਦਾ ਜ਼ਿਕਰ ਹੈ। ਪਹਿਲੀ ਉਦਾਸੀ ਦੌਰਾਨ ਗੁਰੂ ਨਾਨਕ ਰਾਏ ਭੋਏ ਦੀ ਤਲਵੰਡੀ (ਮੌਜੂਦਾ ਨਨਕਾਣਾ ਸਾਹਿਬ) ਤੋਂ ਚੱਲ ਕੇ ਆਪਣੀ ਭੈਣ ਬੇਬੇ ਨਾਨਕੀ ਦੇ ਸ਼ਹਿਰ ਸੁਲਤਾਪੁਰ ਲੋਧੀ ਪਹੁੰਚਦੇ ਹਨ। ਇਥੋਂ ਪੂਰਬ ਦੀ ਉਦਾਸੀ ਸ਼ੁਰੂ ਕਰਕੇ ਬਨਾਰਸ, ਧੁਬਰੀ (ਅਸਾਮ), ਢਾਕਾ ਹੁੰਦੇ ਹੋਏ ਲੰਕਾ ਪਹੁੰਚਦੇ ਹਨ। ਦੂਸਰੀ ਉਦਾਸੀ ਉਤਰ ਵੱਲ ਹੈ ਅਤੇ ਬਾਬਾ ਨਾਨਕ ਤਲਵੰਡੀ ਤੋਂ ਚੱਲਕੇ ਸੁਮੇਰ ਪਰਬਤ ਉਪਰ ਸਿੱਧ ਗੋਸ਼ਟਿ ਕਰਕੇ ਵਾਪਸ ਮੁੜ ਆਉਂਦੇ ਹਨ। ਅੱਜ ਕੱਲ ਇਸ ਨੂੰ ਕੈਲਾਸ਼ ਪਰਬਤ ਵੀ ਕਹਿੰਦੇ ਹਨ ਅਤੇ ਇਹ ਮੌਜੂਦਾ ਚੀਨ (ਤਿਬੱਤ) ਦੀ ਹੱਦ ਅੰਦਰ ਸਥਿਤ ਹੈ। ਤੀਜੀ ਉਦਾਸੀ ਦੌਰਾਨ ਗੁਰੂ ਸਾਹਿਬ ਪੱਛਮ ਵੱਲ ਰਵਾਨਾ ਹੁੰਦੇ ਹਨ ਅਤੇ ਮੁਲਤਾਨ ਪਾਕਪਟਨ ਤੋਂ ਹੋਕੇ ਸਿੰਧ ਦੇ ਰਸਤੇ ਮੱਕੇ ਅਤੇ ਬਗਦਾਦ ਦੀ ਯਾਤਰਾ ਕਰਦੇ ਹਨ। ਇਥੋਂ ਤੈਹਰਾਨ ਅਤੇ ਕਾਬਲ ਦੇ ਰਸਤੇ ਪੰਜਾਬ ਵੱਲ ਪਰਤ ਆਉਂਦੇ ਹਨ। ਇਨ੍ਹਾਂ ਉਦਾਸੀਆਂ ਦੌਰਾਨ ਬਾਬਾ ਨਾਨਕ ਹਿੰਦੂਆਂ, ਸਿੱਧ ਜੋਗੀਆਂ ਅਤੇ ਮੁਸਲਮਾਨਾਂ ਦੇ ਧਾਰਮਿਕ ਕੇਂਦਰਾਂ ਉਪਰ ਪਹੁੰਚਕੇ ਵਾਦ-ਵਿਵਾਦ ਕਰਦੇ ਹਨ ਅਤੇ ਭਾਈ ਗੁਰਦਾਸ ਅਨੁਸਾਰ ਆਪਣੇ 'ਨਿਰਮਲ ਪੰਥ' ਨੂੰ ਨਿਰਾਲਾ ਸਿੱਧ ਕਰਦੇ ਹਨ। ਬਾਬੇ ਨਾਨਕ ਦਾ ਸਿੱਕਾ ਸਾਰੇ ਜਗਤ ਵਿਚ ਚੱਲਦਾ ਹੈ ਅਤੇ ਉਨ੍ਹਾਂ ਦੇ ਮੁਰੀਦ ਸਿੱਖ ਹਿੰਦੁਸਤਾਨ, ਤਿੱਬਤ, ਲੰਕਾ, ਅਰਬ, ਈਰਾਕ ਅਤੇ ਅਫਗਾਨਿਸਤਾਨ ਵਿਚ ਫੈਲ ਜਾਂਦੇ ਹਨ। ਕਿਸੇ ਹੋਰ ਧਰਮ ਦੇ ਪੈਗੰਬਰ ਨੇ ਇੰਨੀ ਵੱਡੀ ਪੱਧਰ ਤੇ ਆਪਣੀਆਂ ਯਾਤਰਾਵਾਂ ਨਹੀਂ ਕੀਤੀਆਂ ਹਨ।

ਡਾਕਟਰ ਤਰਲੋਚਨ ਸਿੰਘ ਦਾ ਮੱਤ ਹੈ ਕਿ ਗੁਰੂ ਨਾਨਕ ਮੱਕੇ ਤੋਂ ਲਾਲ ਸਾਗਰ ਦੇ ਰਸਤੇ ਮਿਸਰ ਗਏ ਅਤੇ ਕਾਹਿਰਾ ਤੋਂ ਹੁੰਦੇ ਹੋਏ ਫਲਸਤੀਨ, ਸੀਰੀਆ ਅਤੇ ਤੁਰਕੀ ਪਹੁੰਚ ਗਏ। ਇਥੋਂ ਬਗਦਾਦ ਦੇ ਰਸਤੇ ਵਾਪਸੀ ਕਰਕੇ ਪੰਜਾਬ ਵੱਲ ਪਰਤ ਆਏ ਸਨ। ਇਹੋ ਜੇਹਾ ਬਿਰਤਾਂਤ ਮਿਹਰਬਾਨ ਵਾਲੀ ਅਤੇ ਭਾਈ ਮਨੀ ਸਿੰਘ ਦੀ ਜਨਮਸਾਖੀ ਵਿਚ ਵੀ ਉਪਲੱਬਧ ਹੈ। ਅੱਜ



Academy of the Punjab in North America: http://www.apnaorg.com

ਤੱਕ ਦੀ ਖੋਜ ਇਸ ਯਾਤਰਾ ਦੇ ਵੇਰਵੇ ਬਾਰੇ ਕੋਈ ਸੇਧ ਪ੍ਰਦਾਨ ਨਹੀਂ ਕਰਦੀ ਅਤੇ ਐਵੇਂ ਕਿਆਸ-ਅਰਾਈਆਂ ਹੀ ਲਗਾਈਆਂ ਜਾ ਰਹੀਆਂ ਸਨ। ਹੁਣ ਇਕ ਨਵੀਂ ਖੋਜ ਸਾਹਮਣੇ ਆਈ ਹੈ ਜਿਸ ਦੇ ਸਿੱਟੇ ਹੈਰਾਨਕੁਨ ਸਿੱਧ ਹੋ ਸਕਦੇ ਹਨ। ਗੁਰੂ ਨਾਨਕ ਦੇਵ ਦੀ ਤੁਰਕੀ ਦੀ ਯਾਤਰਾ ਨਵੇਂ ਤੱਥ ਉਘਾੜਣ ਦੀ ਸਮਰੱਥਾ ਰੱਖਦੀ ਹੈ।

ਇਸ ਨਵੀਂ ਖੋਜ ਦਾ ਸਿਹਰਾ ਡਾਕਟਰ ਦਵਿੰਦਰ ਸਿੰਘ ਚਾਹਲ ਦੇ ਸਿਰ ਬੱਝਦਾ ਹੈ, ਜੋ ਪੇਸ਼ੇ ਵੱਲੋਂ ਇਕ ਉਘੇ ਵਿਗਿਆਨੀ ਰਹੇ ਹਨ। ਉਹ ਕੈਨੇਡਾ ਦੇ ਮੌਂਟਰਿਆਲ ਸ਼ਹਿਰ ਦੇ ਵਾਸੀ ਹਨ ਅਤੇ ਇਥੋਂ ਦੀ ਖੋਜ ਪ੍ਰਯੋਗਸ਼ਾਲਾ ਦੇ ਡਾਇਰੈਕਟਰ ਰਹਿ ਚੁੱਕੇ ਹਨ। ਡਾਕਟਰ ਚਾਹਲ ਬਹੁਤ ਹੀ ਸਿਰੜੀ ਖੋਜੀ ਅਤੇ ਵਿਗਿਆਨੀ ਹਨ ਜੋ ਰੀਟਾਇਰ ਹੋ ਕੇ ਸਿੱਖ ਧਰਮ ਦੀ ਜਾਣ ਪਹਿਚਾਣ ਬਾਰੇ ਇਕ ਰਸਾਲਾ ਕੱਢ ਰਹੇ ਹਨ। ਉਨ੍ਹਾਂ ਦੀਆਂ ਕੁਝ ਪੁਸਤਕਾਂ ਵੀ ਛਪੀਆਂ ਹਨ, ਜਪੁਜੀ ਦੀ ਵਿਆਖਿਆ ਅਤੇ ਸ਼ਬਦ ਗੁਰੂ ਬਾਰੇ। ਇਸ ਨਵੀਂ ਖੋਜ ਦੀ ਵਿਆਖਿਆ ਵੀ ਬੜੀ ਦਿਲਚਸਪ ਹੈ।

1994 ਵਿਚ ਡਾਕਟਰ ਚਾਹਲ ਇਕ ਅੰਤਰ-ਰਾਸ਼ਟਰੀ ਕਾਨਫਰੰਸ ਵਿਚ ਆਪਣਾ ਖੋਜ ਪਰਚਾ ਪੜ੍ਹਨ ਲਈ ਤੁਰਕੀ ਦੇ ਸ਼ਹਿਰ ਇਸਤੰਬੋਲ ਗਏ। ਕਾਨਫਰੰਸ ਦੇ ਅਖੀਰਲੇ ਦਿਨ ਸਾਰੇ ਡੈਲੀਗੇਟ ਖਾੜੀ ਬਾਸਫੋਰਸ ਵਿਚ ਯਾਤਰੀ ਜਹਾਜ ਤੇ ਸਵਾਰ ਹੋ ਕੇ ਅਨੰਦ ਮਾਣ ਰਹੇ ਸਨ। ਇਹ ਨਜ਼ਾਰਾ ਦੁਨੀਆਂ ਭਰ ਵਿਚ ਹੋਰ ਕਿਧਰੇ ਨਹੀਂ ਲੱਭਦਾ। ਮੈਂ ਵੀ ਆਪਣੀ ਯਾਤਰਾ ਦੌਰਾਨ ਇੰਸਤਬੋਲ ਦੇ ਸ਼ਹਿਰ ਅਤੇ ਖਾੜੀ ਦੀ ਰਮਣੀਕ ਯਾਤਰਾ ਦਾ ਅਨੰਦ ਮਾਣਿਆ ਸੀ। ਬਾਕੀ ਸਾਰੇ ਡੈਲੀਗੇਟ ਤਾਂ ਬੱਸਾਂ ਤੇ ਸਵਾਰ ਹੋ ਕੇ ਆਪਣੇ ਹੋਟਲਾਂ ਵੱਲ ਪਰਤ ਗਏ ਪਰੰਤੂ ਡਾਕਟਰ ਚਾਹਲ ਖਾੜੀ ਦੇ ਕਿਨਾਰੇ ਇਕ ਪਾਰਕ ਵਿਚ ਟਹਿਲਣ ਲੱਗ ਪਏ। ਉਨ੍ਹਾਂ ਦੀ ਪਾਰਖੂ ਅੱਖ ਪਾਰਕ ਵਿਚ ਲਗੇ ਇਕ ਸਤੰਭ ਉਪਰ ਪਈ ਅਤੇ ਇਸ ਦੇ ਉਪਰ ਅਰਬੀ-ਫਾਰਸੀ ਲਿਪੀ ਵਿਚ ਉਕਰੇ ਸ਼ਿਲਾਲੇਖ ਨੇ ਅਚੰਭਿਤ ਕਰ ਦਿਤਾ। ਡਾਕਟਰ ਚਾਹਲ ਦੰਗ ਰਹਿ ਗਏ ਕਿ ਪਹਿਲੀ ਸਤਰ ਦੇ ਅਖੀਰ ਉਪਰ ਬਾਬੇ ਨਾਨਕ ਦਾ ਜਿਕਰ ਹੈ। ਇਸ ਸ਼ਿਲਾਲੇਖ ਦੀ ਵਾਰਤਾ ਨੂੰ ਆਪਣੇ ਕੈਮਰੇ ਦੀ ਫਿਲਮ ਉਪਰ ਰੀਕਾਰਡ ਕਰ ਲਿਆ। ਬਾਰਾਂ ਸਾਲ ਇਸ ਨੂੰ ਪੜ੍ਹ ਕੇ ਉੱਲਥਾ ਕਰਨ ਵਾਲਾ ਕੋਈ ਨਾ ਟੱਕਰਿਆ। ਇਸ ਸਾਲ ਫਰਵਰੀ ਦੇ ਮਹੀਨੇ ਉਹ ਪਾਕਿਸਤਾਨ ਦੀ ਯਾਤਰਾ ਤੇ ਆਏ ਅਤੇ ਸ਼ਿਲਾਲੇਖ ਦੀ ਫੋਟੋ ਨਾਲ ਲੈ ਆਏ। ਖੁਸ਼ ਕਿਸਮਤੀ ਨੂੰ ਲਾਹੌਰ ਵਿਚ ਇਕਬਾਲ ਕੈਸਰ ਅਤੇ ਸਈਦ ਅਫਜ਼ਲ ਹੈਦਰ ਨਾਲ ਮੇਲ ਹੋ ਗਿਆ ਜੋ ਤੁਰਕੀ ਭਾਸ਼ਾ ਵਿਚ ਲਿਖੇ ਸਿਰਲੇਖ ਨੂੰ ਪੜ੍ਹਣ ਅਤੇ ਸਮਝਣ ਵਿਚ ਕਾਮਯਾਬ ਹੋ ਗਏ।

ਡਾਕਟਰ ਚਾਹਲ ਮੁਤਾਬਕ ਸਤੰਭ ਦੀ ਉਚਾਈ 15 ਫੁੱਟ ਅਤੇ ਚੌੜਾਈ 6 ਫੁੱਟ ਹੈ ਅਤੇ ਇਸ ਉਪਰ ਲਿਖਿਆ ਸ਼ਿਲਾਲੇਖ ਕਈ ਥਾਂ ਤੋਂ ਮਿਟ ਗਿਆ ਹੈ ਜਾਂ ਮੁਰੰਮਤ ਦੌਰਾਨ ਢੱਕਿਆ



Academy of the Punjab in North America: http://www.apnaorg.com

ਗਿਆ ਹੈ। ਪਹਿਲੀ ਸਤਰ ਸਪਸ਼ਟ ਪੜ੍ਹੀ ਜਾ ਸਕਦੀ ਹੈ ਅਤੇ ਤੁਰਕੀ ਭਾਸ਼ਾ ਵਿਚ ਇਸ ਦੀ ਇਬਾਰਤ ਕੁਝ ਇਸ ਤਰ੍ਹਾਂ ਹੈ :

"ਜਹਾਂਗੀਰ ਜਮਾਂ ਹਿੰਦ ਲਤ ਅਬਦ ਅਲ ਮਾਜ਼ੀਦ ਨਾਨਕ"

ਇਸ ਦਾ ਪੰਜਾਬੀ ਵਿਚ ਉੱਲਥਾ ਇਸ ਤਰ੍ਹਾਂ ਬਣਦਾ ਹੈ :

"ਜਮਾਨੇ ਦਾ ਮਾਲਕ, ਹਿੰਦ ਦਾ ਬੰਦਾ, ਰੱਬ ਦਾ ਨਾਨਕ"

ਡਾਕਟਰ ਤਰਲੋਚਨ ਸਿੰਘ ਦੇ ਮੁਤਾਬਕ ਮੱਕੇ ਦੇ ਕਾਜ਼ੀ ਅਤੇ ਹਾਜ਼ੀ ਗੁਰੂ ਨਾਨਕ ਸਾਹਿਬ ਨੂੰ 'ਨਾਨਕ ਹਿੰਦਕੀ' ਕਹਿੰਦੇ ਸਨ। ਜੋ ਸ਼ਿਲਾਲੇਖ ਦੀ ਪਹਿਲੀ ਸਤਰ ਤੋਂ ਸਪਸ਼ਟ ਹੋ ਜਾਂਦਾ ਹੈ ਕਿ "ਹਿੰਦ ਦਾ ਬੰਦਾ, ਰੱਬ ਦਾ ਨਾਨਕ" ਹੋਰ ਕੋਈ ਨਹੀਂ ਬਲਕਿ ਸਿੱਖਾਂ ਦਾ ਗੁਰੂ, ਬਾਬਾ ਨਾਨਕ ਹੀ ਹੈ।

ਗੁਰਵਿੰਦਰ ਸਿੰਘ ਚੌਹਾਨ ਦਾ 2015 ਵਿਚ ਇਕ ਲੇਖ ਛਪਿਆ ਹੈ ਜਿਸ ਵਿਚ ਗੁਰੂ ਨਾਨਕ ਸਾਹਿਬ ਦੀ ਅਜ਼ਰਬਾਈਜ਼ਾਨ ਦੇ ਸ਼ਹਿਰ ਬਾਕੂ (Baku) ਦੀ ਯਾਤਰਾ ਦਾ ਜ਼ਿਕਰ ਮਿਲਦਾ ਹੈ। ਦਰਅਸਲ, ਗੁਰਵਿੰਦਰ ਆਪਣੇ ਵਪਾਰਕ ਕੰਮ ਖਾਤਰ ਬਾਕੂ ਗਿਆ ਸੀ ਅਤੇ ਸ਼ਹਿਰ ਤੋਂ 20 ਕਿਲੋਮੀਟਰ ਦੂਰ ਇਕ ਇਤਿਹਾਸਕ ਯਾਦਗਾਰ ਅਤੇਸ਼ਗਾਹ (ਅਗਨੀ ਮੰਦਿਰ) ਵੇਖਣ ਚਲਾ ਗਿਆ। ਅਤੇਸ਼ਗਾਹ ਦੇ ਅਹਾਤੇ ਵਿਚ ਘੁੰਮਦਿਆਂ ਉਸ ਨੇ ਦੋ ਕਮਰਿਆਂ ਦੀਆਂ ਦੀਵਾਰਾਂ ਉਪਰ ਜਪੁਜੀ ਸਾਹਿਬ ਦਾ ਮੂਲਮੰਤਰ ਅਤੇ ਸਲੋਕ ਉਕਰਿਆ ਹੋਇਆ ਵੇਖਿਆ। ਕੁੱਝ ਹੋਰ ਕਮਰਿਆਂ ਵਿਚ ਸੰਸਕ੍ਰਿਤ ਦੇ ਸਲੋਕ ਦੇਵਨਾਗਰੀ ਵਿਚ ਉਕਰੇ ਹੋਏ ਸਨ। ਗੁਰਵਿੰਦਰ ਨੇ ਮੈਨੂੰ ਇਨ੍ਹਾਂ ਕਮਰਿਆਂ ਦੀ ਫੋਟੋ ਭੇਜੀ ਜਿਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਕਿਸੇ ਸਿੱਖ ਸ਼ਰਧਾਲੂ ਨੇ ਜਪੁਜੀ ਦਾ ਮੂਲਮੰਤਰ ਪੱਥਰ ਵਿਚ ਉਕਰਿਆ ਹੋਵੇ ਅਤੇ ਦੀਵਾਰ ਵਿਚ ਜੜ ਦਿਤਾ ਹੋਵੇ। ਪ੍ਰੋ. ਪ੍ਰੀਤਮ ਸਿੰਘ ਹੋਰਾਂ ਨੂੰ ਇਸ ਦਾ ਪਤਾ ਸੀ ਅਤੇ ਉਹ ਦੱਸਦੇ ਸਨ ਕਿ ਇਹ ਯਾਦਗਾਰ ਕਿਸੇ ਉਦਾਸੀ ਸਾਧੂ ਨੇ ਗੁਰੂ ਨਾਨਕ ਫੇਰੀ ਨੂੰ ਸਮਰਪਿਤ ਕਰਨ ਲਈ ਬਣਵਾਈ ਸੀ।

ਮੇਰਾ ਸੁਝਾਅ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਪ੍ਰੋਜੈਕਟ ਨੂੰ ਆਪਣੇ ਹੱਥ ਵਿਚ ਲੈ ਕੇ, ਡਾਕਟਰ ਚਾਹਲ ਦੀ ਸਰਪਰਸਤੀ ਹੇਠ ਇਕ ਖੋਜ ਕਮੇਟੀ ਸਥਾਪਿਤ ਕਰਕੇ ਗੁਰੂ ਨਾਨਕ ਸਾਹਿਬ ਦੀ ਅਦੁੱਤੀ ਵਿਚਾਰਧਾਰਾ ਨੂੰ ਵਿਸ਼ਵ ਭਰ ਵਿਚ ਪ੍ਰਚਾਰਣ ਅਤੇ ਪ੍ਰਸਾਰਣ ਦਾ ਉਪਰਾਲਾ ਕਰੇ।

✱✱✱



Academy of the Punjab in North America: http://www.apnaorg.com

# 23.

# ਪ੍ਰਕਾਸ਼ ਸਿੰਘ ਬਾਦਲ ਬਨਾਮ ਮਹਾਰਾਜਾ ਰਣਜੀਤ ਸਿੰਘ

ਚਾਰ ਨਵੰਬਰ 2001 ਦੇ ਇਕ ਪੰਜਾਬੀ ਅਖ਼ਬਾਰ ਵਿਚ ਅਮੀਨ ਮਲਿਕ ਦਾ ਲੇਖ 'ਪੈਰਿਸ ਇਕ ਸ਼ਾਮ' ਪੜ੍ਹ ਕੇ ਮੇਰਾ ਹਿਰਦਾ ਵਲੂੰਧਰਿਆ ਗਿਆ। ਪੰਜਾਬ ਦੀ ਦੁਰਗਤੀ ਦੀ ਸਹੀ ਤਸਵੀਰ ਪੇਸ਼ ਕਰ ਰਿਹਾ ਲੇਖ ਪ੍ਰਕਾਸ਼ ਸਿੰਘ ਬਾਦਲ ਅਤੇ ਉਸ ਦੀ ਪੰਥਕ ਸਰਕਾਰ ਦੇ ਮੂੰਹ ਉਤੇ ਕਰਾਰੀ ਚਪੇੜ ਵੀ ਹੈ। ਪੰਜਾਬ ਦੀ ਜਵਾਨੀ ਦਰ ਦਰ ਰੁਜ਼ਗਾਰ ਦੀ ਖਾਤਰ ਰੁਲ ਰਹੀ ਹੈ। ਅਮੀਨ ਮਲਿਕ ਦੇ ਬੋਲਾਂ ਵਿਚ 'ਮੇਰੇ ਪੰਜਾਬ ਦਾ ਪੁੱਤਰ ਜਿਹੜਾ ਅੱਜ ਕੱਖਾਂ ਤੋਂ ਹੌਲਾ ਅਤੇ ਪਾਣੀਉਂ ਪਤਲਾ ਹੋ ਕੇ ਮਿੱਟੀ ਦੇ ਮੁੱਲ ਤੁਲ ਰਿਹਾ ਸੀ, ਜਿਨ੍ਹਾਂ ਦੇ ਗਲ ਕੈਂਠੇ ਅਤੇ ਹਿੱਕਾਂ ਚੌੜੀਆਂ ਸਨ ਅੱਜ ਉਹੀ ਮਦਾਰੀ ਦੇ ਬੱਕਰੇ ਵਾਂਗ ਲੋਕਾਂ ਨੂੰ ਝੁਕ-ਝੁਕ ਸਲਾਮ ਕਰ ਰਹੇ ਸਨ। ਮੈਂ ਪਲਵਿੰਦਰ ਸਿੰਘ ਨੂੰ ਸੀਨੇ ਨਾਲ ਲਾਇਆ। ਉਹ ਰਣਜੀਤ ਸਿੰਘ ਦੇ ਤਾਜ ਨਾਲੋਂ ਟੁੱਟਿਆ ਹੋਇਆ ਇਕ ਮੋਤੀ ਸੀ।"

ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਦੀ ਦੂਜੀ ਸ਼ਤਾਬਦੀ ਬੜੀ ਧੂਮ-ਧਾਮ ਨਾਲ ਮਨਾਈ ਜਾ ਰਹੀ ਹੈ। ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬੀਆਂ ਨਾਲ ਵਾਅਦਾ ਕੀਤਾ ਸੀ ਕਿ ਉਹ ਪੰਜਾਬ ਵਿਚ ਮੁੜ ਰਣਜੀਤ ਸਿੰਘ ਵਰਗਾ ਰਾਜ-ਭਾਗ ਕਾਇਮ ਕਰਨਗੇ। ਆਉ ਖਾਂ ਜਰਾ ਇਸ ਵਰ੍ਹੇ ਉਨ੍ਹਾਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰੀਏ। ਰਣਜੀਤ ਸਿੰਘ ਪੰਜਾਬੀਆਂ ਦਾ ਹਰਮਨ ਪਿਆਰਾ ਬਾਦਸ਼ਾਹ ਸੀ ਜਿਸ ਨੇ 'ਖਾਲਸਾ ਸਰਕਾਰ' ਦਾ ਸੁਪਨਾ ਸਾਕਾਰ ਕਰਕੇ ਵਿਖਾਇਆ। ਜਿਸ ਬਿਨ ਲਾਦਿਨ ਤੋਂ ਅਮਰੀਕਾ ਤਰਹਿੰਦਾ ਹੈ ਅਤੇ ਇਕ ਹਊਆ ਬਣ ਕੇ ਉਭਰਿਆ ਹੈ, ਉਸ ਦੇ ਖੂੰਖਾਰ ਪੁਰਖਿਆਂ ਨੂੰ ਮਹਾਰਾਜਾ ਦੇ ਸਿੱਖ ਜਰਨੈਲ ਹਰੀ ਸਿੰਘ ਨਲਵਾ ਨੇ ਦਬੋਚ ਰੱਖਿਆ ਸੀ ਅਤੇ ਖਾਲਸਾਈ ਨਿਸ਼ਾਨ ਜਮਰੌਦ ਦੇ ਕਿਲੇ ਅਤੇ ਖੈਬਰ ਦਰ੍ਹੇ 'ਤੇ ਝੂਲ ਰਹੇ ਸਨ। ਅੱਜ ਪੰਜਾਬ ਦੀ ਜਵਾਨੀ ਪੈਰਿਸ ਦੇ ਬਜ਼ਾਰਾਂ ਵਿਚ ਰੁਲ ਰਹੀ ਹੈ ਕਿਉਂਕਿ ਪੰਥਕ ਸਰਕਾਰ ਦੀਆਂ ਆਰਥਿਕ ਨੀਤੀਆਂ ਨੇ ਪੰਜਾਬ ਨੂੰ ਕੰਗਾਲ ਕਰ ਛੱਡਿਆ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਫਰਾਂਸੀਸੀ ਅਤੇ ਯੂਰਪੀਨ ਲੋਕ ਨੌਕਰੀ ਕਰਨ ਲਈ ਹਾੜੇ ਕੱਢਦੇ ਸਨ। ਕਿੱਥੇ ਪੰਜਾਬ ਦੀ ਉਹ ਖੁਸ਼ਹਾਲੀ ਅਤੇ ਕਿੱਥੇ ਹੁਣ ਦੀ ਕੰਗਾਲੀ।



Academy of the Punjab in North America: http://www.apnaorg.com

ਲੇਖਾ-ਜੋਖਾ ਕਰਨ ਲਈ ਮੁਕਾਬਲਾ ਕਰਨਾ ਬਣਦਾ ਹੈ, ਸ੍ਰੀ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਦਾ ਮਹਾਰਾਜਾ ਰਣਜੀਤ ਸਿੰਘ ਦੇ ਰਾਜਭਾਗ ਨਾਲ। ਬਰਸੀ ਦਾ ਸਾਲ ਹੋਣ ਕਰਕੇ ਪੰਜਾਬ ਦੇ ਕਈ ਬੁੱਧੀਜੀਵੀ ਅਖਾੜੇ ਵਿਚ ਨਿੱਤਰ ਆਏ ਹਨ ਜੋ ਝੂਠੀ ਸ਼ੁਹਰਤ ਖੱਟਣ ਲਈ ਮਹਾਰਾਜੇ ਦੀਆਂ ਸਿਫਤਾਂ ਦੇ ਪੁਲ ਬੰਨ੍ਹੀ ਜਾ ਰਹੇ ਹਨ ਤੇ ਬੰਨਣਗੇ ਵੀ। ਰਣਜੀਤ ਸਿੰਘ ਬਾਰੇ ਬਹੁਤ ਕੁੱਝ ਲਿਖਿਆ ਮਿਲਦਾ ਹੈ ਪ੍ਰੰਤੂ ਤੱਥਾਂ ਦੇ ਆਧਾਰ 'ਤੇ ਦੋ ਸੋਮਿਆਂ ਦੀ ਕਦਰ ਕਰਨੀ ਬਣਦੀ ਹੈ। ਸਭ ਤੋਂ ਮਹਾਨ ਖੋਜ ਮੇਰੇ ਫਰਾਂਸੀਸੀ ਮਿੱਤਰ ਜਾਨ ਮਾਰੀ ਲਾਫੋਂ ਦੀ ਹੈ ਜਿਸ ਨੇ ਮਹਾਰਾਜੇ ਦੇ ਫਰਾਂਸੀਸੀ ਜਰਨੈਲਾਂ ਦੇ ਪਰਿਵਾਰਾਂ ਤੋਂ ਸੂਚਨਾ ਅਤੇ ਹੋਰ ਸਮੱਗਰੀ ਇਕੱਤਰ ਕਰਕੇ ਕਈ ਪੁਸਤਕਾਂ ਲਿਖੀਆਂ ਹਨ। ਸਿੱਖ ਇਤਿਹਾਸ ਦਾ ਇਹ ਮਹਾਨ ਖੋਜੀ ਪਿਛਲੇ ਵੀਹ ਸਾਲਾਂ ਤੋਂ ਪੈਰਿਸ, ਲੰਡਨ, ਲਾਹੌਰ ਅਤੇ ਹੁਣ ਦਿੱਲੀ ਵਿਚ ਰਹਿ ਕੇ ਸਮੱਗਰੀ ਇਕੱਠੀ ਕਰਦਾ ਰਿਹਾ ਹੈ। ਦੂਜਾ ਸੋਮਾਂ ਸਈਅਦ ਵਹੀਦ-ਉ-ਦੀਨ ਦੀ ਲਿਖੀ ਪੁਸਤਕ 'ਅਸਲੀ ਰਣਜੀਤ ਸਿੰਘ' ਹੈ। ਫਕੀਰ ਖਾਨਦਾਨ ਦੇ ਹੋਣਹਾਰ ਫਰਜੰਦ ਨੇ ਆਪਣੇ ਬਜ਼ੁਰਗਾਂ ਦੇ ਰੋਜ਼ਨਾਮਚੇ ਫਰੋਲ ਕੇ ਇਹ ਪੁਸਤਕ ਲਿਖੀ ਹੈ ਜੋ ਰਣਜੀਤ ਸਿੰਘ ਦੀ ਸ਼ਖਸੀਅਤ ਦੀ ਸਹੀ ਤਸਵੀਰ ਪੇਸ਼ ਕਰਦੀ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਰਬਾਰ ਵਿਚ ਹਰ ਫਿਰਕੇ ਦੇ ਦਰਬਾਰੀ ਸ਼ਾਮਲ ਸਨ। ਸਿੱਖ ਸਰਦਾਰਾਂ ਨਾਲੋਂ ਬ੍ਰਾਹਮਣ, ਡੋਗਰੇ, ਯੂਰਪੀਨ ਅਤੇ ਫਕੀਰ ਭਰਾ ਵੱਧ ਸਤਿਕਾਰ ਦੇ ਪਾਤਰ ਸਨ। ਸ੍ਰੀ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਦਰਬਾਰ ਵਿਚ ਵੀ ਹਰ ਫਿਰਕੇ ਦੀ ਨੁਮਾਇੰਦਗੀ ਕਾਇਮ ਹੈ। ਅਕਾਲੀ ਦਲ ਹੁਣ ਪੰਜਬੀ ਪਾਰਟੀ ਬਣ ਚੁੱਕੀ ਹੈ। ਵਜ਼ੀਰਾਂ ਦਾ ਰੁਤਬਾ ਰਣਜੀਤ ਸਿੰਘ ਦੇ ਦਰਬਾਰੀਆਂ ਵਾਲਾ ਹੀ ਹੈ। ਮਜਾਲ ਹੈ, ਕੋਈ ਕੁਸਕ ਸਕੇ। ਸਾਰੀ ਸ਼ਕਤੀ ਮੁੱਖ ਮੰਤਰੀ ਪਾਸ ਹੈ ਅਤੇ ਵਜ਼ੀਰ ਬਾਦਲ ਸਾਹਿਬ ਅੱਗੇ ਲਿਲਕੜੀਆਂ ਕੱਢਦੇ ਹਨ। ਜਨਤਾ ਦੇ ਮਿਲਣ ਲਈ ਵੀ ਪ੍ਰਬੰਧ ਹੈ ਪ੍ਰੰਤੂ ਕਈ ਰੋਕਾਂ ਪਾਰ ਕਰਨੀਆਂ ਪੈਂਦੀਆਂ ਹਨ। ਪਹਿਲਾਂ ਵੀਡੀਓ ਕੈਮਰੇ ਅੱਗੇ ਫੋਟੋ ਲਹਿੰਦੀ ਹੈ, ਨਾਂ-ਪਤਾ ਲਿਖਿਆ ਜਾਂਦਾ ਹੈ ਅਤੇ ਪੁਲਿਸ ਦੇ ਕਰਿੰਦੇ ਜਾਮਾ ਤਲਾਸ਼ੀ ਲੈਂਦੇ ਹਨ। ਸਾਰੀ ਦਿਹਾੜੀ ਭੰਨ ਕੇ ਜਦੋਂ ਕਿਸੇ ਫਰਿਆਦੀ ਦੀ ਵਾਰੀ ਆਉਂਦੀ ਹੈ ਤਾਂ ਉਨ੍ਹਾਂ ਦਾ ਸਕੱਤਰ ਫਰਿਆਦੀਆਂ ਤੋਂ ਅਰਜ਼ੀਆਂ ਫੜ ਲੈਂਦਾ ਹੈ। ਫਰਿਆਦੀ ਅਜੇ ਘਰ ਵੀ ਨਹੀਂ ਪਰਤਿਆ ਹੁੰਦਾ ਕਿ ਉਸ ਦੀ ਅਰਜੀ ਰੱਦੀ ਦੀ ਟੋਕਰੀ ਵਿਚ ਪਈ ਹੁੰਦੀ ਹੈ। ਮਹਾਰਾਜਾ ਰਣਜੀਤ ਸਿੰਘ ਤਾਂ ਆਪ ਫਰਿਆਦੀ ਕੋਲ ਪਹੁੰਚਦਾ ਹੁੰਦਾ ਸੀ ਅਤੇ ਹਾਥੀ 'ਤੇ ਸਵਾਰ ਹੋ ਕੇ ਲਾਹੌਰ ਦੀਆਂ ਗਲੀਆਂ ਵਿਚੋਂ ਲੰਘਦਾ ਹਰ ਫਰਿਆਦੀ ਦੀ ਪੁਕਾਰ ਸੁਣਦਾ ਸੀ। ਫਰਕ ਕੇਵਲ ਇੰਨਾ ਹੈ ਕਿ ਬਾਦਲ ਸਾਹਿਬ ਹਾਥੀ ਦੀ ਜਗ੍ਹਾ ਹੈਲੀਕਾਪਟਰ 'ਤੇ ਹੀ ਸਵਾਰ ਰਹਿੰਦੇ ਹਨ ਅਤੇ ਚੰਡੀਗੜ੍ਹ ਤੋਂ ਪੰਜਾਬ ਦੇ ਹਰ ਕੋਨੇ ਵਿਚ ਪਹੁੰਚ ਜਾਂਦੇ ਹਨ। 'ਸੰਗਤ ਦਰਸ਼ਨ' ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੀ ਹੀ ਨਕਲ ਹੈ ਪ੍ਰੰਤੂ ਫਰਿਆਦੀ ਦੀ ਚੋਣ ਸਰਕਾਰੀ ਅਫਸਰ ਹੀ ਕਰਦੇ ਹਨ।



Academy of the Punjab in North America: http://www.apnaorg.com

ਮਹਾਰਾਜਾ ਦੇ ਦਰਬਾਰੀ ਹੀਰੇ ਜਵਾਹਰਾਤ ਨਾਲ ਲੱਦੇ ਰਹਿੰਦੇ ਸਨ ਅਤੇ ਜਗੀਰਾਂ ਦੇ ਮਾਲਕ ਸਨ। ਬਾਦਲ ਸਾਹਿਬ ਦੇ ਦਰਬਾਰੀ ਵੀ ਕਿਸੇ ਗੱਲੋਂ ਘੱਟ ਨਹੀਂ। ਜਿਨ੍ਹਾਂ ਦੇ ਘਰ ਰੋਟੀ ਮਸਾਂ ਪੱਕਦੀ ਸੀ ਉਹ ਹੁਣ ਕਾਰਾਂ ਤੇ ਕੋਠੀਆਂ ਦੇ ਮਾਲਕ ਬਣ ਬੈਠੇ ਹਨ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਹਰਿਮੰਦਰ ਸਾਹਿਬ ਉਪਰ ਸੋਨਾ ਚਾੜ੍ਹਿਆ ਗਿਆ ਅਤੇ ਹਿੰਦੂ ਮੰਦਰਾਂ ਨੂੰ ਵੀ ਸੋਨਾ ਭੇਟ ਕੀਤਾ ਗਿਆ। ਬ੍ਰਾਹਮਣਵਾਦ ਦਾ ਬੋਲਬਾਲਾ ਹੋ ਗਿਆ ਅਤੇ ਹਰ ਕਿਰਿਆ ਬ੍ਰਾਹਮਣੀ ਰੀਤ ਅਨੁਸਾਰ ਹੋਣ ਲੱਗੀ। ਮਹਾਰਾਜੇ ਦੀ ਮੌਤ ਸਮੇਂ ਤਾਂ ਗਾਈਆਂ ਤੋਂ ਲੈ ਕੇ ਹੀਰੇ ਜਵਾਹਰਾਤ ਮਨਸਾਏ ਗਏ ਅਤੇ ਰਾਣੀਆਂ ਚਿਤਾ ਉਪਰ ਸਤੀ ਹੋ ਗਈਆਂ। ਭਾਵੇਂ ਬਾਦਲ ਸਾਹਿਬ ਮੰਦਰਾਂ ਉਪਰ ਸੋਨਾ ਤਾਂ ਨਹੀਂ ਚੜ੍ਹਾ ਰਹੇ ਪ੍ਰੰਤੂ ਮਹਾਰਾਜੇ ਦੀ ਰੀਸ-ਬਰੀਸੀ ਹਵਨਾਂ ਵਿਚ ਸ਼ਾਮਲ ਹੋ ਕੇ ਤਿਲਕ ਤਾਂ ਲਵਾ ਰਹੇ ਹਨ। ਮਹਾਰਾਜੇ ਨੇ, ਸਰਬੱਤ ਖਾਲਸਾ ਅਤੇ 'ਗੁਰਮਤਾ' ਦੀ ਪਰੰਪਰਾ ਖ਼ਤਮ ਕਰ ਦਿੱਤੀ ਸੀ ਅਤੇ ਅਕਾਲ ਤਖ਼ਤ ਉਪਰ ਇਕ ਵਾਰ ਪੇਸ਼ ਹੋਣ ਉਪਰੰਤ ਸਾਰੀ ਉਮਰ ਕਿੜ ਰੱਖੀ ਅਤੇ ਖਾਲਸਾ ਪੰਥ ਦਾ ਵਕਾਰ ਮਹਾਰਾਜੇ ਦੀ ਮੌਤ ਨਾਲ ਮਿੱਟੀ ਵਿਚ ਮਿਲ ਗਿਆ। ਬਾਦਲ ਸਾਹਿਬ ਤਾਂ ਉਸ ਤੋਂ ਵੀ ਅੱਗੇ ਨਿਕਲ ਗਏ ਹਨ। ਉਹ ਅਕਾਲ ਤਖ਼ਤ ਉਤੇ ਪੇਸ਼ ਹੋਣਾ ਆਪਣੀ ਹੇਠੀ ਸਮਝ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਸ ਦਾ ਪ੍ਰਧਾਨ ਬਾਦਲ ਸਾਹਿਬ ਦਾ ਪਾਣੀ ਭਰਦਾ ਹੈ। ਅਕਾਲ ਤਖ਼ਤ ਦੀ ਜਥੇਦਾਰੀ ਬਾਦਲ ਸਾਹਿਬ ਦੇ ਹੁਕਮ ਅਨੁਸਾਰ ਹੀ ਚੱਲਦੀ ਹੈ। ਹੈ ਨਾ ਕਮਾਲ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਮਾਤ ਪਾ ਦਿੱਤਾ ਹੈ। ਮਹਾਰਾਜੇ ਨੂੰ ਸ਼ਿਕਾਰ ਖੇਡਣ ਦਾ ਸ਼ੌਕ ਸੀ, ਨਾਚ ਗਾਣੇ ਦੀਆਂ ਮਹਿਫਲਾਂ ਸ਼ਾਹੀ ਮਹੱਲ ਵਿਚ ਚੱਲਦੀਆਂ ਰਹਿੰਦੀਆਂ ਸਨ। ਵਿਦੇਸ਼ੀ ਮਹਿਮਾਨਾਂ ਦੀ ਆਉ-ਭਗਤ ਲਈ ਚੰਗਾ ਪ੍ਰਬੰਧ ਸੀ। ਆਪਣੀ ਜਵਾਨੀ (ਮਰਦਾਨਗੀ) ਕਾਇਮ ਰੱਖਣ ਲਈ ਮਹਾਰਾਜਾ ਰਣਜੀਤ ਸਿੰਘ ਅੰਗੂਰਾਂ ਦੀ ਸ਼ਰਾਬ ਵਿਚ ਸੁੱਚੇ ਮੋਤੀ ਰਗੜ ਕੇ ਪੀਂਦਾ ਸੀ। ਸ਼ਕਲ ਸੂਰਤ ਤੋਂ ਵਾਂਝਿਆ ਹੋਣ ਕਰਕੇ ਅੰਗਰੇਜ਼ ਵਾਇਸਰਾਏ ਦੀ ਭੈਣ ਐਮਲੀ ਈਡਨ ਨੇ ਬੜੇ ਕਟਾਖ਼ਸ਼ ਭਰੇ ਸ਼ਬਦ ਵਰਤੇ ਹਨ ਅਤੇ ਰਣਜੀਤ ਸਿੰਘ ਨੂੰ 'ਬੁੱਢਾ ਚੂਹਾ' ਲਿਖ ਮਾਰਿਆ।

ਮਹਾਰਾਜੇ ਨੇ ਆਪਣੇ ਪੁੱਤਰਾਂ ਦੀ ਬਜਾਏ ਡੋਗਰਿਆਂ ਦੇ ਪੁੱਤਰਾਂ ਨੂੰ ਕੂਏ ਚਾੜ੍ਹ ਰੱਖਿਆ ਸੀ। ਰਾਜਾ ਹੀਰਾ ਸਿੰਘ ਤਾਂ ਕੰਵਰ ਨੌ-ਨਿਹਾਲ ਸਿੰਘ ਦੇ ਨਾਲ ਹੀ ਸੁਸ਼ੋਭਿਤ ਹੁੰਦਾ ਸੀ। ਇਸ ਕੰਮ ਵਿਚ ਬਾਦਲ ਸਾਹਿਬ ਮਹਾਰਾਜੇ ਤੋਂ ਵੱਖਰੀ ਨੁਹਾਰ ਰੱਖਦੇ ਹਨ। ਉਹ ਵਾਹ ਲਗਾ ਰਹੇ ਹਨ ਕਿ ਉਨ੍ਹਾਂ ਦਾ ਹੋਣਹਾਰ ਫਰਜ਼ੰਦ ਹੀ ਪੰਜਾਬ ਦੀ ਗੱਦੀ 'ਤੇ ਬੈਠੇ। ਭਲਾ ਇਸ ਵਿਚ ਹਰਜ਼ ਵੀ ਕੀ ਹੈ? ਪੰਡਤ ਜਵਾਹਰ ਲਾਲ ਨਹਿਰੂ ਨੇ ਆਪਣੀ ਨਲਾਇਕ ਧੀ ਜੋ ਆਕਸਫੋਰਡ ਯੂਨੀਵਰਸਿਟੀ ਵਿਚ ਫੇਲ੍ਹ ਹੋ ਗਈ ਸੀ ਨੂੰ ਭਾਰਤ ਦੀ ਰਾਜਗੱਦੀ 'ਤੇ ਬਿਠਾ ਦਿੱਤਾ ਅਤੇ ਉਸ



Academy of the Punjab in North America: http://www.apnaorg.com

ਦਾ ਪਰਿਵਾਰ ਮੁਗ਼ਲ ਖਾਨਦਾਨ ਵਾਂਗ ਅਜੇ ਵੀ ਰਾਜ ਕਰੀ ਜਾ ਰਿਹਾ ਹੈ।

ਚੌਧਰੀ ਦੇਵੀ ਲਾਲ, ਭਜਨ ਲਾਲ, ਬੰਸੀ ਲਾਲ, ਲਾਲੂ ਪ੍ਰਸਾਦ ਯਾਦਵ ਅਤੇ ਹੋਰ ਅਨੇਕ ਲੀਡਰ ਪੰਡਤ ਨਹਿਰੂ ਦੀ ਨੀਤੀ 'ਤੇ ਚੱਲ ਰਹੇ ਹਨ। ਬਾਦਲ ਸਾਹਿਬ ਦਾ ਕੀ ਕਸੂਰ ਜੇ ਉਹ ਪੰਜਾਬ ਦੀ ਰੁਲ ਰਹੀ ਜਵਾਨੀ ਤੋਂ ਬੇਦਾਗ ਰਹਿ ਕੇ ਆਪਣੇ ਪੁੱਤਰ ਲਈ ਮੈਦਾਨ ਤਿਆਰ ਕਰ ਰਹੇ ਹਨ।

ਅਮੀਨ ਮਲਿਕ ਨੇ ਪੰਜਾਬੀਆਂ ਦੀ ਅਣਖ ਨੂੰ ਵੰਗਾਰਿਆ ਹੈ। ਮਹਾਰਾਜਾ ਰਣਜੀਤ ਸਿੰਘ ਦੇ ਟੁੱਕੜ ਬੋਚ ਅੱਜ ਯੂਰਪ ਦੇ ਅਮੀਰਜ਼ਾਦੇ ਬਣ ਚੁੱਕੇ ਹਨ ਅਤੇ ਸਾਡੇ ਪੰਜਾਬੀ ਮੁੰਡੇ ਯੂਰਪ ਦੀਆਂ ਗਲੀਆਂ ਵਿਚ ਰੁਲ ਰਹੇ ਹਨ। ਕੀ ਪੰਥਕ ਸਰਕਾਰ ਜਾਗਦੀ ਹੈ ?

***



Academy of the Punjab in North America: http://www.apnaorg.com

# 24.

# ਤਹਿਲਕਾ ਡਾਟ ਕਾਮ ਬਨਾਮ ਪੰਜਾਬ ਸਰਕਾਰ

ਜੁਲਾਈ ਨੜਿਨਵੇਂ ਵਿਚ ਜ਼ਿਲ੍ਹਾ ਗੁਰਦਾਸਪੁਰ ਵਿਚ ਪੈਂਦੇ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਵਿਖੇ ਪ੍ਰਿੰਸੀਪਲ ਸਵਰਨ ਸਿੰਘ ਵਿਰਕ ਨੇ ਇਕ ਪਬਲਿਕ ਜਲਸੇ ਦਾ ਪ੍ਰਬੰਧ ਕੀਤਾ। ਇਸ ਵਿਚ ਪੰਜਾਬ ਦੀ ਕਿਰਸਾਨੀ ਦੀਆਂ ਸਮੱਸਿਆਵਾਂ 'ਤੇ ਵਿਚਾਰ-ਵਟਾਂਦਰਾ ਹੋਇਆ। ਇਸ ਵਿੱਚ ਇਲਾਕੇ ਦੀਆਂ ਸੰਗਤਾਂ, ਖੇਤੀਬਾੜੀ ਯੂਨੀਵਰਸਿਟੀ ਦੇ ਮਾਹਰ, ਸਿਆਸੀ ਪਾਰਟੀਆਂ ਦੇ ਆਗੂ, ਜ਼ਿਲ੍ਹਾ ਪ੍ਰਸ਼ਾਸਨ ਦੇ ਉੱਚ-ਅਧਿਕਾਰੀ ਅਤੇ ਹੋਰ ਬੁੱਧੀਜੀਵੀ ਵੀ ਸ਼ਾਮਲ ਹੋਏ। ਰਿਆੜਕੀ ਕਾਲਜ ਦਾ ਇਹ ਜਲਸਾ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸੰਗਤ ਦਰਸ਼ਨਾਂ ਨੂੰ ਮਾਤ ਪਾ ਰਿਹਾ ਸੀ। ਪ੍ਰਿੰਸੀਪਲ ਸਾਹਿਬ ਦੇ ਸਮੁੱਚੇ ਪ੍ਰਬੰਧ ਹੇਠ ਹਰ ਵਿਅਕਤੀ ਨੂੰ ਆਪਣਾ ਪੱਖ ਪੇਸ਼ ਕਰਨ ਦੀ ਬਿਨਾਂ ਕਿਸੇ ਹੀਲ-ਹੁੱਜਤ ਦੇ ਖੁੱਲ੍ਹ ਦਿੱਤੀ ਹੋਈ ਸੀ। ਭਾਰਤੀ ਜਨਤਾ ਪਾਰਟੀ ਤੋਂ ਬਗੈਰ ਬਾਕੀ ਸਭ ਪਾਰਟੀਆਂ ਦੇ ਨੁਮਾਇੰਦੇ ਮੌਜੂਦ ਸਨ। ਬਾਦਲ ਸਰਕਾਰ ਦੇ ਕੈਬਨਿਟ ਮੰਤਰੀ ਸੁੱਚਾ ਸਿੰਘ ਲੰਗਾਹ ਜਲਸੇ ਦੀ ਪ੍ਰਧਾਨਗੀ ਕਰ ਰਹੇ ਸਨ ਅਤੇ ਉਨ੍ਹਾਂ ਨੇ ਸਭ ਤੋਂ ਅਖੀਰ ਵਿਚ ਬੋਲਣਾ ਸੀ। ਭਾਰਤੀ ਕਿਸਾਨ ਯੂਨੀਅਨ ਦੇ ਆਗੂ ਸਟੇਜ ਉਪਰ ਹਾਵੀ ਸਨ। ਸਾਬਕਾ ਮੈਂਬਰ ਰਾਜ ਸਭਾ ਭੁਪਿੰਦਰ ਸਿੰਘ ਮਾਨ ਨੇ ਯੂਰਪ ਅਤੇ ਅਮਰੀਕਾ ਦੇ ਕਿਸਾਨਾਂ ਦੀਆਂ ਸਹੂਲਤਾਂ ਬਾਰੇ ਵੀ ਅੰਕੜੇ ਪੇਸ਼ ਕੀਤੇ। ਬਹਿਸ ਦਾ ਮਿਆਰ ਯੂਨੀਵਰਸਿਟੀਆਂ ਦੇ ਸੈਮੀਨਾਰਾਂ ਤੋਂ ਵੀ ਬਿਹਤਰ ਸੀ। ਪੰਜਾਬ ਦੇ ਕਿਸਾਨ ਆਤਮ-ਹੱਤਿਆ ਕਿਉਂ ਕਰਦੇ ਹਨ, ਇਹ ਬਹਿਸ ਦਾ ਮੁੱਖ ਮੁੱਦਾ ਹੋ ਨਿਬੜਿਆ। ਵੱਖ-ਵੱਖ ਪਾਰਟੀਆਂ ਨੇ ਬਾਦਲਕਿਆਂ ਉਪਰ ਦੋਸ਼ ਮੜ੍ਹਿਆ ਅਤੇ ਖੱਬੀਆਂ ਪਾਰਟੀਆਂ ਦੇ ਨੁਮਾਇੰਦਿਆਂ ਨੇ ਤਾਂ ਪੰਥਕ ਸਰਕਾਰ ਨੂੰ ਲਾਹਨਤਾਂ ਪਾ ਕੇ ਸੰਗਤ ਤੋਂ ਵਾਹਵਾ ਪ੍ਰਾਪਤ ਕੀਤੀ। ਉਨ੍ਹਾਂ ਦਾ ਇਤਰਾਜ਼ ਬੜਾ ਯੋਗ ਸੀ ਕਿ ਮੁਫ਼ਤ ਬਿਜਲੀ ਦਾ ਡਰਾਮਾ ਕਰਕੇ ਸ੍ਰੀ ਬਾਦਲ ਅਤੇ ਉਸ ਦੇ ਵਜ਼ੀਰ ਤਾਂ ਲੱਖਾਂ ਰੁਪਏ ਦੀ ਬਿਜਲੀ ਮੁਫ਼ਤ ਵਰਤ ਰਹੇ ਹਨ ਅਤੇ ਪਿੰਡਾਂ ਵਿਚ ਕਿਸਾਨਾਂ ਨੂੰ ਰਾਤ ਵੇਲੇ ਕੁੱਝ ਘੰਟੇ ਸਪਲਾਈ ਹੀ ਮਸਾਂ ਮਿਲਦੀ ਹੈ। ਚੰਗਾ ਹੋਵੇ ਮੁਫ਼ਤ ਬਿਜਲੀ ਦੀ ਬਜਾਏ ਪੰਜਾਬ ਵਿਚ ਬਿਜਲੀ ਦੀ ਸਪਲਾਈ ਨਿਰੰਤਰ ਚਾਲੂ ਰੱਖੀ ਜਾਵੇ। ਸੁੱਚਾ ਸਿੰਘ ਲੰਗਾਹ ਨੇ ਬਾਦਲ ਸਰਕਾਰ ਦਾ ਪੱਖ ਪੂਰਿਆ ਅਤੇ ਬੜੇ ਤਹੱਮਲ ਨਾਲ ਵਿਰੋਧੀਆਂ ਦੇ ਹਮਲੇ ਦਾ ਢੁੱਕਵਾਂ ਉੱਤਰ ਦਿਤਾ। ਭਾਸ਼ਣ ਵਿਚ ਬਠਿੰਡਾ ਦੇ ਤੇਲ ਦੇ ਕਾਰਖਾਨੇ, ਥੀਨ ਡੈਮ ਦੀ ਉਸਾਰੀ, ਕੇਂਦਰ ਸਰਕਾਰ ਵਲੋਂ ਸਰਕਾਰੀ ਕਰਜ਼ੇ ਦੀ ਮੁਆਫ਼ੀ ਜੋ ਅਤਿਵਾਦ ਦੇ ਦੌਰ ਵੇਲੇ



Academy of the Punjab in North America: http://www.apnaorg.com

ਪੰਜਾਬ ਸਿਰ ਚੜ੍ਹਿਆ ਸੀ ਅਤੇ ਕਿਸਾਨਾਂ ਦੀ ਭਲਾਈ ਲਈ ਕੀਤੇ ਗਏ ਕੰਮਾਂ ਦੀ ਮੁਹਾਰਨੀ ਪੜ੍ਹੀ। ਪ੍ਰੰਤੂ ਅਖੀਰ ਵਿਚ ਸੱਚ ਬੋਲਣ ਦਾ ਹੀਆ ਵੀ ਕਰ ਵਿਖਾਇਆ। ਰਿਆੜਕੀ ਦੇ ਕਾਮਰੇਡ ਲੀਡਰ ਦੇ ਲਾਏ ਭ੍ਰਿਸ਼ਟਾਚਾਰ ਦੇ ਦੋਸ਼ ਵਿਰੁੱਧ ਕਹਿਣ ਲੱਗੇ, "ਜੇ ਸਰਕਾਰ ਪੈਸੇ ਇਕੱਠੇ ਨਾ ਕਰੇ ਤਾਂ ਅਗਲੀਆਂ ਚੋਣਾਂ ਕਣਕ ਵੇਚ ਕੇ ਤਾਂ ਨਹੀਂ ਲੜੀਆਂ ਜਾਣੀਆਂ।"

ਉਪਰਲੀ ਬਹਿਸ ਤੋਂ ਸਪਸ਼ਟ ਹੈ ਕਿ ਭਾਰਤ ਦੀ ਲੋਕਰਾਜੀ ਪ੍ਰਣਾਲੀ ਵਿਚ ਚੋਣਾਂ ਜਿੱਤਣਾ ਹੀ ਮੁੱਖ ਮੁੱਦਾ ਹੈ ਜਿਸ ਕਰਕੇ ਹਰ ਸਿਆਸੀ ਪਾਰਟੀ ਹਰ ਕਿਸਮ ਦਾ ਮਾੜਾ ਚੰਗਾ ਹਥਿਆਰ ਵਰਤਣ ਲਈ ਤਿਆਰ ਰਹਿੰਦੀ ਹੈ। ਕਹਾਵਤ ਹੈ, "ਹਮਾਮ ਵਿਚ ਸਭ ਨੰਗੇ ਹਨ"। ਕਾਂਗਰਸ, ਬੀ.ਜੇ.ਪੀ., ਅਕਾਲੀ ਅਤੇ ਹੋਰ ਸਿਆਸੀ ਪਾਰਟੀਆਂ ਚੋਣਾਂ ਜਿੱਤਣ ਖਾਤਰ ਸਭ ਦਾਅ ਪੇਚ ਵਰਤਣ ਤੋਂ ਝਿਜਕਦੇ ਨਹੀਂ। ਤਹਿਲਕਾ ਡਾਟ ਕਾਮ ਨੇ ਸਿੱਧ ਕਰ ਵਿਖਾਇਆ ਹੈ ਕਿ ਬੀ.ਜੇ.ਪੀ. ਅਤੇ ਉਸਦੀਆਂ ਸਹਿਯੋਗੀ ਪਾਰਟੀਆਂ ਭ੍ਰਿਸ਼ਟਾਚਾਰ ਵਿਚ ਕਾਂਗਰਸ ਤੋਂ ਘੱਟ ਨਹੀਂ। ਬਲਕਿ ਬਹੁਤ ਛੇਤੀ ਕਿਤੇ ਅਗਾਂਹ ਲੰਘ ਗਈਆਂ ਹਨ। ਕਾਂਗਰਸ ਸਿਰ ਬੋਫੋਰਸ ਦੇ ਸੌਦੇ ਦੀ ਦਲਾਲੀ ਵਿਚੋਂ ਸੌ ਕਰੋੜ ਤੋਂ ਵਧੀਕ ਰਕਮ ਵਸੂਲਣ ਦਾ ਦੋਸ਼ ਮੜ੍ਹਿਆ ਗਿਆ ਅਤੇ ਬੀ.ਜੇ.ਪੀ. ਨੇ ਇਸ ਨੂੰ ਸਿਆਸੀ ਹਥਿਆਰ ਵਜੋਂ ਵਰਤਣਾ ਹੈ। ਤਹਿਲਕਾ ਡਾਟ ਕਾਮ ਨੇ ਐਸਾ ਪੱਤਾ ਖੇਡਿਆ ਹੈ ਕਿ ਲੈਣੇ ਦੇ ਦੇਣੇ ਪੈ ਗਏ। ਕੇਂਦਰ ਸਰਕਾਰ ਨੇ ਕਮਿਸ਼ਨ ਵੀ ਬਿਠਾ ਰੱਖਿਆ ਹੈ ਅਤੇ ਦੋਸ਼ੀ ਪਾਏ ਗਏ ਲੀਡਰਾਂ ਨੂੰ ਮੁੜ ਬਹਾਲ ਵੀ ਕਰ ਦਿੱਤਾ ਹੈ। ਇਸ ਤੋਂ ਸਰਕਾਰ ਦੀ ਸਿਆਸੀ ਅਤੇ ਗੰਧਲੀ ਰਾਜਨੀਤੀ ਦੀ ਸੇਧ ਦਾ ਪਤਾ ਲੱਗ ਰਿਹਾ ਹੈ।

ਅਫਸੋਸ ਦੀ ਗੱਲ ਹੈ ਕਿ ਤਹਿਲਕਾ ਡਾਟ ਕਾਮ ਦੇ ਮਾਲਕ ਅਤੇ ਡਾਇਰੈਕਟਰ ਉਪਰ ਕੇਸ ਦਰਜ ਕਰਵਾਇਆ ਗਿਆ ਹੈ ਕਿ ਉਸ ਨੇ ਭ੍ਰਿਸ਼ਟਾਚਾਰ ਨੂੰ ਨੰਗਿਆਂ ਕਰਨ ਲਈ ਯੋਗ ਸਾਧਨ ਨਹੀਂ ਵਰਤੇ। ਅਰਥਾਤ ਫੌਜੀ ਅਫ਼ਸਰਾਂ ਨੂੰ ਰਿਸ਼ਵਤ ਦੇਣ ਲਈ ਸੁੰਦਰੀਆਂ ਦੀ ਵਰਤੋਂ ਕੀਤੀ ਗਈ। ਭਾਰਤ ਦੀ ਚਾਣਕਿਆ ਨੀਤੀ ਤਾਂ ਇਸ ਵਿਧੀ ਦਾ ਸਮਰਥਨ ਕਰਦੀ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਭ੍ਰਿਸ਼ਟਾਚਾਰ ਸਿੱਧ ਕਰਨ ਲਈ ਕੋਈ ਵੀ ਤਰੀਕਾ ਵਰਤਿਆ ਗਿਆ ਹੋਵੇ, ਦੋਸ਼ੀ ਪਾਏ ਗਏ ਸਿਆਸੀ ਲੀਡਰਾਂ ਅਤੇ ਅਫ਼ਸਰਾਂ ਨੂੰ ਜੇਲ੍ਹ ਦੀ ਕਾਲ ਕੋਠੜੀ ਵਿਚ ਕਿਉਂ ਨਹੀਂ ਡੱਕਿਆ ਗਿਆ? ਚੀਨ ਸਰਕਾਰ ਤਾਂ ਅਜਿਹੇ ਸੰਗੀਨ ਦੋਸ਼ ਵਿਚ ਗੋਲੀ ਦਾ ਨਿਸ਼ਾਨਾ ਬਣਾਉਂਦੀ ਹੈ ਅਤੇ ਯੂਰਪੀ ਦੇਸ਼ਾਂ ਵਿਚ ਸਿਆਸੀ ਲੀਡਰ ਮੂੰਹ ਵਿਖਾਉਣ ਜੋਗਾ ਨਹੀਂ ਰਹਿੰਦਾ। ਇਹ ਮੇਰਾ ਮਹਾਨ ਭਾਰਤ ਹੀ ਹੈ ਜਿੱਥੇ ਚੋਰ ਸ਼ਰੇਆਮ ਦਨ-ਦਨਾਉਂਦੇ ਫਿਰਦੇ ਹਨ ਅਤੇ ਮੌਕੇ ਦੇ ਗਵਾਹ ਕਟਹਿਰੇ ਵਿਚ ਖੜ੍ਹੇ ਕਰ ਦਿੱਤੇ ਜਾਂਦੇ ਹਨ। ਚਾਹੀਦਾ ਤਾਂ ਇਹ ਸੀ ਕਿ ਤੇਜਪਾਲ ਵਰਗੇ ਬੰਦੇ ਨੂੰ ਕਿਸੇ ਵੱਡੇ ਖ਼ਿਤਾਬ ਨਾਲ ਸਨਮਾਨਿਤ ਕੀਤਾ ਜਾਂਦਾ ਜਿਸ ਨੇ ਕੈਮਰੇ ਦੀ ਮਦਦ ਨਾਲ ਸਿਆਸੀ ਅਤੇ ਸਰਕਾਰੀ ਭ੍ਰਿਸ਼ਟਾਚਾਰ ਦਾ ਪੋਲ ਖੋਲ੍ਹਿਆ ਹੈ ਪ੍ਰੰਤੂ ਇਥੋਂ



Academy of the Punjab in North America: http://www.apnaorg.com

ਦੀ ਲੋਕਰਾਜੀ ਸਰਕਾਰ ਆਪਣੀਆਂ ਭ੍ਰਿਸ਼ਟ ਏਜੰਸੀਆਂ ਦੀ ਮਦਦ ਨਾਲ ਤਹਿਲਕਾ ਡਾਟ ਕਾਮ ਦੇ ਕਾਰਿੰਦਿਆਂ ਮਗਰ ਹੱਥ ਧੋ ਕੇ ਪੈ ਗਈ ਹੈ ਅਤੇ ਬੜੀ ਬੇਸ਼ਰਮੀ ਨਾਲ ਉਨ੍ਹਾਂ ਦੁਆਰਾ ਵਰਤੇ ਗਏ ਸਾਧਨਾਂ ਦੀ ਨਿਖੇਧੀ ਕਰਕੇ ਲੋਕਾਂ ਨੂੰ ਬੇਵਕੂਫ ਬਣਾ ਰਹੀ ਹੈ।

ਸਭ ਭਾਰਤ ਵਾਸੀ ਸੂਰਜ ਦੀ ਰੌਸ਼ਨੀ ਵਾਂਗ ਜਾਣਦੇ ਹਨ ਕਿ ਪੰਜਾਬ ਅਤੇ ਭਾਰਤ ਵਿਚ ਬਗ਼ੈਰ ਵੱਢੀ ਦਿੱਤਿਆਂ ਕੋਈ ਕੰਮ ਹੋ ਹੀ ਨਹੀਂ ਸਕਦਾ। ਅੰਤਰ-ਰਾਸ਼ਟਰੀ ਪੱਧਰ 'ਤੇ ਵੀ ਭਾਰਤ ਨੂੰ ਸਭ ਤੋਂ ਵਧ ਗਰੀਬ ਅਤੇ ਬੇਈਮਾਨ ਦੇਸ਼ਾਂ ਦੀ ਕਤਾਰ ਵਿਚ ਗਿਣਿਆ ਜਾਂਦਾ ਹੈ। ਸਰਕਾਰੀ ਅਦਾਰਿਆਂ ਵਿਚ ਬਿੱਲ ਪਾਸ ਕਰਾਉਣ ਲਈ ਦੋ ਪ੍ਰਤੀਸ਼ਤ ਰਾਸ਼ੀ ਬਾਬੂਆਂ ਦੀ ਜੇਬ ਵਿਚ, ਦਸ ਪ੍ਰਤੀਸ਼ਤ ਅਫਸਰਾਂ ਦੀ ਜੇਬ ਅਤੇ ਇਸ ਤੋਂ ਕਈ ਗੁਣਾਂ ਵੱਧ ਸਿਆਸੀ ਲੀਡਰਾਂ ਦੀ ਭੇਟਾ ਚੜ੍ਹਦੀ ਹੈ। ਪ੍ਰਧਾਨ ਮੰਤਰੀ ਰਾਜੀਵ ਗਾਂਧੀ ਖੁਦ ਮੰਨਦੇ ਸਨ ਕਿ ਰੁਪਏ ਵਿਚੋਂ ਦਸ ਪੈਸੇ ਹੀ ਸਰਕਾਰੀ ਗਰਾਂਟਾਂ ਦੇ ਪੇਂਡੂ ਵਿਕਾਸ ਲਈ ਖਰਚੇ ਜਾਂਦੇ ਹਨ, ਨੱਬੇ ਪੈਸੇ ਤਾਂ ਰਾਹ ਵਿਚ ਹੀ ਹੜੱਪ ਕਰ ਲਏ ਜਾਂਦੇ ਹਨ। ਚਾਹੇ ਕਿਸੇ ਪਾਰਟੀ ਦੀ ਸਰਕਾਰ ਹੋਵੇ, ਭਾਰਤ ਦਾ ਭ੍ਰਿਸ਼ਟਾਚਾਰ ਫਾਰਮੂਲਾ ਤਾਂ ਬਦਲਿਆ ਨਹੀਂ ਜਾ ਸਕਦਾ। ਭ੍ਰਿਸ਼ਟਾਚਾਰ ਫਾਰਮੂਲੇ ਕਿਤਾਬਾਂ ਵਿਚ ਲਿਖੇ ਨਹੀਂ ਮਿਲਦੇ ਪ੍ਰੰਤੂ ਇਹ ਹਰ ਭਾਰਤੀ ਅਤੇ ਪੰਜਾਬੀ ਦੇ ਰੋਜ਼ਾਨਾ ਜੀਵਨ ਦਾ ਕਿਰਦਾਰ ਬਣ ਚੁੱਕੇ ਹਨ। ਜਿਸ ਤਰ੍ਹਾਂ ਜਾਇਦਾਦ ਖਰੀਦਣ ਲਈ ਦਲਾਲੀ ਦੇਣੀ ਪੈਂਦੀ ਹੈ, ਇਸੇ ਤਰ੍ਹਾਂ ਹੀ ਪ੍ਰਾਜੈਕਟਾਂ ਦੇ ਠੇਕੇ ਲੈਣ ਲਈ, ਸੜਕਾਂ ਦੀ ਮੁਰੰਮਤ ਅਤੇ ਪੁੱਲ ਬਣਾਉਣ ਲਈ, ਖੋਜ ਦਾ ਸਮਾਨ ਬਾਹਰੋਂ ਮੰਗਵਾਉਣ ਲਈ ਅਤੇ ਹੋਰ ਤਾਂ ਹੋਰ ਗੁਰਦੁਆਰਿਆਂ ਤੇ ਮੰਦਰਾਂ ਦੀ ਕਾਰ ਸੇਵਾ ਲੈਣ ਲਈ ਵੀ ਦਲਾਲੀ ਦੀ ਰਕਮ ਤਾਰਨੀ ਪੈਂਦੀ ਹੈ। ਗੱਲ ਕੀ ਹਰ ਕਾਰ ਵਿਹਾਰ ਚੱਲ ਹੀ ਦਲਾਲਾਂ ਦੇ ਸਿਰ ਰਿਹਾ ਹੈ। ਅੱਗੇ ਵਿਚੋਲੇ ਵਿਆਹ ਸ਼ਾਦੀ ਵੇਲੇ ਹੀ ਵਰਤੇ ਜਾਂਦੇ ਸਨ ਪ੍ਰੰਤੂ ਹੁਣ ਤਾਂ ਜ਼ਿੰਦਗੀ ਦੇ ਹਰ ਖੇਤਰ ਵਿਚ ਇਹ ਹਰਲ-ਹਰਲ ਕਰਦੇ ਸੌਦੇਬਾਜ਼ੀ ਕਰਦੇ ਕਰਵਾਉਂਦੇ ਲੱਭ ਰਹੇ ਹਨ।

ਆਓ ਪਹਿਲਾਂ ਪੰਜਾਬ ਦੀ ਗੱਲ ਕਰੀਏ। ਸਰਕਾਰੀ ਨੌਕਰੀਆਂ ਲਈ ਹਰ ਅਮੀਰ ਗ਼ਰੀਬ ਵਾਹ ਲਗਾਉਂਦਾ ਹੈ ਕਿਉਂਕਿ ਪੰਜਾਬ ਵਿਚ ਪ੍ਰਾਈਵੇਟ ਖੇਤਰ ਵਿਚ ਰੁਜ਼ਗਾਰ ਦੇ ਸੋਮੇ ਨਾਂ-ਮਾਤਰ ਹੀ ਉਪਲਬਧ ਹਨ। ਕਲਰਕ, ਸਿਪਾਹੀ ਅਤੇ ਡਰਾਈਵਰ ਦੀ ਨੌਕਰੀ ਹੇਠਲੇ ਪੱਧਰ 'ਤੇ ਆਉਂਦੀ ਹੈ। ਪੁਲੀਸ ਕਪਤਾਨ, ਤਹਿਸੀਲਦਾਰ, ਮਹਿਕਮਿਆਂ ਦੇ ਡਾਇਰੈਕਟਰ ਅਤੇ ਯੂਨੀਵਰਸਿਟੀਆਂ ਦੇ ਉਪ-ਕੁਲਪਤੀ ਸਿਰੇ ਦੀਆਂ ਨੌਕਰੀਆਂ ਹਨ। ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਹਰ ਨੌਕਰੀ ਲਈ ਪਹਿਲਾਂ ਟੈਸਟ ਰੱਖਿਆ ਜਾਂਦਾ ਹੈ ਅਤੇ ਬਾਅਦ ਵਿਚ ਇੰਟਰਵਿਊ। ਟੈਸਟ ਦੇ ਬਹਾਨੇ ਲੱਖਾਂ ਰੁਪਏ ਫੀਸਾਂ ਦੁਆਰਾ ਇਕੱਠੇ ਕਰ ਲਏ ਜਾਂਦੇ ਹਨ। ਟੈਸਟ ਦਾ ਨਤੀਜਾ ਕੱਢ ਕੇ ਇੰਟਰਵਿਊ ਕਈ-ਕਈ ਹਫਤੇ ਚਲਦੀ ਰਹਿੰਦੀ ਹੈ। ਇਸ ਵਾਰ ਤਾਂ ਭ੍ਰਿਸ਼ਟਾਚਾਰ ਰੋਕਣ ਲਈ ਪੰਜਾਬ ਹਾਈ ਕੋਰਟ ਨੇ ਪ੍ਰਾਇਮਰੀ ਸਕੂਲਾਂ ਦੀਆਂ ਅਸਾਮੀਆਂ



Academy of the Punjab in North America: http://www.apnaorg.com

ਭਰਨ ਲਈ ਯੂਨੀਵਰਸਿਟੀਆਂ ਦੇ ਮਾਹਰ ਇੰਟਰਵਿਊ ਲੈਣ ਲਈ ਭੇਜੇ। ਕਈ ਜਗ੍ਹਾ ਝੜਪਾਂ ਵੀ ਹੋਈਆਂ ਅਤੇ ਚੁਣੇ ਗਏ ਅਧਿਆਪਕਾਂ ਦੀਆਂ ਸੂਚੀਆਂ ਦਾ ਝਮੇਲਾ ਪੈ ਗਿਆ।

ਦੱਸਿਆ ਜਾਂਦਾ ਹੈ ਕਿ ਆਮ ਰਿਵਾਇਤ ਅਨੁਸਾਰ ਹਰ ਨੌਕਰੀ ਲਈ ਬੁਲਾਏ ਗਏ ਉਮੀਦਵਾਰਾਂ ਦੀ ਸੂਚੀ ਸਰਕਾਰੀ ਦਲਾਲ ਜਾਂ ਵਿਚੋਲੇ ਕੋਲ ਪਹੁੰਚਾਈ ਜਾਂਦੀ ਹੈ, ਜੋ ਉਮੀਦਵਾਰ ਨੂੰ ਮਿਲਦਾ ਹੈ ਅਤੇ ਸੌਦਾ ਤੈਅ ਕਰ ਲਿਆ ਜਾਂਦਾ ਹੈ। ਜੋ ਉਮੀਦਵਾਰ ਰਕਮ ਤਾਰ ਦੇਵੇ ਉਸ ਨੂੰ ਚੁਣ ਲਿਆ ਜਾਂਦਾ ਹੈ। ਆਪਣੇ ਨਿਜੀ ਤਜ਼ਰਬੇ ਤੋਂ ਬਿਆਨ ਕਰਦਾ ਹਾਂ ਕਿ ਮੇਰੇ ਪ੍ਰੋਜੈਕਟ ਦੇ ਡਰਾਇਵਰ ਨੇ ਰੋਡਵੇਜ਼ ਦੀ ਭਰਤੀ ਲਈ ਟੈਸਟ ਪਾਸ ਕਰ ਲਿਆ ਤਾਂ ਦਲਾਲ ਆ ਧਮਕਿਆ। ਪਹਿਲਾਂ ਮੇਰੇ ਪਾਸ ਹੀ ਆ ਕੇ ਪਤਾ ਟਿਕਾਣਾ ਪੁੱਛਣ ਲੱਗਾ। ਕਹਿੰਦਾ ਪਿਛਲੀ ਵਾਰੀ ਰਕਮ ਪੂਰੀ ਨਹੀਂ ਸੀ ਤਾਰੀ ਜਿਸ ਕਰਕੇ ਨੌਕਰੀ ਤੋਂ ਰਹਿ ਗਿਆ ਹੁਣ ਰਕਮ ਤਾਰ ਦੇਵੇ, ਨੌਕਰੀ ਪੱਕੀ ਮਿਲ ਜਾਵੇਗੀ। ਬਾਅਦ 'ਚ ਪਤਾ ਲੱਗਾ ਕਿ ਸਿਪਾਹੀ, ਕਲਰਕ ਅਤੇ ਰੋਡਵੇਜ਼ ਦੀ ਡਰਾਇਵਰੀ ਤੇ ਕੰਡਕਟਰੀ ਲਈ ਇਕ ਲੱਖ ਰੁਪਿਆ ਚੜ੍ਹਾਵਾ ਚੜ੍ਹਦਾ ਹੈ। ਉੱਚ ਪੱਧਰੀ ਨੌਕਰੀਆਂ ਲਈ ਪੰਜ ਤੋਂ ਲੈ ਕੇ ਪੰਜਾਹ ਲੱਖ ਤਾਰਨਾ ਪੈਂਦਾ ਹੈ। ਸਰਕਾਰ 'ਤੇ ਅਜਿਹੇ ਦੋਸ਼ ਵਿਰੋਧੀ ਧਿਰ ਵੱਲੋਂ ਵੀ ਅਕਸਰ ਲਾਏ ਜਾ ਰਹੇ ਹਨ। ਸਭ ਤੋਂ ਮਹਿੰਗੀ ਬੋਲੀ ਪੁਲੀਸ ਦੇ ਮਹਿਕਮੇ ਦੀਆਂ ਨੌਕਰੀਆਂ ਦੀ ਲਗਦੀ ਹੈ ਕਿਉਂਕਿ ਉਮੀਦਵਾਰ ਭ੍ਰਿਸ਼ਟਾਚਾਰ ਜ਼ਰੀਏ ਛੇਤੀ ਹੀ ਤਾਰੀ ਗਈ ਰਕਮ ਉਗਰਾਹ ਸਕਦਾ ਹੈ।

ਤਹਿਲਕਾ ਡਾਟ ਕਾਮ ਨੇ ਸਿੱਧ ਕਰ ਦਿੱਤਾ ਹੈ ਕਿ ਹਰ ਸਿਆਸੀ ਲੀਡਰ ਖਰੀਦਿਆ ਜਾ ਸਕਦਾ ਹੈ। ਜੇ ਬਿਆਨਾ ਤਾਰ ਸਕਦੇ ਹੋ ਤਾਂ ਨੌਕਰੀ ਵੱਟ 'ਤੇ ਪਈ ਹੈ। ਨੌਕਰੀ ਦੀ ਰਜਿਸਟਰੀ ਨਹੀਂ ਹੁੰਦੀ ਨਾ ਬਿਆਨਾ ਵਾਪਸ। ਮੈਨੂੰ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਦਾ ਪਬਲਿਕ ਜਲਸਾ ਯਾਦ ਆ ਗਿਆ ਅਤੇ ਬਾਦਲ ਸਰਕਾਰ ਦੇ ਮੰਤਰੀ ਦਾ ਇਹ ਬਿਆਨ : "ਜੇ ਸਰਕਾਰ ਪੈਸੇ ਇਕੱਠੇ ਨਾ ਕਰੇ ਤਾਂ ਅਗਲੀਆਂ ਚੋਣਾਂ ਅਸੀਂ ਕਣਕ ਵੇਚ ਕੇ ਤਾਂ ਨਹੀਂ ਲੜਨੀਆਂ।"

***



Academy of the Punjab in North America: http://www.apnaorg.com

# 25.

# ਸਿੱਖ ਸਿਆਸਤ ਅਤੇ ਸਿੱਖੀ ਅੱਜ ਕਿਸ ਮੋੜ 'ਤੇ ਖੜੇ ਹਨ ?

ਗੁਰਦਵਾਰਾ ਸੁਧਾਰ ਲਹਿਰ ਬਾਰੇ ਕਈ ਪੁਸਤਕਾਂ ਲਿਖੀਆਂ ਮਿਲਦੀਆਂ ਹਨ ਪਰੰਤੂ ਸੋਹਣ ਸਿੰਘ ਜੋਸ਼ ਦਾ 'ਅਕਾਲੀ ਮੋਰਚਿਆਂ ਦਾ ਇਤਿਹਾਸ' ਇਕ ਮਹੱਤਵਪੂਰਣ ਦਸਤਾਵੇਜ਼ ਹੈ ਜੋ ਸਿੱਖੀ ਅਤੇ ਸਿੱਖ ਸਿਆਸਤ ਦੇ ਮੌਜੂਦਾ ਨਿਘਾਰ ਬਾਰੇ ਲੋੜੀਂਦੀ ਜਾਣਕਾਰੀ ਪੇਸ਼ ਕਰਦਾ ਹੈ। ਗੁਰਦਵਾਰੇ ਸਿਖ ਧਰਮ ਦੇ ਕੇਂਦਰ ਬਿੰਦੂ ਰਹੇ ਹਨ ਅਤੇ ਅੰਗਰੇਜ਼ ਸਰਕਾਰ ਇਸ ਤੱਥ ਤੋਂ ਭਲੀਭਾਂਤ ਜਾਣੂ ਸੀ। ਪੁਸਤਕ ਦੇ ਪੰਨਾ 6 ਤੇ ਦਰਜ ਹੈ : "ਅੰਗਰੇਜ਼ ਰਾਜ ਦੇ ਅਸਰ ਥੱਲੇ ਪੁਜਾਰੀ ਸਿੱਖ ਧਰਮ ਦੇ ਅਸੂਲ ਤਿਆਗ ਚੁੱਕੇ ਸਨ ਅਤੇ ਬਰਿਟਸ਼ ਗੌਰਮਿੰਟ ਦੇ ਢਾਂਚੇ ਦਾ ਅੰਗ ਬਣ ਚੁੱਕੇ ਸਨ।" ਮੌਜੂਦਾ ਦੌਰ ਵਿਚ ਇਹੋ ਕੁੱਝ ਤਾਂ ਹੋਇਆ ਹੈ। ਅਕਾਲੀ ਦਲ ਦਾ ਪ੍ਰਧਾਨ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਉਪਰ ਪੂਰੀ ਤਰ੍ਹਾਂ ਕਾਬਜ਼ ਹੋ ਕੇ, ਅਕਾਲ ਤਖ਼ਤ ਦੇ ਜਥੇਦਾਰ ਨੂੰ ਆਪਣੇ ਇਸ਼ਾਰੇ ਤੇ ਨਚਾਉਂਦਾ ਰਿਹਾ ਹੈ। ਪਿਛਲੇ ਦਹਾਕੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਤਖ਼ਤਾਂ ਦੇ ਜਥੇਦਾਰ ਬਾਦਲ ਸਾਹਿਬ ਦੀ ਕਠਪੁਤਲੀ ਬਣ ਕੇ ਰਹਿ ਗਏ। ਇਸ ਨਾਲ ਸਿੱਖੀ ਅਤੇ ਸਿੱਖ ਸਿਆਸਤ ਨੂੰ ਢਾਹ ਲੱਗੀ ਹੈ।

ਪੁਸਤਕ ਦੇ ਪੰਨਾ 15 ਉਪਰ ਉਲੇਖ ਹੈ : "ਇਸ ਤਰ੍ਹਾਂ ਗੁਰਦਵਾਰੇ ਅੰਗਰੇਜ਼ ਰਾਜ ਦੀ ਰੱਖਿਆ, ਮਜ਼ਬੂਤੀ ਅਤੇ ਖੁਸ਼ਾਮਦ ਦੇ ਕੇਂਦਰ ਬਣ ਗਏ ਸਨ ਅਤੇ ਇਨ੍ਹਾਂ ਵਿਚ ਅੰਗਰੇਜ਼ੀ ਰਾਜ ਦੀ ਖੁਸ਼ਹਾਲੀ ਤੇ ਸਦੀਵੀ ਰਹਿਣ ਦੇ ਅਰਦਾਸੇ ਹੁੰਦੇ ਸਨ।" ਬਾਦਲ ਦੀ ਰਿਹਾਈ ਉਪਰ ਜੋ ਉਸਦੇ ਚਮਚਿਆਂ ਨੇ ਜਲੂਸ ਕੱਢੇ, ਬੀਬੀਆਂ ਨੇ ਗਿੱਧੇ ਪਾਏ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਬਾਦਲ ਨੂੰ ਪੰਥ ਨਾਲ ਤੁਲਨਾ ਦੇ ਕੇ ਨਿਵਾਜਿਆ ਇਸ ਤੋਂ ਖੁਸ਼ਾਮਦ ਅਤੇ ਜ਼ਹਾਲਤ ਦੀ ਤਸਵੀਰ ਉਘੜ ਕੇ ਸਾਹਮਣੇ ਆ ਜਾਂਦੀ ਹੈ। ਭਰਿਸ਼ਟਾਚਾਰ ਦੇ ਕੇਸ 'ਚੋਂ ਜਮਾਨਤ ਤੇ ਛੁੱਟ ਕੇ ਆਏ ਸਿੱਖ ਆਗੂ ਨੂੰ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸਿਰੋਪਾ ਭੇਟ ਕਰਨਾ ਬਹੁਤ ਹੀ ਸ਼ਰਮਨਾਕ ਕਾਰਵਾਈ ਹੈ ਜੋ ਅੰਗਰੇਜ਼ ਸਰਕਾਰ ਵੇਲੇ ਸਰਬਰਾਹ ਤਾਂ ਕਰਿਆ ਕਰਦਾ ਸੀ। ਚਾਹੀਦਾ ਤਾਂ ਇਹ ਸੀ ਕਿ ਜਥੇਦਾਰ ਸਾਹਿਬ ਸਿੱਖ ਰਿਵਾਇਤਾਂ ਅਨੁਸਾਰ ਜੇਕਰ ਪੱਥਰ ਨਹੀਂ



Academy of the Punjab in North America: http://www.apnaorg.com

ਸਨ ਮਾਰ ਸਕਦੇ ਤਾਂ ਮਾੜੀ ਮੋਟੀ ਫਿਟਕਾਰ ਹੀ ਪਾ ਦਿੰਦੇ ਪਰੰਤੂ ਉਹ ਤਾਂ ਹੁਕਮੀ ਬੰਦੇ ਵਾਂਗ ਕਾਰਵਾਈ ਕਰ ਰਹੇ ਸਨ। ਸਤੰਬਰ 2001 ਵਿਚ ਜਰਮਨੀ ਦੇ ਸਿੰਘਾਂ ਨੇ ਜਥੇਦਾਰ ਸਾਹਿਬ ਨੂੰ 'ਸਰਕਾਰੀ ਜਥੇਦਾਰ' ਦਾ ਖਿਤਾਬ ਦੇ ਕੇ ਨਿਵਾਜਿਆ ਤਾਂ ਉਨ੍ਹਾਂ ਨੇ ਆਪਣਾ ਪੱਖ ਪੇਸ਼ ਕਰਦੇ ਹੋਏ ਦੱਸਿਆ ਕਿ ਉਹ ਸ਼੍ਰੋਮਣੀ ਕਮੇਟੀ ਦੇ ਤਨਖਾਹਦਾਰ ਮੁਲਾਜ਼ਮ ਹਨ। ਜੇਕਰ ਸਿੱਖ ਪੰਥ ਅਕਾਲ ਤਖ਼ਤ ਦੀ ਅਜ਼ਾਦ ਹਸਤੀ ਨੂੰ ਬਹਾਲ ਕਰ ਦੇਵੇ ਤਾਂ ਜਥੇਦਾਰ ਵੀ ਯੋਗ ਕਾਰਵਾਈ ਕਰ ਸਕਦਾ ਹੈ। ਕਹਿਣ ਤੋਂ ਸਪਸ਼ਟ ਹੋ ਰਿਹਾ ਸੀ ਕਿ ਅਕਾਲੀ ਦਲ ਦਾ ਪ੍ਰਧਾਨ, ਸ਼੍ਰੋਮਣੀ ਕਮੇਟੀ ਅਤੇ ਉਸਦੇ ਨਿਯੁਕਤ ਕੀਤੇ ਜਥੇਦਾਰਾਂ ਨੂੰ ਟਿੱਚ ਸਮਝਦਾ ਹੈ।

ਜੁਲਾਈ 1925 ਵਿਚ ਗੁਰਦਵਾਰਾ ਬਿੱਲ ਪਾਸ ਹੋਇਆ ਅਤੇ 18 ਜੂਨ 1926 ਨੂੰ ਇਸ ਦੀਆਂ ਮੱਦਾਂ ਅਧੀਨ ਸੈਂਟਰਲ ਬੋਰਡ ਦੀਆਂ ਚੋਣਾਂ ਹੋਈਆਂ ਕਿਉਂਕਿ ਅੰਗਰੇਜ਼ ਸਰਕਾਰ ਦੇ ਕਾਰਿੰਦੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਨਾਮ ਤੋਂ ਚਿੜ੍ਹੇ ਹੋਏ ਸਨ। ਸਿੱਖਾਂ ਨੇ ਅਕਾਲੀ ਦਲ ਪਾਰਟੀ ਦੇ ਮੈਂਬਰਾਂ ਨੂੰ ਵੋਟ ਪਾ ਕੇ ਜਿਤਾਇਆ ਜਦਕਿ ਨਰਮ ਦਲੀਏ ਮਹਿਤਾਬ ਸਿੰਘ ਦੀ ਪਾਰਟੀ ਅਤੇ ਗਵਰਨਰ ਹੇਲੀ ਦੀ ਸੁਧਾਰ ਕਮੇਟੀ ਬੁਰੀ ਤਰ੍ਹਾਂ ਚੋਣਾਂ ਹਾਰ ਗਏ। ਅੰਗਰੇਜ਼ ਖੁਸ਼ ਸਨ ਕਿ ਸਿੱਖ ਹੁਣ ਗੁਰਦਵਾਰਿਆਂ ਦੀ ਸਿਆਸਤ ਵਿਚ ਰੁੱਝੇ ਰਹਿਣਗੇ ਅਤੇ ਆਪਸ ਵਿਚ ਖਹਿ ਮਰਨਗੇ। ਪੁਸਤਕ ਦੇ ਪੰਨਾ 442 ਤੇ ਇਨ੍ਹਾਂ ਪਹਿਲੀਆਂ ਚੋਣਾਂ ਬਾਰੇ ਟਿੱਪਣੀ ਦਰਜ ਹੈ : "ਇਨ੍ਹਾਂ ਚੋਣਾਂ ਵਿਚ ਉਹ ਸਭ ਬਦਨਾਮ ਤਰੀਕੇ ਵਰਤੇ ਗਏ ਜਿਹੜੇ ਅੱਜ ਕੱਲ੍ਹ ਵਿਧਾਨਸਭਾ ਅਤੇ ਲੋਕਸਭਾ ਦੀਆਂ ਚੋਣਾਂ ਵਿਚ ਵਰਤੇ ਜਾਂਦੇ ਹਨ। ਭਰਿਸ਼ਟਾਚਾਰ ਦੀ ਕੋਈ ਵੀ ਅਜੇਹੀ ਕਿਸਮ ਨਹੀਂ ਹੋਵੇਗੀ ਜਿਹੜੀ ਇਸ ਪਹਿਲੀ ਗੁਰਦਵਾਰਾ ਚੋਣ ਵਿਚ ਨਾ ਵਰਤੀ ਗਈ ਹੋਵੇ। ਚੋਣ ਜਿਤੋ, ਚੰਗੇ ਮੰਦੇ ਵਸੀਲੇ ਦੀ ਕੋਈ ਪ੍ਰਵਾਹ ਨਾ ਕਰੋ : ਸਭ ਮੈਂਬਰਾਂ ਦਾ ਨਾਹਰਾ ਬਣ ਗਿਆ ਸੀ"। ਜੋ ਬੀਜ 1926 ਦੀਆਂ ਚੋਣਾਂ ਵਿਚ ਬੀਜਿਆ ਗਿਆ ਉਹ ਹੁਣ ਕਈ ਗੁਣਾਂ ਵਧੇਰੇ ਪ੍ਰਫੁੱਲਤ ਹੋ ਗਿਆ ਹੈ ਅਤੇ ਸਿੱਖੀ 'ਚ ਆਏ ਨਿਘਾਰ ਦਾ ਮੁੱਖ ਕਾਰਣ ਹੋ ਨਿਬੜਿਆ ਹੈ। ਸਾਰੇ ਸਿੱਖ ਵਿਦਵਾਨ ਇਹ ਸਮਝਦੇ ਹਨ ਕਿ ਗੁਰਦਵਾਰਿਆਂ ਦੀ ਸਾਂਭ ਸੰਭਾਲ ਲਈ ਚੋਣ ਪ੍ਰਣਾਲੀ ਤੋਂ ਬਿਹਤਰ ਕੋਈ ਹੋਰ ਤਰੀਕਾ ਹੋਣਾ ਲਾਜ਼ਮੀ ਹੈ ਕਿਉਂਕਿ ਭਾਰਤ ਅਤੇ ਬਾਹਰਲੇ ਦੇਸ਼ਾਂ ਵਿਚ ਵੀ ਗੁਰਦਵਾਰਿਆਂ ਦੀ ਦੁਰਦਸ਼ਾ ਦਾ ਕਾਰਣ ਚੋਣਾਂ ਹੀ ਹਨ। ਸ਼੍ਰੋਮਣੀ ਕਮੇਟੀ ਦੇ ਮੈਂਬਰ ਇਸ ਅਹੁਦੇ ਨੂੰ ਸਿਆਸਤ ਵਿਚ ਪ੍ਰਵਾਨ ਚੜ੍ਹਨ ਲਈ ਇਕ ਪੌੜੀ ਵਾਂਗ ਹੀ ਵਰਤਦੇ ਹਨ। ਇਹੋ ਕਾਰਣ ਹੈ ਕਿ ਅਕਾਲੀ ਦਲ ਦਾ ਪ੍ਰਧਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਆਪਣੀ ਮੁੱਠੀ ਵਿਚ ਬੰਦ ਰੱਖਣ ਦਾ ਚਾਹਵਾਨ ਹੁੰਦਾ ਹੈ। ਲੋਕਰਾਜੀ ਪ੍ਰੰਪਰਾ ਦਾ ਅਡੰਬਰ ਹੀ ਰਚਿਆ ਜਾਂਦਾ ਹੈ ਅਤੇ ਬੰਦ ਲਿਫਾਫੇ ਵਿਚ ਪ੍ਰਧਾਨ ਦੀ ਚੋਣ ਕੀਤੀ ਜਾਂਦੀ ਹੈ।



Academy of the Punjab in North America: http://www.apnaorg.com

ਪੰਥਕ ਏਕੇ ਦੀ ਗੱਲ ਕਈ ਜਥੇਦਾਰ ਸਾਹਿਬ ਵੀ ਕਰਦੇ ਹਨ। ਕੁੱਝ ਸਾਲ ਪਹਿਲਾਂ ਜਥੇਦਾਰ ਪ੍ਰੋ: ਮਨਜੀਤ ਸਿੰਘ ਹੋਰਾਂ ਚੰਗਾ ਉਪਰਾਲਾ ਕੀਤਾ ਸੀ ਪਰੰਤੂ ਬਾਦਲ ਸਾਹਿਬ ਵਿਟਰ ਗਏ ਅਤੇ ਗੱਲ ਸਿਰੇ ਨਾ ਚੜ੍ਹੀ। ਵੇਦਾਂਤੀ ਜੀ ਇਸ ਏਕਤਾ ਦੇ ਚਾਹਵਾਨ ਹਨ ਪਰੰਤੂ ਬਾਦਲ-ਟੌਹੜਾ ਦੀ ਜੱਫ਼ੀ ਪਵਾ ਕੇ ਹੀ ਬੱਸ ਕਰ ਗਏ। ਪੁਸਤਕ ਦੇ 435 ਪੰਨਾ ਉਪਰ ਪੰਥਕ ਏਕੇ ਬਾਰੇ ਵੀ ਟਿੱਪਣੀ ਮਿਲਦੀ ਹੈ ਜੋ ਪੁਰਾਣੇ ਅਤੇ ਨਵੇਂ ਅਕਾਲੀ ਲੀਡਰਾਂ ਦੇ ਕਿਰਦਾਰ ਦੀ ਸਹੀ ਤਸਵੀਰ ਪੇਸ਼ ਕਰਦੀ ਹੈ : "ਪੰਥਕ ਏਕੇ ਦਾ ਜਜ਼ਬਾਤੀ ਨਾਹਰਾ ਉਸ ਵੇਲੇ ਵਰਤਿਆ ਜਾਂਦਾ ਹੈ ਜਦੋਂ ਇਕ ਸਿੱਖ ਧੜਾ ਕੁੜਿਕੀ ਵਿਚ ਫਸ ਜਾਂਦਾ ਹੈ ਅਤੇ ਉਹ ਕੁੜਿਕੀ ਵਿਚੋਂ ਨਿਕਲਣ ਲਈ ਇਸ ਨਾਹਰੇ ਦੇ ਪੜਦੇ ਪਿੱਛੇ ਚਾਲਾਂ ਤੇ ਕੁਚਾਲਾਂ ਖੇਡਦਾ ਹੈ ਅਤੇ ਮੁਖਾਲਫ ਧੜੇ ਵਿਚ ਖਲਬਲੀ ਮਚਾਉਣ ਦੇ ਯਤਨ ਕਰਦਾ ਹੈ।" ਜਥੇਦਾਰ ਟੌਹੜਾ ਨੂੰ ਸੁਚੇਤ ਰਹਿਣਾ ਚਾਹੀਦਾ ਸੀ ਕਿ ਬਾਦਲ ਦੀ ਪੰਥਕ ਏਕਤਾ ਕਿਸੇ ਕੁੜਿਕੀ ਵਿਚੋਂ ਨਿਕਲਣ ਦੀ ਚਾਲ ਤਾਂ ਨਹੀਂ ?

ਆਓ ਹੁਣ ਵਿਚਾਰੀਏ ਸਿੱਖ ਸਿਆਸਤ ਕਿਸ ਮੋੜ ਤੇ ਖੜ੍ਹੀ ਹੈ ? ਰਿਵਾਇਤ ਅਨੁਸਾਰ ਸ਼੍ਰੋਮਣੀ ਕਮੇਟੀ ਤੇ ਕਾਬਜ ਧੜ੍ਹਾ ਹੀ ਸਿੱਖ ਪੰਥ ਦੀ ਅਗਵਾਈ ਕਰਦਾ ਰਿਹਾ ਹੈ ਜਿਸ ਕਰਕੇ ਬਾਦਲ, ਟੌਹੜੇ ਨੂੰ ਹੱਥਠੋਕੇ ਵਜੋਂ ਹੀ ਵਰਤ ਰਿਹਾ ਹੈ। ਸਿੱਖ ਬੁੱਧੀਜੀਵੀਆਂ ਦਾ ਸਿੱਖ ਸਿਆਸਤ ਵਿਚ ਕਾਣੀ ਕੌਡੀ ਜਿੰਨਾ ਵੀ ਮੁੱਲ ਨਹੀਂ। ਬਾਦਲ ਖਰੀਦੋ ਫਰੋਖਤ ਦਾ ਮਾਹਰ ਹੈ ਅਤੇ ਜਿਵੇਂ ਪੰਥਕ ਸਰਕਾਰ ਨੇ ਕਲਰਕ ਤੋਂ ਲੈ ਕੇ ਯੂਨੀਵਰਸਿਟੀਆਂ ਦੇ ਉਪ-ਕੁਲਪਤੀ ਤੱਕ ਖਰੀਦੇ ਹੋਏ ਸਨ, ਹੁਣ ਤਾਂ ਉਹ ਹਰ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਐਮ.ਐਲ.ਏ. ਨੂੰ ਖਰੀਦ ਸਕਦਾ ਹੈ। ਕੈਪਟਨ ਸਰਕਾਰ ਨੇ ਭਰਿਸ਼ਟਾਚਾਰ ਤੋਂ ਪੜਦਾ ਤਾਂ ਲਾਹਿਆ ਸੀ ਪਰੰਤੂ ਬੀਬੀ ਭੱਠਲ ਨੇ ਕੈਪਟਨ ਦਾ ਭੱਠਾ ਹੀ ਬਿਠਾ ਦਿਤਾ। ਕੇਂਦਰ ਵਿਚ ਭਾਜਪਾ ਦੇ ਦਲਾਲ ਕਿਹੜਾ ਘੱਟ ਹਨ, ਉਹ ਬਾਦਲ ਦੀ ਪਿੱਠ ਠੋਕਣ ਪਹੁੰਚ ਗਏ। ਸੋ ਕਿਰਾੜਾਂ ਨਾਲ ਪਾਈ ਦੋਸਤੀ ਲਾਹੇਵੰਦ ਸਿੱਧ ਹੋਈ। ਚੰਡੀਗੜ੍ਹ ਦੇ ਸਿੱਖ ਬੁੱਧੀਜੀਵੀਆਂ ਨੇ ਇਕ ਮਤਾ ਪਾਸ ਕਰਕੇ ਅਖ਼ਬਾਰਾਂ ਨੂੰ ਭੇਜਿਆ ਜੋ ਛੱਪ ਚੁੱਕਾ ਹੈ। ਇਸ ਵਿਚ ਸਿੱਖ ਲੀਡਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਆਉਣ ਵਾਲੀਆਂ ਲੋਕਸਭਾ ਚੋਣਾਂ ਕਾਂਗਰਸ ਅਤੇ ਭਾਜਪਾ ਗੱਠਜੋੜਾਂ ਤੋਂ ਬਗੈਰ ਪੰਥਕ ਮੁੱਦੇ ਲੈ ਕੇ ਲੜੀਆਂ ਜਾਣ। ਹੋਰ ਖੇਤਰੀ ਪਾਰਟੀਆਂ ਆਪਣੇ ਸੂਬਿਆਂ ਦੀਆਂ ਸਮੱਸਿਆਵਾਂ ਧਿਆਨ ਗੋਚਰੇ ਰੱਖ ਕੇ ਹੀ ਗੱਠਜੋੜ ਵਿਚ ਸ਼ਾਮਲ ਹੁੰਦੀਆਂ ਹਨ। ਪਰੰਤੂ ਬਾਦਲ ਨੇ ਅਕਾਲੀ ਦਲ ਸਦਾ ਲਈ ਭਾਜਪਾ ਦੇ ਗਿਰਵੀ ਕਰ ਰੱਖਿਆ ਹੈ।

ਅਕਾਲੀ ਸਿਆਸਤ ਦੀ ਇਕ ਝਲਕ ਟੀ.ਵੀ. (T.V.) ਉਪਰ ਵੇਖਣ ਨੂੰ ਮਿਲੀ। 21



Academy of the Punjab in North America: http://www.apnaorg.com

ਦਸੰਬਰ 2003 ਨੂੰ ਸਾਢੇ ਗਿਆਰਾਂ ਵਜੇ ਸਵੇਰ ਦੇ, ਐਨ ਡੀ ਟੀ ਵੀ (NDTV) ਚੈਨਲ ਉਪਰ ਪ੍ਰਕਾਸ਼ ਸਿੰਘ ਬਾਦਲ ਦੀ ਇੰਟਰਵੀਊ ਦਾ ਸਿੱਧਾ ਪ੍ਰਸਾਰਣ ਵਿਖਾਇਆ ਜਾ ਰਿਹਾ ਸੀ। ਉਨ੍ਹਾਂ ਦੇ ਜਵਾਬ ਹੂ-ਬਹੂ ਹੇਠ ਲਿਖੇ ਅਨੁਸਾਰ ਰੀਕਾਰਡ ਕੀਤੇ ਪੇਸ਼ ਕਰ ਰਿਹਾ ਹਾਂ :

"ਮੈਂ ਸੰਤ ਜਰਨੈਲ ਸਿੰਘ ਹੋਰਾਂ ਨੂੰ ਕੇਵਲ ਇਕ ਅਤਿਵਾਦੀ (militant) ਮੰਨਦਾ ਹਾਂ। ਅਟੱਲ ਬਿਹਾਰੀ ਵਾਜਪਾਈ ਭਾਰਤ ਦਾ ਸਭ ਤੋਂ ਵੱਧ ਧਰਮ-ਨਿਰਪੇਖ (secular) ਸਿਆਸੀ ਆਗੂ ਹੈ ਜਿਸ ਕਰਕੇ ਮੈਂ ਤਨੋ ਮਨੋ ਬੀ.ਜੇ.ਪੀ. ਦੇ ਨਾਲ ਹਾਂ। ਮੈਂ ਖਾਲਿਸਤਾਨ ਨਹੀਂ ਚਾਹੁੰਦਾ। ਮੈਂ ਸਿਆਸਤ ਲਈ ਧਰਮ ਨੂੰ ਨਹੀਂ ਵਰਤਦਾ। ਮੈਂ ਰਿਸ਼ਵਤਖੋਰ (corrupt) ਨਹੀਂ ਹਾਂ। ਮੇਰੀ ਜਾਇਦਾਦ ਅਤੇ ਦੌਲਤ ਮੇਰੀ ਪੰਜ ਰਾਜਾਂ ਵਿਚ ਜੱਦੀ ਜ਼ਮੀਨ ਦੀ ਮਲਕੀਅਤ ਕਰਕੇ ਹੈ। ਮੈਂ ਕਾਂਗਰਸ ਪਾਰਟੀ ਛੱਡ ਕੇ ਅਕਾਲੀ ਬਣਿਆਂ ਹਾਂ। ਮੈਂ ਚਾਹੁੰਦਾ ਹਾਂ ਕਿ ਵਾਜਪਾਈ ਪ੍ਰਧਾਨਮੰਤਰੀ ਬਣੇ ਨਾ ਕਿ ਸੋਨੀਆ ਗਾਂਧੀ ਜੋ ਵਿਦੇਸ਼ੀ ਮੂਲ ਦੀ ਹੈ।"

ਇਹ ਇੰਟਰਵੀਊ ਹਰ ਸਿੱਖ ਵੋਟਰ ਦੀਆਂ ਅੱਖਾਂ ਖੋਹਲਣ ਲਈ ਕਾਫੀ ਹੈ ਪਰੰਤੂ ਸਿੱਖ ਵੋਟਰ ਤਾਂ ਅੱਖਾਂ ਉਪਰ ਪੱਟੀ ਬੰਨੀ ਫਿਰਦਾ ਹੈ। ਉਹ ਪੰਥ ਦੇ ਨਾਮ ਉਪਰ ਠੱਗਿਆ ਜਾਂਦਾ ਰਿਹਾ ਹੈ। ਸਿੱਖ ਸਿਆਸਤ ਨੇ ਸਿੱਖੀ ਕਿਰਦਾਰ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿਤਾ ਹੈ। ਭੇਖੀ ਸਿੱਖ ਲੀਡਰਸ਼ਿਪ ਨੇ ਆਪਣੀਆਂ ਕਾਲੀਆਂ ਕਰਤੂਤਾਂ ਨਾਲ ਸਿੱਖ ਮਾਨਸਿਕਤਾ ਉਪਰ ਡੂੰਘੀ ਸੱਟ ਮਾਰੀ ਹੈ। ਗੁਰੂ ਨਾਨਕ – ਗੁਰੂ ਗੋਬਿੰਦ ਸਿੰਘ ਦੀਆਂ ਕਦਰਾਂ-ਕੀਮਤਾਂ ਤੋਂ ਵਿਹੂਣੀ ਸਿੱਖੀ ਹੁਣ ਆਪਣੇ ਉਜਲੇ ਭਵਿੱਖ ਲਈ ਦਿਸਹੱਦੇ ਨਹੀਂ ਮਿਥ ਰਹੀ ਸਗੋਂ ਦਿਸ਼ਾਹੀਣ ਹੋ ਕੇ ਭਟਕ ਰਹੀ ਹੈ। ਪ੍ਰੋ: ਕਿਰਪਾਲ ਸਿੰਘ ਹਿਸਟੋਰੀਅਨ ਇਸ ਭਟਕਣ ਦਾ ਕਾਰਣ ਸਿੱਖੀ ਉਪਰ ਰਜ਼ਵਾੜਾਸ਼ਾਹੀ (feudal) ਤਾਕਤਾਂ ਦਾ ਗਲਬਾ ਦੱਸਦੇ ਹਨ। ਪਹਿਲਾਂ ਸਰਦਾਰ ਬਲਦੇਵ ਸਿੰਘ ਨੇ ਸਿੱਖ ਲੀਡਰਸ਼ਿਪ ਨੂੰ ਖਰੀਦ ਰੱਖਿਆ ਸੀ ਅਤੇ ਹੁਣ ਪ੍ਰਕਾਸ਼ ਸਿੰਘ ਬਾਦਲ ਨੇ ਸਭ ਨੂੰ ਆਪਣੀ ਕਮਾਨ ਹੇਠ ਮਲਕੀਅਤ ਬਣਾ ਰੱਖਿਆ ਹੈ। ਜੋ ਹਾਲ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਬਾਅਦ ਸਿੱਖੀ ਦਾ ਹੋਇਆ ਉਹੋ ਹੀ ਹੁਣ ਵਾਪਰ ਰਿਹਾ ਹੈ। ਸਾਰੇ ਪੰਜਾਬ ਵਿਚ ਕੇਸਾਧਾਰੀ ਸਿੱਖਾਂ ਦੀ ਗਿਣਤੀ ਕੇਵਲ ਅੱਠ ਲੱਖ ਹੀ ਰਹਿ ਗਈ ਸੀ ਬਾਕੀ ਸਾਰੇ ਬ੍ਰਾਹਮਣਵਾਦ ਦੀ ਲਪੇਟ ਵਿਚ ਆ ਕੇ ਪੱਤਿਤ ਹੋ ਗਏ ਸਨ।

ਸ਼੍ਰੋਮਣੀ ਕਮੇਟੀ ਦੇ ਨਵੇਂ ਬਣੇ ਪ੍ਰਧਾਨ ਬਡੂੰਗਰ ਜੀ ਦਾ ਬਿਆਨ ਆਇਆ ਹੈ ਕਿ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਲਈ ਪੰਜਾਬ ਦੇ ਪਿੰਡਾਂ ਵਿਚ ਢਾਢੀ ਜਥੇ ਭੇਜੇ ਜਾਣਗੇ। ਭਲਾ ਕੋਈ ਪੁੱਛੇ ਕਿ ਇਕੀਵੀਂ ਸਦੀ ਵਿਚ ਅਠਾਰਵੀਂ ਸਦੀ ਦੀ ਤਰਜ਼ ਉਪਰ ਪ੍ਰਚਾਰ ਸਫ਼ਲ ਹੋਵੇਗਾ ? 25 ਅਗਸਤ ਨੂੰ ਜਦੋਂ ਸੌਦਾ ਸਾਧ ਬਾਰੇ ਫੈਸਲਾ ਆਇਆ ਤਾਂ ਬਾਦਲ ਪ੍ਵਾਰ ਸਣੇ ਕਈ ਅਕਾਲੀ



Academy of the Punjab in North America: http://www.apnaorg.com

ਅਤੇ ਕਾਂਗਰਸੀ ਸਿੱਖਾਂ ਦੇ ਘਰਾਂ ਵਿਚ ਮਾਤਮ ਛਾ ਗਿਆ। ਸਭ ਨੂੰ ਪਤਾ ਹੈ ਕਿ ਵੋਟਾਂ ਦੀ ਭੀਖ ਮੰਗਣ ਅਕਾਲੀ ਲੀਡਰ ਸਭ ਤੋਂ ਮੂਹਰੇ ਸਨ। ਸੌਦਾ ਸਾਧ ਕੋਲ ਨੱਕ ਰਗੜਣ ਦੇ ਬਾਵਜੂਦ ਅਕਾਲੀ-ਭਾਜਪਾ ਸਰਕਾਰ ਹਾਰ ਗਈ। ਜਥੇਦਾਰ ਅਕਾਲ ਤਖ਼ਤ ਦੀਆਂ ਕਰਤੂਤਾਂ ਬਾਰੇ ਗੱਲ ਕਰਨੀ ਅਕਾਲ ਤਖ਼ਤ ਦੀ ਹੇਠੀ ਹੋਵੇਗੀ।

ਜਥੇਦਾਰ ਜੀ ਨੇ 'ਪ੍ਰੇਮੀਆਂ' ਨੂੰ ਘਰ ਵਾਪਸੀ ਦਾ ਸੱਦਾ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਸਲਾਹਕਾਰ ਕਮੇਟੀ ਬਣਾ ਕੇ ਠੋਸ ਕਦਮ ਚੁੱਕਣ ਦੀ ਪਹਿਲ ਕਰਨੀ ਚਾਹੀਦੀ ਹੈ। ਗਰੀਬ ਅਤੇ ਦਲਿਤ ਵਰਗ ਦੇ ਸਿੱਖਾਂ ਲਈ ਸਹੂਲਤਾਂ ਦਾ ਐਲਾਨ ਕੀਤਾ ਜਾਵੇ। ਜਿਵੇਂ ਕਿ ਬੱਚਿਆਂ ਲਈ ਮੁਫ਼ਤ ਵਿਦਿਆ, ਸਿਹਤ ਸਹੂਲਤਾਂ ਅਤੇ ਬਰਾਬਰ ਦਾ ਸਤਿਕਾਰ ਜੋ ਸਿੱਖੀ ਦਾ ਮਿਸ਼ਨ ਹੋਇਆ ਕਰਦਾ ਸੀ।

***



Academy of the Punjab in North America: http://www.apnaorg.com

# 26.

# ਸਿੱਖ ਧਰਮ ਅਤੇ ਆਧੁਨਿਕ ਵਿਗਿਆਨ

ਧਰਮ ਅਤੇ ਵਿਗਿਆਨ 'ਸੱਚ' ਦੀ ਖੋਜ ਦੇ ਸਮਰਥਕ ਹਨ। ਧਰਮ ਦਾ ਖੇਤਰ 'ਚੇਤਨ' ਸੰਸਾਰ ਹੈ ਅਤੇ ਵਿਗਿਆਨ ਹਾਲੇ ਤੱਕ 'ਜੜ' ਜਗਤ ਦੇ ਗੁਹਜ ਭੇਦਾਂ ਦੀ ਛਾਣਬੀਣ ਕਰਨ ਵੱਲ ਰੁਚਿਤ ਹੈ। ਸਿੱਖ ਧਰਮ ਨੇ ਜੜ੍ਹ ਅਤੇ ਚੇਤਨ ਦੋਹਾਂ ਨੂੰ ਮਾਨਤਾ ਪ੍ਰਦਾਨ ਕੀਤੀ ਹੈ।

ੴ

ਨਿਰਗੁਣ (ਚੇਤਨ) — ਸਰਗੁਣ (ਜੜ੍ਹ)

*ਸਰਗੁਣ ਨਿਰਗੁਣ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰ ਜਾਪਿ ॥*

(ਗਉੜੀ ਸੁਖਮਨੀ ਮ:5, ਪੰਨਾ 290)

ਸਿੱਖ ਧਰਮ ਦੇ ਮੌਲਿਕ ਸੰਕਲਪ ਅਨੁਸਾਰ ਨਿਰੰਕਾਰ ਆਪ ਹੀ ਕਰਤਾ ਹੈ ਅਤੇ ਆਪ ਹੀ ਕਾਰਣ ਹੈ। ਏਕ ਤੋਂ ਅਨੇਕ ਵੀ ਆਪ ਹੀ ਹੈ। ਕਰਤਾ ਪੁਰਖ ਹੋਣ ਕਰਕੇ ਸ੍ਰਿਸਟੀ ਦਾ ਨਮਿਤ ਅਤੇ ਉਪਾਦਾਨ ਕਾਰਨ ਵੀ ਆਪ ਹੀ ਹੈ।

*ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ॥*
*ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥*

(ਗਉੜੀ ਬਾਵਨ ਅੱਖਰੀ ਮ: 5, ਪੰਨਾ 250)

ਆਧੁਨਿਕ ਵਿਗਿਆਨ, ਜੜ੍ਹ ਮਾਦੇ ਦੀ ਖੋਜ ਦੀ ਇੰਤਹਾ ਤੱਕ ਪਹੁੰਚ ਕੇ ਹੁਣ ਇਸ ਦੇ ਚੇਤਨ ਪੱਖ ਵੱਲ ਰੁਚਿਤ ਹੋਇਆ ਹੈ। ਵਿਗਿਆਨੀਆਂ ਦੇ ਦੋ ਗਰੁੱਪ ਬਣ ਗਏ ਹਨ, ਇਕ ਤਾਂ ਸ੍ਰਿਸਟੀ ਰਚਨਾ ਦੀ ਉਤਪਤੀ, ਹੋਂਦ ਅਤੇ ਵਿਕਾਸ ਦਾ ਮੂਲ ਕਾਰਣ ਕੁਝ ਵਿਸ਼ਵ ਵਿਆਪੀ ਨਿਯਮ ਹੀ ਸਮਝ ਬੈਠਾ ਹੈ ਪਰੰਤੂ ਦੂਸਰੇ ਗਰੁੱਪ ਦੇ ਵਿਗਿਆਨੀ ਚੇਤਨਤਾ ਦੀ ਹਾਮੀ ਵੀ ਭਰਨ ਲੱਗ ਪਏ ਹਨ, ਭਾਵੇਂ ਅੱਜ ਤੱਕ ਉਹ ਕਿਸੇ ਕਰਤਾਰੀ ਸ਼ਕਤੀ ਦੀ ਹੋਂਦ ਤੋਂ ਮੁਨਕਰ ਹਨ। ਸਿੱਖ ਧਰਮ ਇਕ ਪਰਮਾਤਮਾ ਦੀ ਹੋਂਦ ਦਾ ਮੁਦਈ ਹੈ ਅਤੇ ਸਾਰੀ ਰਚਨਾ ਦਾ ਸਿਰਜਣਹਾਰ ਵੀ ਉਸ



Academy of the Punjab in North America: http://www.apnaorg.com

ਨੂੰ ਮੰਨਦਾ ਹੈ।

*ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥*

(ਗਉੜੀ ਸੁਖਮਨੀ ਮ: 5, ਪੰਨਾ 276)

*ਆਪਹਿ ਕੀਆ ਕਰਾਇਆ ਆਪਹਿ ਕਰਨੈ ਜੋਗੁ ॥*
*ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ ॥*

(ਗਉੜੀ ਬਾਵਨ ਅੱਖਰੀ ਮ: 5, ਪੰਨਾ 250)

*ਇਕਸ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਇ ਜੀਉ ॥*

(ਮਾਝ ਮਹਲਾ 5, ਪੰਨਾ 131)

ਅਕਾਲ ਉਸਤਤ ਵਿਚ ਗੁਰੂ ਗੋਬਿੰਦ ਸਿੰਘ ਮਹਾਰਾਜ ਆਦਿ ਗ੍ਰੰਥ ਦੀ ਧਾਰਣਾ ਦੀ ਪ੍ਰੋੜਤਾ ਕਰਦੇ ਹਨ:

*ਪ੍ਰਣਵੋ ਆਦਿ ਏਕੰਕਾਰਾ॥*
*ਜਲਥਲ ਮਹੀਅਲ ਕੀਓ ਪਸਾਰਾ ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ*
*ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿਗੇ ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿਗੇ ॥*
*ਤੈਸੇ ਬਿਸਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿਗੇ ॥*

ਸਿੱਖ ਧਰਮ ਦੇ ਸੰਕਲਪ ਵਿਚ ਰਤਾ ਭਰ ਵੀ ਸ਼ੱਕ ਦੀ ਗੁੰਜਾਇਸ਼ ਨਹੀਂ ਹੈ ਕਿ ਇਸ ਰਚਨਾ ਦਾ ਕਰਤਾ ਕੌਣ ਹੈ। ਕਰਤਾਪੁਰਖ ਆਪ ਹੀ ਪ੍ਰਪੰਚ ਚਲਾ ਰਿਹਾ ਹੈ। ਜਿਸ ਤਰ੍ਹਾਂ ਵਿਗਿਆਨੀ ਨਿਯਮਾਂ ਦੀ ਖੋਜ ਕਰ ਰਿਹਾ ਹੈ, ਇਸੇ ਤਰ੍ਹਾਂ ਹੀ ਬ੍ਰਹਮ ਗਿਆਨੀ 'ਹੁਕਮ' ਦੇ ਨਿਯਮਾਂ ਦੀ ਪਹਿਚਾਣ ਕਰ ਲੈਂਦਾ ਹੈ। ਵਿਗਿਆਨ ਅਤੇ ਬ੍ਰਹਮ ਗਿਆਨ ਦੇ ਖੇਤਰ ਭਾਵੇਂ ਅਲਹਿਦਾ ਹਨ ਪਰੰਤੂ ਭਵਿੱਖ ਵਿਚ ਇਹ ਇਕ ਦੂਜੇ ਦੇ ਪੂਰਕ ਹੋ ਨਿਬੜਣਗੇ।

ਵਿਸ਼ਵ ਭਰ ਵਿਚ ਧਰਮ ਅਤੇ ਵਿਗਿਆਨ ਮੁੱਢ ਤੋਂ ਹੀ ਦੋ ਅਸਮਾਨਾਂਤਰ ਵਿਸ਼ੇ ਮੰਨੇ ਜਾਂਦੇ ਰਹੇ ਹਨ। ਪੂਰਬੀ ਅਤੇ ਪੱਛਮੀ ਧਰਮ ਗ੍ਰੰਥਾਂ ਵਿਚ ਬ੍ਰਹਿਮੰਡ ਦੀ ਰਚਨਾ ਦਾ ਜੋ ਸੰਕਲਪ ਪੇਸ਼ ਕੀਤਾ ਗਿਆ ਉਹ ਵਿਗਿਆਨ ਦੀ ਧਾਰਣਾ ਤੇ ਪੂਰਾ ਨਾ ਉਤਰਿਆ ਅਤੇ ਝੁਠਲਾਇਆ



Academy of the Punjab in North America: http://www.apnaorg.com

ਗਿਆ। ਸਿੱਟੇ ਵੱਜੋਂ ਈਸਾਈ ਮੱਤ ਦੇ ਪੈਰੋਕਾਰਾਂ ਨੇ ਕਈ ਉਘੇ ਵਿਗਿਆਨੀਆਂ ਨੂੰ ਕੈਦ ਕੀਤਾ, ਤਸੀਹੇ ਦਿੱਤੇ ਅਤੇ ਮੌਤ ਦੇ ਘਾਟ ਉਤਾਰਿਆ। ਇਨ੍ਹਾਂ ਵਿਚ ਕਾਪਰਨੀਕਸ, ਗੈਲੀਲੀਓ ਅਤੇ ਟਾਈਕੋ ਬਰਾਹੇ ਦੇ ਨਾਮ ਵਰਨਣਯੋਗ ਹਨ। ਰੋਮ ਦੇ ਪੋਪ ਵੱਲੋਂ ਗੈਲੀਲੀਓ ਵਿਰੁੱਧ ਫਤਵਾ ਜਾਰੀ ਕੀਤਾ ਗਿਆ ਅਤੇ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਪਿੱਛੇ ਜਹੇ ਇਹ ਫਤਵਾ ਵਾਪਸ ਲਿਆ ਗਿਆ ਹੈ ਅਤੇ ਪੋਪ ਨੇ ਗੈਲੀਲੀਓ ਨੂੰ ਉਸ ਦੇ ਦੋਸ਼ ਤੋਂ ਸੁਰਖਰੂ ਕਰ ਦਿੱਤਾ ਹੈ। ਗੈਲੀਲੀਓ ਦਾ ਕਸੂਰ ਕੇਵਲ ਇਹੋ ਸੀ ਕਿ ਉਸ ਨੇ ਵਿਗਿਆਨਕ ਸੱਚ ਦੀ ਪ੍ਰੋੜਤਾ ਕੀਤੀ ਸੀ ਅਤੇ ਆਪਣੀ ਰਚਨਾ ਵਿਚ ਸਪੱਸ਼ਟ ਕਰ ਦਿੱਤਾ ਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ। ਕਾਪਰਨੀਕਸ ਇਸ ਸਿਧਾਂਤ ਦਾ ਮੋਢੀ ਸੀ ਪਰੰਤੂ ਜਦੋਂ ਟਾਈਕੋ ਬਰਾਹੇ ਨੇ ਇਸ ਦੀ ਪ੍ਰੋੜਤਾ ਕੀਤੀ ਤਾਂ ਉਸ ਨੂੰ ਰੋਮਨ ਕੈਥੋਲਿਕ ਧਰਮ ਦੇ ਠੇਕੇਦਾਰਾਂ ਨੇ ਜਿੰਦਾ ਹੀ ਅਗਨੀ ਭੇਂਟ ਕਰ ਦਿੱਤਾ। ਇਸੇ ਤਰ੍ਹਾਂ ਹੀ ਡਾਰਵਿਨ ਦਾ ਜੀਵਨ ਵਿਕਾਸ ਸਿਧਾਂਤ ਵੀ ਬਾਈਬਲ ਦੇ ਪਹਿਲੇ ਅਧਿਆਏ ਵਿਚ ਅੰਕਿਤ ਉਤਪਤੀ ਸਿਧਾਂਤ ਦੇ ਵਿਰੋਧ ਵਿਚ ਪੇਸ਼ ਹੋਇਆ ਅਤੇ ਯੂਰਪ ਦੀਆਂ ਯੂਨੀਵਰਸਿਟੀਆਂ ਵਿਚ ਇਸ ਦੀ ਡਟ ਕੇ ਨਿਖੇਧੀ ਕੀਤੀ ਗਈ। ਈਸਾਈ ਧਰਮ ਅਤੇ ਵਿਗਿਆਨ ਦੀ ਟੱਕਰ ਜੋ ਰੋਮਨ ਸਲਤਨਤ ਦੇ ਸਮੇਂ ਸ਼ੁਰੂ ਹੋਈ ਅਜੇ ਤੱਕ ਜਾਰੀ ਹੈ।

ਇਸਲਾਮ ਦੇ ਪੈਰੋਕਾਰ ਵੀ ਕੁਰਾਨ ਸ਼ਰੀਫ ਨੂੰ ਰੱਬੀ ਇਲਹਾਮ ਮੰਨਦੇ ਹਨ। ਇਸ ਮੱਤ ਅਨੁਸਾਰ ਵਿਸ਼ਵ ਰਚਨਾ 'ਕੁਨ' ਸ਼ਬਦ ਦੇ ਉਚਾਰਣ ਤੋਂ ਸ਼ੁਰੂ ਹੋਈ। ਅਕਾਸ ਅਤੇ ਪਤਾਲ ਦੋਵੇਂ ਹੀ ਸੱਤ ਪਰਤਾਂ ਵਿਚ ਕਾਇਮ ਹਨ। ਕਿਆਮਤ ਦੇ ਦਿਨ ਰੱਬੀ ਰਜ਼ਾ ਅਨੁਸਾਰ ਰੂਹਾਂ ਨੂੰ ਬਹਿਸ਼ਤ ਅਤੇ ਦੋਜ਼ਖ ਵਿਚ ਭੇਜਿਆ ਜਾਵੇਗਾ। ਆਸਾ ਦੀ ਵਾਰ ਵਿਚ ਗੁਰੂ ਨਾਨਕ ਸਾਹਿਬ ਇਸ ਸੰਕਲਪ ਉਪਰ ਜ਼ੋਰਦਾਰ ਆਲੋਚਨਾ ਕਰਦੇ ਹਨ : "ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ...." ਇਸਲਾਮ ਮੱਤ ਕਈ ਸਿਧਾਂਤਾਂ ਵਿਚ ਈਸਾਈ ਧਰਮ ਨਾਲ ਸਾਂਝ ਰੱਖਦਾ ਹੈ ਅਤੇ ਮੁਢਲੇ ਪੈਗੰਬਰ ਵੀ ਸਾਂਝੇ ਹਨ।

ਪੂਰਬੀ ਧਰਮਾਂ ਵਿਚ ਬੁੱਧ ਧਰਮ, ਜੈਨ ਧਰਮ, ਹਿੰਦੂ ਧਰਮ ਅਤੇ ਸਿੱਖ ਧਰਮ ਸ਼ਾਮਲ ਹਨ। ਵਿਸ਼ਵ ਦੀ ਉਤਪਤੀ ਅਤੇ ਵਿਕਾਸ ਬਾਰੇ ਸਭ ਧਰਮਾਂ ਨੇ ਸੰਕਲਪ ਪੇਸ਼ ਕੀਤੇ। ਬੁੱਧ ਧਰਮ ਵਿਚ ਸ੍ਰਿਸ਼ਟੀ ਦਾ ਕੋਈ ਕਰਤਾ ਨਹੀਂ ਮੰਨਿਆ ਗਿਆ ਕਿਉਂਕਿ ਬੁੱਧ ਮੱਤ ਈਸ਼ਵਰ ਦੀ ਹੋਂਦ ਤੋਂ ਹੀ ਮੁਨਕਰ ਹੈ। ਜੈਨ ਧਰਮ ਨੇ 'ਪੁਦਗਲ' ਦਾ ਸਿਧਾਂਤ ਪੇਸ਼ ਕੀਤਾ ਅਤੇ ਵਿਗਿਆਨਕ ਤਰਕ ਦਾ ਆਸਰਾ ਲਿਆ। ਹਿੰਦੂ ਧਰਮ ਵਿਚ ਅਨੇਕ ਭਾਂਤ ਦੇ ਸੰਕਲਪ ਪੇਸ਼ ਹੋਏ ਹਨ। ਸਾਂਖ ਸ਼ਾਸਤਰ ਵਿਚ ਪੁਰਖ ਅਤੇ ਪ੍ਰਕ੍ਰਿਤੀ ਦਾ ਸਿਧਾਂਤ ਪੇਸ਼ ਕੀਤਾ ਗਿਆ ਹੈ। ਪੁਰਖ ਅਤੇ ਪ੍ਰਕ੍ਰਿਤੀ ਦੋਵੇਂ ਹੀ ਅਨਾਦੀ ਮੰਨੇ ਗਏ ਹਨ ਅਤੇ ਦੋਨਾਂ ਦੇ ਮੇਲ ਤੋਂ ਹੀ ਸ੍ਰਿਸ਼ਟੀ ਰਚਨਾ ਹੋਈ ਹੈ। ਗੁਰਮਤਿ ਅਨੁਸਾਰ ਸ੍ਰਿਸ਼ਟੀ ਰਚਨਾ ਦਾ ਕਾਰਣ ਕਰਤਾ ਪੁਰਖ ਆਪ ਹੀ ਹੈ ਅਤੇ



Academy of the Punjab in North America: http://www.apnaorg.com

ਕੇਵਲ ਕਰਤਾ ਪੁਰਖ ਹੀ ਅਨਾਦੀ ਹੈ।

ਸਿੱਖ ਧਰਮ ਪੂਰਬੀ ਧਰਮਾਂ ਦੀ ਲੜੀ ਵਿਚ ਸਭ ਤੋਂ ਵਧੇਰੇ ਮੌਲਿਕ ਅਤੇ ਇਨਕਲਾਬੀ ਵਿਚਾਰਧਾਰਾ ਦਾ ਸਮਰਥਕ ਹੈ। ਇਸ ਦੇ ਬਾਨੀ ਗੁਰੂ ਨਾਨਕ ਸਾਹਿਬ ਆਪਣੀ ਰਚਨਾ ਵਿਚ ਪੁਰਾਤਨ ਧਰਮਾਂ ਦੇ ਸਿਧਾਂਤਾਂ ਦਾ ਖੰਡਨ-ਮੰਡਨ ਕਰਦੇ ਹਨ ਅਤੇ ਇਨ੍ਹਾਂ ਉਪਰ ਆਲੋਚਨਾ ਅਤੇ ਕਟਾਖਸ਼ ਵੀ ਕਰਦੇ ਹਨ।'ਆਸਾ ਦੀ ਵਾਰ', 'ਸਿਧ ਗੋਸਟਿ' ਅਤੇ ਹੋਰ ਬਾਣੀਆਂ ਵਿਚ ਗੁਰੂ ਸਾਹਿਬ ਦੀਆਂ ਟਿੱਪਣੀਆਂ ਅਤੇ ਦਲੀਲਾਂ ਬੜੇ ਵਿਗਿਆਨਕ ਤਰਕ ਨਾਲ ਅੰਕਿਤ ਹਨ।ਹਵਾਲੇ ਲਈ ਕੁਝ ਉਦਾਹਰਣਾਂ ਹੇਠ ਦਰਜ ਹਨ:

ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥
ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥

(ਜਪੁਜੀ ਸਾਹਿਬ, ਪੰਨਾ 3)

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥
ਵੇਲ ਨਾ ਪਾਈਆ ਪੰਡਤੀ ਜਿ ਹੋਵੈ ਲੇਖ ਪੁਰਾਣੁ ॥
ਵਖਤੁ ਨਾ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥

(ਜਪੁਜੀ ਸਾਹਿਬ, ਪੰਨਾ 4)

*ਆਦਿ ਕਉ ਕਵਨ ਬੀਚਾਰ ਕਥੀਅਲੇ ?*
*ਆਦਿ ਕਉ ਬਿਸਮਾਦ ਬੀਚਾਰੁ ਕਥੀਅਲੇ ॥*

(ਸਿਧ ਗੋਸਟਿ, ਪੰਨਾ 940)

## ਸਿੱਖ ਧਰਮ ਦੀ ਵਿਗਿਆਨਕ ਵਿਚਾਰਧਾਰਾ

ਆਦਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਮਨੋਰਥ ਧਰਤੀ ਉਪਰ ਗੁਰਮੁਖ ਪੈਦਾ ਕਰਨਾ ਹੈ। ਗੁਰਮੁਖ ਇਕ ਆਦਰਸ਼ਕ ਮਨੁੱਖ ਹੈ ਜਿਸ ਦਾ ਮਾਡਲ ਸਿੱਖ ਧਰਮ ਨੇ ਪੇਸ਼ ਕੀਤਾ। ਗੁਰਮੁਖ ਜੀਵਨ ਦੀ ਘਾਤਤ ਬਾਣੀ ਵਿਚ ਦੱਸੇ ਮਾਰਗ 'ਤੇ ਚੱਲ ਕੇ ਸੰਭਵ ਹੈ। 'ਸਿਧ ਗੋਸਟਿ' ਅਤੇ ਹੋਰ ਬਾਣੀਆਂ ਵਿਚ ਗੁਰਮੁਖ ਪਦ ਦੀ ਵਿਆਖਿਆ ਮਿਲਦੀ ਹੈ।

ਸਿੱਖ ਧਰਮ ਦੀ ਵਿਚਾਰਧਾਰਾ ਅੰਧਵਿਸ਼ਵਾਸ ਦੀ ਵਿਰੋਧਤਾ ਕਰਦੀ ਹੈ। ਰੂੜ੍ਹੀਵਾਦੀ



Academy of the Punjab in North America: http://www.apnaorg.com

ਪਰੰਪਰਾਗਤ ਭਾਰਤੀ ਧਰਮਾਂ ਦੇ ਵਹਿਮਾਂ ਭਰਮਾਂ ਦੇ ਜਾਲ ਦਾ ਪਰਦਾ ਫਾਸ਼ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿਚ ਖੰਡਨ ਅਤੇ ਮੰਡਨ ਵਿਧੀ ਦੀ ਵਰਤੋਂ ਬੜੀਆਂ ਠੋਸ ਵਿਗਿਆਨਕ ਦਲੀਲਾਂ ਉਪਰ ਅਧਾਰਿਤ ਹੈ। ਜਪੁਜੀ ਸਾਹਿਬ, ਆਸਾ ਦੀ ਵਾਰ, ਸਿੱਧ ਗੋਸਟਿ ਅਤੇ ਮਾਰੂ ਸੋਲਹੇ ਦੀਆਂ ਬਾਣੀਆਂ ਵਿਚ ਆਪ ਦਾ ਚਿੰਤਨ ਪ੍ਰਕ੍ਰਿਤੀ ਦੇ ਗੁਹਜ ਭੇਦਾਂ ਨੂੰ ਉਘਾੜਦਾ ਹੈ। ਇਹ ਭੇਦ ਅਤੇ ਇਨ੍ਹਾਂ ਉਪਰ ਆਧਾਰਿਤ ਤੱਥ ਅਠਾਰਵੀਂ ਸਦੀ ਤੱਕ ਆਧੁਨਿਕ ਵਿਗਿਆਨ ਦੀ ਕਲਪਨਾ ਤੋਂ ਬਾਹਰ ਸਨ। ਸਿੱਖ ਵਿਚਾਰਧਾਰਾ ਨੂੰ ਜੇਕਰ ਵਿਗਿਆਨਕ ਪ੍ਰੰਪਰਾ ਲਈ ਗਾਡੀਰਾਹ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਯੂਰਪ ਵਿਚ ਸੋਲਵੀਂ ਸਦੀ ਪੁਨਰਸੁਰਜੀਤੀ ਦਾ ਯੁੱਗ ਕਿਹਾ ਜਾਂਦਾ ਹੈ, ਜਿਸ ਦੌਰਾਨ ਆਧੁਨਿਕ ਵਿਗਿਆਨ ਦਾ ਦੌਰ ਸ਼ੁਰੂ ਹੁੰਦਾ ਹੈ। ਪਰੰਤੂ ਬੜੇ ਅਚੰਭੇ ਦੀ ਗੱਲ ਹੈ ਕਿ ਸਿੱਖ ਧਰਮ ਦੀ ਮੌਲਿਕ ਵਿਚਾਰਧਾਰਾ ਕਿਸੇ ਵਿਗਿਆਨਕ ਪਰੰਪਰਾ ਨੂੰ ਜਨਮ ਨਾ ਦੇ ਸਕੀ, ਇਸ ਤੱਥ ਦੀ ਪੜਚੋਲ ਕਰਨੀ ਬਣਦੀ ਹੈ ।

ਆਧੁਨਿਕ ਵਿਗਿਆਨ ਨੇ ਸਦੀਆਂ ਦੀ ਖੋਜ ਉਪਰੰਤ ਬ੍ਰਹਿਮੰਡ ਦੀ ਰਚਨਾ ਦਾ ਜੋ ਮਾਡਲ ਘੜਿਆ ਹੈ ਉਹ ਸਿੱਖ ਵਿਰਚਾਰਧਾਰਾ ਨਾਲ ਇੰਨ-ਬਿੰਨ ਮੇਲ ਖਾਂਦਾ ਹੈ। ਭਾਵੇਂ ਗੁਰੂ ਸਾਹਿਬ ਵਿਗਿਆਨੀਆਂ ਵਾਂਗ ਕਿਸੇ ਗਿਣਤੀ ਮਿਣਤੀ ਵਿਚ ਨਹੀਂ ਪਏ ਪਰੰਤੂ ਬ੍ਰਹਿਮੰਡ ਰਚਨਾ ਤੋਂ ਪਹਿਲਾਂ ਜੁਗਾਦਿ, ਰਚਨਾ ਦੇ ਆਦਿ ਅਤੇ ਪਸਾਰੇ ਬਾਰੇ ਜੋ ਸੰਕਲਪ ਪੇਸ਼ ਕੀਤੇ ਹਨ ਉਹ ਵਿਗਿਆਨਕ ਤੱਥਾਂ ਨਾਲ ਮੇਲ ਖਾਂਦੇ ਹਨ।

ਰੇਡੀਓ-ਦੂਰਬੀਨਾਂ ਦੀ ਮਦਦ ਨਾਲ ਤਾਰਾ ਵਿਗਿਆਨੀਆਂ ਨੇ ਨਵੇਂ ਲੱਭੇ ਤਾਰਿਆਂ ਦੀ ਰੋਸ਼ਨੀ ਦੀ ਜਾਂਚ ਪੜਤਾਲ ਕਰਕੇ ਇਹ ਪਤਾ ਲਗਾਇਆ ਹੈ ਕਿ ਬ੍ਰਹਿਮੰਡੀ ਪਸਾਰਾ ਸ਼ੁਰੂ ਹੋਇਆਂ ਲਗਭਗ ਵੀਹ ਅਰਬ ਵਰ੍ਹੇ ਹੋ ਗਏ ਹਨ। ਪਸਾਰਾ ਕਿਵੇਂ ਸ਼ੁਰੂ ਹੋਇਆ, ਕਦੋਂ ਹੋਇਆ ਅਤੇ ਕਿਉਂ ਹੋਇਆ ਇਸ ਬਾਰੇ ਆਧੁਨਿਕ ਵਿਗਿਆਨ ਕੋਈ ਠੋਸ ਨਿਰਣਾ ਨਹੀਂ ਲੈ ਸਕਿਆ। ਕਈ ਤਰ੍ਹਾਂ ਦੇ ਕਿਆਸ ਕਰਕੇ ਸਿਧਾਂਤਕ ਮਾਡਲ ਘੜੇ ਗਏ ਹਨ। ਪ੍ਰਵਾਣਿਤ ਧਾਰਨਾ ਅਨੁਸਾਰ ਬ੍ਰਹਿਮੰਡ ਦੀ ਰਚਨਾ ਇਕ ਮਹਾਂ ਤੱਤ ਦੇ ਵਿਸਫੋਟ ਤੋਂ ਹੋਈ, ਜੋ ਅਤਿਅੰਤ ਭਾਰਾ ਸੀ, ਛਿਣ ਭਰ ਦੇ ਅੰਦਰ ਸਾਰੇ ਦੇ ਸਾਰੇ ਮੂਲ ਕਣ ਹੋਂਦ ਵਿਚ ਆ ਗਏ। ਇਸ ਗੈਸ ਰੂਪ ਮਾਦੇ ਦੇ ਧੁੰਧੂਕਾਰ ਤੋਂ ਸੂਰਜ, ਤਾਰਿਆਂ ਅਤੇ ਧਰਤੀਆਂ ਨੇ ਜਨਮ ਲੈਣਾ ਸ਼ੁਰੂ ਕਰ ਦਿੱਤਾ। ਕਈ ਗਲੈਕਸੀਆਂ ਵਿਚ ਇਹ ਅਮਲ ਹਾਲੇ ਵੀ ਜਾਰੀ ਹੈ। ਬ੍ਰਹਿਮੰਡ ਦੇ ਕਿਸੇ ਖੂੰਜੇ ਵਿਚ ਤਾਰੇ ਆਪਣੀ ਉਮਰ ਭੋਗ ਕੇ, ਤਹਿਸ ਨਹਿਸ ਹੋ ਕੇ, ਮੁੜ ਮਹਾਂ ਤੱਤ ਵਰਗੇ ਮਾਦੇ ਦੇ ਰੂਪ ਵਿਚ ਵਟ ਰਹੇ ਹਨ ਜਿਨ੍ਹਾਂ ਨੂੰ 'ਬਲੈਕ ਹੋਲ' ਕਿਹਾ ਜਾਂਦਾ ਹੈ। ਇਹ ਵੀ ਧਾਰਨਾ ਹੈ ਕਿ ਬ੍ਰਹਿਮੰਡ ਇਕ ਚੱਕਰ ਵਿਚ ਨਿਰੰਤਰ ਚਲਦਾ ਹੈ। ਬ੍ਰਹਿਮੰਡੀ ਪਸਾਰੇ ਤੋਂ ਅਰਬਾਂ ਖਰਬਾਂ ਵਰ੍ਹੇ ਬਾਅਦ ਪਰਤਵਾਂ



Academy of the Punjab in North America: http://www.apnaorg.com

ਸੁੰਗੜਨ ਅਮਲ ਸ਼ੁਰੂ ਹੋ ਜਾਂਦਾ ਹੈ ਅਤੇ ਸਾਰਾ ਬ੍ਰਹਿਮੰਡ ਮੁੱਢਲੇ ਮਹਾਂ ਤੱਤ ਵਿਚ ਹੀ ਸਮਾ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਿਮੰਡੀ ਪਸਾਰੇ ਦੇ ਆਦਿ, ਜੁਗਾਦਿ ਅਤੇ ਵਿਸਥਾਰ ਬਾਰੇ ਬੜੇ ਅਲੌਕਿਕ ਤੱਥ ਉਪਲੱਭਧ ਹਨ ਜੋ ਆਧੁਨਿਕ ਵਿਗਿਆਨ ਲਈ ਪਥ-ਪ੍ਰਦਰਸ਼ਕ ਸਿੱਧ ਹੋ ਸਕਦੇ ਹਨ। ਬ੍ਰਹਿਮੰਡੀ ਪਸਾਰੇ ਦੇ ਸ਼ੁਰੂ ਹੋਣ ਤੋਂ ਪਹਿਲਾਂ ਧਰਤੀ, ਅਕਾਸ਼, ਸੂਰਜ, ਚੰਦ, ਤਾਰੇ ਅਤੇ ਦਿਨ-ਰਾਤ ਵਰਗੀ ਕੋਈ ਹੋਂਦ ਨਹੀਂ ਸੀ। ਮਾਰੂ ਸੋਲਹੇ ਦੀ ਬਾਣੀ ਵਿਚ ਪ੍ਰਭੂ ਦੀ ਸੁੰਨ ਸਮਾਧੀ ਵਾਲੀ ਅਵਸਥਾ ਦਾ ਸੁੰਦਰ ਬਿਆਨ ਹੈ:

*ਅਰਬਦ ਨਰਬਦ ਧੁੰਧੂਕਾਰਾ, ਧਰਣਿ ਨ ਗਗਨਾ ਹੁਕਮੁ ਅਪਾਰਾ ॥*
*ਨਾ ਦਿਨੁ ਰੈਨਿ ਨ ਚੰਦੁ ਨ ਸੂਰਜ, ਸੁੰਨ ਸਮਾਧਿ ਲਗਾਇਦਾ ॥*

(ਆ. ਗ੍ਰੰ. ਮ:1, ਪੰਨਾ 1035)

*ਝਿਲਮਿਲਿ ਝਿਲਕੈ ਚੰਦੁ ਨਾ ਤਾਰਾ, ਸੂਰਜ ਕਿਰਣਿ ਨਾ ਬਿਜੁਲਿ ਗੈਣਾਰਾ॥*
*ਅਕਥੀ ਕਥਉ ਚਿਹਨੁ ਨਹੀ ਕੋਈ, ਪੂਰਿ ਰਹਿਆ ਮਨਿ ਭਾਇਦਾ ॥*

(ਆ. ਗ੍ਰੰ. ਮ:1, ਪੰਨਾ 1033)

ਜਦੋਂ ਪਸਾਰਾ ਸ਼ੁਰੂ ਹੋਇਆ ਤਾਂ ਅਨੇਕਾਂ ਧਰਤੀਆਂ, ਸੂਰਜ, ਅਕਾਸ਼ ਅਤੇ ਪਤਾਲ ਹੋਂਦ ਵਿਚ ਆ ਗਏ:

*ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥*
*ਕਈ ਕੋਟਿ ਦੇਸ ਭੂ ਮੰਡਲ ॥ ਕਈ ਕੋਟਿ ਸਸੀਅਰ ਸੂਰ ਨਖੵਤ੍ਰ ॥*

(ਆ. ਗ੍ਰੰ. ਮ. 5, ਪੰਨਾ 275)

*ਪਾਤਾਲਾ ਪਾਤਾਲ ਲਖ ਅਗਾਸਾ ਆਗਾਸ ॥*
*ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥*

(ਆ. ਗ੍ਰੰ. ਜਪੁਜੀ, ਪੰਨਾ 5)

*ਖੰਡ ਪਾਤਾਲ ਅਸੰਖ ਮੈ ਗਣਤ ਨ ਹੋਈ ॥*
*ਤੂ ਕਰਤਾ ਗੋਵਿੰਦ ਤੁਧੁ ਸਿਰਜੀ ਤੁਧੈ ਗੋਈ ॥*

(ਆ. ਗ੍ਰੰ. ਮ. 1, ਪੰਨਾ 1283)

ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਬ੍ਰਹਿਮੰਡੀ ਪਸਾਰਾ ਕਈ ਗੇੜੇ ਲਾ ਚੁੱਕਾ ਹੈ:

*ਕਈ ਬਾਰ ਪਸਰਿਓ ਪਾਸਾਰ ॥*



Academy of the Punjab in North America: http://www.apnaorg.com

*ਸਦਾ ਸਦਾ ਇਕੁ ਏਕੰਕਾਰ ॥*

(ਆ. ਗ੍ਰੰ. ਮ.5, ਪੰਨਾ 276)

ਗੁਰੂ ਸਾਹਿਬ ਬ੍ਰਹਿਮੰਡ ਦੀ ਰਚਨਾ ਨੂੰ ਕਰਤੇ ਦੀ ਖੇਡ ਕਹਿ ਕੇ ਇਸ ਬਖੇੜੇ ਵਿਚ ਹੀ ਨਹੀਂ ਪੈਂਦੇ ਕਿ ਇਹ ਰਚਨਾ ਹੋਈ ਕਿਉਂ ? ਇਸ ਦਾ ਕਾਰਣ ਕਰਤੇ ਦੇ ਹੀ ਵੱਸ ਹੈ :

*ਕਾਰਣੁ ਕਰਤੇ ਵਸਿ ਹੈ, ਜਿਨਿ ਕਲ ਰਖੀ ਧਾਰਿ ॥*

(ਆ. ਗ੍ਰੰ. ਮ. 2, ਪੰਨਾ 148)

ਧਰਤੀ ਉਪਰ ਜੀਵਨ ਦਾ ਵਿਕਾਸ ਇਕ ਅਦਭੁੱਤ ਘਟਨਾ ਹੈ ਜੋ ਅਜੇ ਤੱਕ ਵਿਗਿਆਨ ਦੀ ਪਕੜ ਵਿਚ ਨਹੀਂ ਆ ਰਹੀ। ਗੁਰਮਤਿ ਵਿਚਾਰਧਾਰਾ ਇਸ ਅਮਲ ਦਾ ਬਿਰਤਾਂਤ ਵੀ ਦੇਂਦੀ ਹੈ :

*ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ ॥*
*ਜਲ ਤੇ ਤ੍ਰਿਭਵਣ ਸਾਜਿਆ, ਘਟਿ ਘਟ ਜੋਤਿ ਸਮੋਇ ॥*

(ਆ. ਗ੍ਰੰ., ਮ.1, ਪੰਨਾ 19)

*ਕਈ ਜਨਮ ਭਏ ਕੀਟ ਪਤੰਗਾ, ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥*
*ਕਈ ਜਨਮ ਸਾਖ ਕਰਿ ਉਪਾਇਆ, ਲਖ ਚਉਰਾਸੀਹ ਜੋਨਿ ਭ੍ਰਮਾਇਆ ॥*

(ਆ. ਗ੍ਰੰ., ਮ.5, ਪੰਨਾ 176)

ਜੀਵ ਵਿਗਿਆਨ ਵਿਚ ਡਾਰਵਿਨ ਦੇ ਸਹਿਜ-ਵਿਕਾਸ ਸਿਧਾਂਤ ਨੂੰ ਕਾਫੀ ਮਾਨਤਾ ਪ੍ਰਾਪਤ ਹੋ ਚੁੱਕੀ ਹੈ। ਇਸ ਅਨੁਸਾਰ ਜੀਵਨ ਜੋਤ ਮੁਢਲੇ ਅਮੀਬਾ ਤੋਂ ਕਈ ਲੱਖਾਂ ਕਰੋੜਾਂ ਵਰ੍ਹਿਆ ਉਪਰੰਤ ਵਿਕਾਸ ਕਰਕੇ ਮਨੁੱਖੀ ਜਾਮੇ ਤੱਕ ਪਹੁੰਚਦੀ ਹੈ। ਉਪਰਲੀਆਂ ਤੁਕਾਂ ਸਪਸ਼ਟ ਜਾਹਰ ਕਰਦੀਆਂ ਹਨ ਕਿ ਮਨੁੱਖ ਚਉਰਾਸੀਹ ਦੇ ਗੇੜ ਵਿਚ ਪਿਆ ਭਟਕਦਾ ਰਹਿੰਦਾ ਹੈ ਅਤੇ ਸਾਰੀਆਂ ਜੂਨਾਂ ਭੁਗਤ ਕੇ ਹੀ ਬੰਦ ਖਲਾਸੀ ਹੁੰਦੀ ਹੈ। ਜੀਵ ਵਿਗਿਆਨੀ ਅਜੇ ਤਕ ਧਰਤੀ ਅਤੇ ਸਮੁੰਦਰ ਵਿਚ ਜੀਵਾਂ ਦੀਆਂ ਵੱਖ-ਵੱਖ ਜਿਨਸਾਂ ਦੀ ਸਹੀ ਗਿਣਤੀ ਨਹੀਂ ਪੇਸ਼ ਕਰ ਸਕੇ ਪਰੰਤੂ ਭਗਤ ਨਾਮਦੇਵ ਜੀ ਦੀ ਬਾਣੀ ਵਿਚ ਇਸ ਦਾ ਉਲੇਖ ਵੀ ਭਲੀਭਾਂਤ ਮਿਲਦਾ ਹੈ :

*ਬਇਆਲੀਸ ਲਖ ਜੀ ਜਲ ਮਹਿ ਹੋਤੇ*
*ਬੀਠਲੁ ਭੈਲਾ ਕਾਇ ਕਰਉ ॥*



Academy of the Punjab in North America: http://www.apnaorg.com

(ਆ. ਗ੍ਰੰ. ਭਗਤ ਨਾਮਦੇਵ, ਪੰਨਾ 485)

ਆਧੁਨਿਕ ਵਿਗਿਆਨ ਵਿਚ ਅੱਜ ਕੱਲ੍ਹ ਏਕੀਕਰਨ ਦਾ ਸਿਧਾਂਤ ਜੋਰ ਪਕੜ ਰਿਹਾ ਹੈ। ਇਸ ਦੀ ਮੂਲ ਧਾਰਣਾ ਅਨੁਸਾਰ ਬ੍ਰਹਿਮੰਡ ਦੀਆਂ ਸਾਰੀਆਂ ਪ੍ਰਤਿਕ੍ਰਿਆਵਾਂ ਅਤੇ ਅਮਲ ਇਕੋ ਵਿਸ਼ਵਵਿਆਪੀ ਨਿਯਮ ਅਧੀਨ ਬਿਆਨ ਕੀਤੇ ਜਾ ਸਕਣਗੇ । ਗੁਰਮਤਿ ਵਿਚਾਰਧਾਰਾ ਤਾਂ ਇਸ ਸਿਧਾਂਤ ਦੀ ਮੁਦੱਈ ਹੈ ਅਤੇ ਇਸ ਨੂੰ 'ਹੁਕਮ' ਕਿਹਾ ਜਾਂਦਾ ਹੈ। ਗੁਰਸ਼ਬਦ ਦੀ ਕਮਾਈ ਤੋਂ 'ਹੁਕਮ' ਦੀ ਸਮਝ ਪੈਂਦੀ ਹੈ, ਵਰਨਾ 'ਗਿਆਨ ਵਿਹੂਣਾ ਕਥਿ ਕਥਿ ਲੂਝੈ' ਦੀ ਅਵਸਥਾ ਹਾਵੀ ਹੋ ਜਾਂਦੀ ਹੈ।ਗੁਰਬਾਣੀ ਸੇਧ ਦੇਂਦੀ ਹੈ:

*ਜੋ ਬ੍ਰਹਿਮੰਡਿ ਖੰਡਿ ਸੋ ਜਾਣਹੁ ॥ਗੁਰਮਖਿ ਬੂਝਹੁ ਸਬਦਿ ਪਛਾਣਹੁ ॥*

(ਆ. ਗ੍ਰੰ.1, ਪੰਨਾ 1041)

*ਜੋ ਬ੍ਰਹਿਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥*

(ਆ. ਗ੍ਰੰ. ਪੀਪਾ, ਪੰਨਾ 695)

ਆਸ ਕੀਤੀ ਜਾਂਦੀ ਹੈ ਕਿ ਇਸ ਸੈਮੀਨਾਰ ਵਿਚ 'ਖੋਜੀ ਉਪਜੈ ਬਾਦੀ ਬਿਨਸੈ' ਦੀ ਭਾਵਨਾ ਸਾਕਾਰ ਹੋਵੇ ਅਤੇ 'ਕਥਿ ਕਥਿ ਲੂਝੈ' ਦੀ ਬਿਰਤੀ ਤੋਂ ਸਿੱਖ ਜਗਤ ਨੂੰ ਛੁਟਕਾਰਾ ਮਿਲ ਜਾਵੇ ਤਾਂ ਗੁਰੂ ਦੀ ਮਿਹਰ ਸਮਝੋ।

***



Academy of the Punjab in North America: http://www.apnaorg.com

## ਅੰਤਿਕਾ

# ਅਣਥੱਕ ਰਾਹੀ, ਜਿਸ ਨੇ ਦੁਨੀਆਂ ਗਾਹੀ !

ਸ਼ਾਇਦ ਹੀ ਗੁੰਜਾਇਸ਼ ਰੱਖ ਕੇ ਗੱਲ ਕਰਨ ਨਾਲੋਂ ਇਹ ਪਹਿਲੋਂ ਹੀ ਅਣ-ਐਲਾਨੀਆ ਸਵੀਕਾਰ ਕਰ ਲਵਾਂ ਕਿ ਜਿਸ ਸ਼ਖਸੀਅਤ ਦੀ ਵਿਸ਼ਵ ਯਾਤਰਾ ਬਾਰੇ ਕੁੱਝ ਸਤਰਾਂ ਲਿਖਣ ਜਾ ਰਿਹਾ ਹਾਂ, ਉਸਦੇ ਨਾਲ ਨਿਆਂ ਨਹੀਂ ਕਰ ਸਕਾਂਗਾ। ਕਾਰਨ ? ਨਿੱਤ ਦਿਨ ਅੰਬਰੀ ਉਡਾਰੀਆਂ ਮਾਰਨ ਵਾਲੇ ਸਦਾ ਸੈਲਾਨੀ ਯਾਤਰੂ ਬਾਬਤ, ਕੋਈ ਧਰਤੀ 'ਤੇ ਰੀਂਗਣ ਵਾਲਾ ਜੀਵ, ਕੀ ਬਿਆਨ ਕਰ ਸਕਦਾ ਹੈ ? ਵਿਸ਼ਵ ਪੱਧਰ ਦੀ ਮਾਨਤਾ ਵਾਲੇ ਮਹਾਨ ਵਿਗਿਆਨੀ ਬਾਰੇ ਮੇਰੇ ਜਿਹਾ ਬੰਦਾ ਜੋ 'ਗਿਆਨੀ' ਵੀ ਨਹੀਂ, ਕੀ ਲਿਖ ਲਏਗਾ ? ਜਿਹਾੜਾ ਸ਼ਖਸ, ਭਾਈ ਰਤਨ ਸਿੰਘ ਭੰਗੂ ਦੇ ਕਹਿਣ ਮੁਤਾਬਕ 'ਰਾਤ ਕਿਤੇ ਦਿਨ ਕਿਤੇ ਬਿਤੈ ਹੈ' ਦਾ ਧਾਰਨੀ ਬਣ ਕੇ ਧਰਤੀ ਦਾ ਚੱਪਾ-ਚੱਪਾ ਗਾਹ ਆਇਆ ਹੋਵੇ, ਉਸਦੀ ਸਮੁੰਦਰ ਜਿੱਡੀ ਸੈਰ ਨੂੰ ਕੁੱਜੇ 'ਚ ਬੰਦ ਕਰਨਾ ਬਹੁਤ ਹੀ ਬਿਖਮ ਕਾਰਜ ਹੈ। ਲੇਕਿਨ ਗੁਰੂ ਬਾਬਾ ਜੀ ਆਖਦੇ ਨੇ ਕਿ ਬਿਅੰਤ, ਅਗੰਮ ਅਤੇ ਅਥਾਹ ਪ੍ਰਭੂ ਦੀ ਸਿਫਤ ਸਲਾਹ ਦੇ ਗੀਤ 'ਅੱਖਰੀ' ਹੀ ਗਾਏ ਜਾਂਦੇ ਹਨ। ਇਸ ਫੁਰਮਾਨ ਦੀ ਰੌਸ਼ਨੀ ਵਿਚ ਸੰਸਾਰ ਭਰਮਣ ਦੀ ਵੱਡ-ਅਕਾਰੀ ਪੂਣੀ ਦੀਆਂ ਕੁੱਝ ਤੰਦਾਂ ਕੱਤਣ ਦਾ ਯਤਨ ਕਰ ਲੈਂਦੇ ਹਾਂ।

ਸੰਨ ਦੋ ਹਜ਼ਾਰ ਨੌਂ ਦੇ ਮਾਰਚ ਮਹੀਨੇ ਦੀ ਸੱਤ ਤਰੀਕ, ਸਥਾਨ ਚੰਡੀਗੜ੍ਹ ਦਾ ਆਰਟਸ ਆਡੀਟੋਰੀਅਮ। ਇਥੇ ਹੋਏ ਇਕ ਸੈਮੀਨਾਰ ਦੀ ਸਮਾਪਤੀ ਤੋਂ ਬਾਅਦ ਹਾਜ਼ਰ ਵਿਦਵਾਨਾਂ ਨਾਲ ਮੈਂ ਮੇਲ-ਮੁਲਾਕਾਤਾਂ ਕਰ ਰਿਹਾ ਸਾਂ। ਸਾਹਮਣਿਓਂ ਗੱਭਰੂਆਂ ਵਾਂਗ ਮੜਕ ਨਾਲ ਤੁਰਦੇ ਆ ਰਹੇ, ਬੱਧੀ ਹੋਈ ਸਫੈਦ ਦਾਹੜੀ ਵਾਲੇ ਲੰਮ-ਸਲੰਮੇ ਇਕ ਸਰਦਾਰ ਸਾਹਿਬ ਨੇ ਆ ਫਤਿਹ ਬੁਲਾਈ। ਬੁਧੀਜੀਵੀਆਂ ਵਾਲੀ ਗੰਭੀਰ ਪਰ ਖਿੜੇ ਫੁੱਲਾਂ ਵਾਲੀ ਮੁਸਕਰਾਹਟ ਬਿਖੇਰਦਿਆਂ, 'ਮੇਰਾ ਨਾਂ ਹਰਦੇਵ ਸਿੰਘ ਵਿਰਕ ਐ ਜੀ' ਕਹਿ ਕੇ ਉਨ੍ਹਾਂ ਬੜੇ ਮੋਹ ਨਾਲ ਮੇਰਾ ਹੱਥ ਘੁੱਟ ਲਿਆ। ਨਾਮ ਸੁਣਦਿਆਂ ਸਾਰ ਕਿਸੇ ਗੁਆਚੀ ਹੋਈ ਕੀਮਤੀ ਚੀਜ਼ ਲੱਭ ਪੈਣ ਵਾਂਗ, ਮੇਰੇ ਜ਼ਿਹਨ ਵਿਚ ਉਨ੍ਹਾਂ ਦੀਆਂ ਲਿਖਤਾਂ ਦੇ 'ਕਲਿਪ' ਤੈਰਨ ਲੱਗ ਪਏ, ਜੋ ਮੈਂ ਕਈ ਵਰ੍ਹੇ ਪਹਿਲਾਂ 'ਪੰਜਾਬੀ ਟ੍ਰਿਬਿਊਨ' ਵਿਚ ਪੜ੍ਹਦਾ ਰਿਹਾ ਹਾਂ। ਵਿਰਕ ਜੀ ਦੀਆਂ ਵਿਦੇਸ਼ੀ ਘੁੰਮਣਘੇਰੀਆਂ ਦੇ ਦਿਲਚਸਪ ਲੇਖ ਉਦੋਂ ਮੈਂ ਬੜੀ ਨੀਝ ਨਾਲ ਪੜ੍ਹਦਾ ਹੁੰਦਾ ਸਾਂ, ਜਦੋਂ ਮੈਂ ਆਉਣ-ਜਾਣ ਲਈ ਸਾਈਕਲ ਦੀ ਸਵਾਰੀ ਕਰਦਾ ਹੁੰਦਾ ਸਾਂ। ਰਾਤ-ਦਿਨ ਜਹਾਜ਼ਾਂ 'ਚ ਘੁੰਮਣ ਵਾਲੇ ਵੱਡੇ-ਉਚੇ ਮਰਾਤਬੇ ਵਾਲੇ ਸ. ਵਿਰਕ ਬਾਰੇ ਉਦੋਂ ਕਦੇ ਇਹ ਸੋਚਿਆ ਵੀ ਨਹੀਂ ਸੀ ਕਿ ਮੈਂ ਅਮਰੀਕਾ ਤੋਂ ਚੰਡੀਗੜ੍ਹ ਆਇਆ ਹੋਇਆ, ਉਨ੍ਹਾਂ ਨੂੰ ਇੰਜ ਮਿਲ ਸਕਾਂਗਾ। ਸਮਾਂ ਕਿੱਡਾ ਬਿਅੰਤ ਹੈ !!



Academy of the Punjab in North America: http://www.apnaorg.com

ਉਸ ਵੇਲੇ ਵਿਅੰਗਮਈ ਅੰਦਾਜ਼ ਨਾਲ ਉਨ੍ਹਾਂ ਕੁੱਝ ਗੁਣਵੰਤੀਆਂ ਗੱਲਾਂ ਕਰਦਿਆਂ ਸੁਨੇਹ ਸਹਿਤ ਆਪਣੀਆਂ ਲਿਖੀਆਂ ਕਿਤਾਬਾਂ ਦਾ ਸੈਟ ਮੈਨੂੰ ਭੇਟ ਕੀਤਾ। ਵਿਰਕ ਜੀ ਦੀ ਲੇਖਣੀ ਤੋਂ ਤਾਂ ਮੈਂ ਪਹਿਲਾਂ ਹੀ ਮੁਤਾਸਿਰ ਸਾਂ, ਪਰ ਉਸ ਦਿਨ ਉਨ੍ਹਾਂ ਦੇ ਪੋਂਭੂਆਂ ਵਰਗੇ ਨਿਰਛਲ, ਮਿਲਾਪੜੇ ਸੁਭਾਅ ਨੂੰ ਤੱਕ ਕੇ ਮੈਂ ਉਨ੍ਹਾਂ ਦਾ ਮੁਰੀਦ ਹੀ ਬਣ ਗਿਆ।

ਰੌਲਿਆਂ ਤੋਂ ਪੰਜ ਕੁ ਸਾਲ ਪਹਿਲਾਂ ਪਾਕਿਸਤਾਨ ਦੇ ਜ਼ਿਲਾ ਲਾਇਲਪੁਰ ਵਿਚ ਜਨਮੇ ਸ. ਹਰਦੇਵ ਸਿੰਘ ਵਿਰਕ ਨੇ ਮੁੱਢਲੀ ਪੜ੍ਹਾਈ ਮਲੇਰਕੋਟਲਾ ਲਾਗੇ ਆਪਣੇ ਨਾਨਕੇ ਪਿੰਡ ਸ਼ੇਕਰਾਂ ਤੋਂ ਸ਼ੁਰੂ ਕੀਤੀ। ਸਫ਼ਰ ਕਰਦਿਆਂ ਆਲੇ-ਦੁਆਲੇ ਨੂੰ ਬਾਜ ਅੱਖਾਂ ਨਾਲ ਤਾੜਨ ਦੀ ਆਦਤ ਇਨ੍ਹਾਂ ਨੂੰ ਬਚਪਨ ਵਿਚ ਹੀ ਪੈ ਗਈ ਸੀ।

ਬਟਾਲਾ-ਅੰਮ੍ਰਿਤਸਰ ਲਾਗੇ ਰਹਿੰਦੇ ਰਿਸ਼ਤੇਦਾਰਾਂ ਵੱਲ ਆਉਣ-ਜਾਣ ਸਮੇਂ ਗੱਡੀ 'ਚ ਸਫ਼ਰ ਕਰਦਿਆਂ ਇਹ ਰਾਤ ਵੇਲੇ ਨੀਂਦ ਦੀ ਝਪਕੀ ਵੀ ਨਹੀਂ ਸਨ ਲੈਂਦੇ ਕਿ ਮਤੇ ਕੋਈ ਬਾਹਰ ਦਾ ਨਜ਼ਾਰਾ 'ਮਿਸ' ਹੋ ਜਾਵੇ। ਵਿਰਕ ਸਾਹਿਬ ਦੇ ਦੱਸਣ ਅਨੁਸਾਰ ਬਚਪਨ ਦੇ ਲੰਬੇ ਸਫਰਾਂ ਵੇਲੇ ਉਨ੍ਹਾਂ ਦੀ ਨਾਨੀ ਅਗਵਾਈ ਕਰਦੀ ਹੁੰਦੀ ਸੀ। ਉਸ ਨੇ ਘਰੇ ਆ ਕੇ ਵਿਰਕ ਦੀ ਮਾਤਾ ਨੂੰ ਉਲਾਂਭਾ ਦੇਣਾ, "ਤੇਰਾ ਮੁੰਡਾ ਤਾਂ ਸਫ਼ਰ ਦੌਰਾਨ ਮੇਰਾ ਸਿਰ ਖਾ ਲੈਂਦਾ ਹੈ। ਇਸ ਨੇ ਪਤਾ ਨਹੀਂ ਕੀ ਕਾਂ ਖਾਧੇ ਹੋਏ ਹਨ।" ਨਾਨੀ ਭੋਲੀ ਨੂੰ ਕੀ ਪਤਾ ਸੀ ਕਿ ਉਸਦੇ ਦੋਹਤੇ ਨੇ ਮਿਸਰ ਦੇ ਪਿਰਾਮਿਡਾਂ ਤੋਂ ਲੈ ਕੇ ਸਦੀਆਂ ਪਹਿਲਾਂ ਹੋ ਗੁਜ਼ਰੇ ਸ਼ਹਿਨਸ਼ਾਹਾਂ, ਦਰਵੇਸ਼ ਸੂਫੀਆਂ ਦੇ ਮਕਬਰਿਆਂ ਦੀ ਜਿਆਰਤ ਵੀ ਕਰਨੀ ਹੈ ਅਤੇ ਦੁਨੀਆਂ ਦਾ ਕੋਈ ਖੱਲ-ਖੂੰਜਾ ਐਸਾ ਨਹੀਂ ਰਹਿਣਾ, ਜਿਹਦੇ 'ਤੇ ਇਸਦੀ ਨਜ਼ਰ ਨਾ ਪਈ ਹੋਵੇ।

ਮਹਿੰਦਰਾ ਕਾਲਜ ਪਟਿਆਲੇ ਤੋਂ ਕਾਲਜ ਦੀ ਪੜ੍ਹਾਈ ਸ਼ੁਰੂ ਕਰਕੇ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ 'ਚ ਜਾ ਦਾਖਲਾ ਲਿਆ। ਜਲੰਧਰ-ਲੁਧਿਆਣੇ ਦੇ ਕਾਲਜਾਂ ਵਿਚ ਅਧਿਆਪਨ ਕਾਰਜ ਕਰਨ ਉਪਰੰਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭੌਤਿਕ-ਵਿਗਿਆਨ ਵਿਭਾਗ ਵਿਚ ਨੌਕਰੀ ਕੀਤੀ। ਸੰਨ 1972 ਵਿਚ ਪੈਰਿਸ ਯੂਨੀਵਰਸਿਟੀ ਤੋਂ ਭੌਤਿਕ ਵਿਗਿਆਨ ਦੇ ਵਿਸ਼ੇ ਦੀ ਪੀ.ਐਚ.ਡੀ. ਕੀਤੀ। ਵਿਗਿਆਨ ਦੇ ਖੇਤਰ ਵਿਚ 350 ਖੋਜ ਪੱਤਰ ਲਿਖਣ-ਛਾਪਣ ਤੋਂ ਇਲਾਵਾ ਸ. ਵਿਰਕ ਨੇ ਸਿੱਖ ਧਰਮ, ਸਾਹਿਤ ਆਦਿ ਵਿਸ਼ਿਆਂ 'ਤੇ ਵੀਹ ਕਿਤਾਬਾਂ ਵੀ ਲਿਖੀਆਂ। ਇਸੇ ਕਰਕੇ ਸੰਨ 1992 ਵਿਚ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵਲੋਂ ਉਨ੍ਹਾਂ ਨੂੰ 'ਸ਼੍ਰੋਮਣੀ ਸਾਹਿਤਕਾਰ' ਦੇ ਐਵਾਰਡ ਨਾਲ ਸਨਮਾਨਿਆ ਗਿਆ।

ਇਥੇ ਮੈਂ ਅਗਿਆਨ ਦੇ ਹਨੇਰੇ ਨੂੰ ਗਿਆਨ ਦੀ ਲੱਪ-ਲੱਪ ਦੇ ਕੇ ਦੂਰ ਭਜਾਉਣ ਵਾਲੀਆਂ, ਸ. ਵਿਰਕ ਦੀਆਂ ਲਿਖੀਆਂ ਵੀਹ ਦਿਲਚਸਪ ਕਿਤਾਬਾਂ ਦੀ ਲੰਬੀ ਸੂਚੀ ਦੇਣ ਦੀ



Academy of the Punjab in North America: http://www.apnaorg.com

ਥਾਂ ਉਨ੍ਹਾਂ ਦੀ ਸ਼ਾਹਕਾਰ ਰਚਨਾ 'ਮੇਰੀ ਵਿਸ਼ਵ ਯਾਤਰਾ' ਨਾਲ ਹੀ ਪਾਠਕਾਂ ਦੀ ਸਾਂਝ ਪੁਆਉਣ ਜਾ ਰਿਹਾ ਹਾਂ। ਇਸ ਕਿਤਾਬ ਵਿਚ ਛਪੀ ਸਮੱਗਰੀ ਦੇ ਅਥਾਹ ਸਮੁੰਦਰ ਵਿਚ ਤਾਰੀਆਂ ਲਾਉਣ ਤੋਂ ਪਹਿਲਾਂ, ਇਹ ਖਾਸ ਗੱਲ ਵੀ ਦਸਦਾ ਜਾਵਾਂ ਕਿ ਆਮ ਪੰਜਾਬੀ ਲੋਕ ਪਰਵਾਸੀ ਜੀਵਨ ਦੇ ਸ਼ੁਰੂਆਤੀ ਦੌਰ ਵਿਚ ਹੀ ਸਭ ਤੋਂ ਪਹਿਲਾਂ ਆਪਣਾ ਮੂੰਹ-ਮੁਹਾਂਦਰਾ ਬਦਲਦੇ ਸਨ। "ਜੈਸਾ ਦੇਸ ਤੈਸਾ ਭੇਸ" ਵਾਲੀ ਕਹਾਵਤ ਦੀ ਰੱਜ ਕੇ ਦੁਰਵਰਤੋਂ ਕੀਤੀ ਜਾਂਦੀ ਹੈ। ਦੇਖਿਆ ਜਾਵੇ ਤਾਂ ਇਸ ਕੁਲੱਛਣੀ ਕਹਾਵਤ ਨੇ ਸਿੱਖਾਂ ਦਾ ਬੇਹੱਦ ਨੁਕਸਾਨ ਕੀਤਾ ਹੈ। ਸਿੱਖੀ ਦੀ ਸਿਰਮੌਰ ਨਿਸ਼ਾਨੀ ਪਵਿੱਤਰ ਕੇਸ, ਇਸੇ ਮੰਦਭਾਗੀ ਪ੍ਰਵਿਰਤੀ ਦਾ ਸ਼ਿਕਾਰ ਬਣਦੇ ਆ ਰਹੇ ਹਨ ਪਰ ਸਦਕੇ ਜਾਈਏ ਹਰਦੇਵ ਸਿੰਘ ਵਿਰਕ ਦੇ, ਜਿਸ ਨੇ ਦੁਨੀਆਂ ਭਰ ਦੀਆਂ ਯੂਨੀਵਰਸਿਟੀਆਂ 'ਚ ਘੁੰਮਦਿਆਂ, ਵੱਖ-ਵੱਖ ਦੇਸ਼ਾਂ ਦੇ ਬਾਜ਼ਾਰ, ਗਲੀਆਂ-ਕੂਚੇ ਗਾਹੁੰਦਿਆਂ, ਆਪਣੇ ਦਸਤਾਰਧਾਰੀ ਲਿਬਾਸ ਵਿਚ ਰਾਈ ਜਿੰਨਾ ਫਰਕ ਨਹੀਂ ਪਾਇਆ। ਇਥੋਂ ਤਕ ਕਿ ਕਿਤੇ ਮਜ਼ਬੂਰੀ ਵੱਸ ਵੀ ਟੋਪੀ ਸਿਰ 'ਤੇ ਨਹੀਂ ਲਈ। ਆਪਣੀ ਸ਼ਾਕਾਹਾਰੀ ਖਾਣ ਪੀਣ ਦੀ ਰਵਾਇਤ ਨੂੰ, ਗੋਸ਼ਤ ਦੇ ਗੜ੍ਹ ਅਰਬ ਦੇਸ਼ਾਂ ਵਿਚ ਵੀ ਆਂਚ ਨਹੀਂ ਆਉਣ ਦਿੱਤੀ।

ਭੌਤਿਕ-ਵਿਗਿਆਨ ਦੇ ਵੱਖ-ਵੱਖ ਪਹਿਲੂਆਂ 'ਤੇ ਖੋਜ ਜਾਂ ਲੈਕਚਰ ਕਰਨ ਸ. ਵਿਰਕ ਜਿਸ ਖਿੱਤੇ ਵਿਚ ਵੀ ਗਏ, ਉਨ੍ਹਾਂ ਹਮੇਸ਼ਾਂ ਆਪਣਾ ਧਰਮ, ਕੌਮੀ ਪਿਆਰ ਅਤੇ ਆਪਣਾ ਸੱਭਿਆਚਾਰ ਅੱਗੇ ਰੱਖਿਆ। ਬਲਖ-ਬੁਖਾਰੇ ਦੇ ਸਵਰਗ ਵਿਚ ਪਹੁੰਚ ਕੇ ਵੀ ਉਨ੍ਹਾਂ 'ਛੱਜੂ ਦਾ ਚੁਬਾਰਾ' ਨਹੀਂ ਭੁਲਾਇਆ। ਜਪਾਨੀਆਂ ਦੇ ਤਲਵਾਰਬਾਜ਼ੀ ਦੇ ਕਰਤੱਬ ਦੇਖ ਕੇ ਉਸ ਨੂੰ ਅਠਾਰਵੀਂ ਸਦੀ ਦੇ ਸਿੰਘ ਯਾਦ ਆਉਂਦੇ ਹਨ। ਰੰਗੂਨ ਵਿਚ ਪਰਚਾ ਪੜ੍ਹਨ ਗਿਆ ਹੋਇਆ ਵਿਰਕ, ਬਾਬਾ ਰਾਮ ਸਿੰਘ ਨਾਮਧਾਰੀ ਦੀ ਯਾਦਗਾਰ ਦੋ ਦਿਨ ਲੱਭਦਾ ਫਿਰਦਾ ਰਿਹਾ। ਮਾਉ-ਜੇ-ਤੁੰਗ ਦੇ ਚੀਨ ਵਿਚ ਘੁੰਮਣ ਤੋਂ ਬਾਅਦ ਵਿਰਕ ਜੀ ਲਿਖਦੇ ਹਨ, 'ਮਾਓ ਨੇ ਗੁਰੀਲਾ ਯੁੱਧ ਅਰੰਭ ਕਰਕੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਲਾਮਬੰਦ ਕਰਕੇ ਬਰਾਬਰੀ ਦੇ ਭਾਈਚਾਰੇ ਦੀ ਨੀਂਹ ਰੱਖੀ। ਜੋ ਅਸੂਲ 'ਖਾਲਸਾਵਾਦ' ਦੀ ਬੁਨਿਆਦ ਹਨ, ਉਹ ਚੀਨ ਵਿਚ ਪ੍ਰਤੱਖ ਅਮਲੀ ਰੂਪ ਧਾਰਨ ਕਰ ਚੁੱਕੇ ਹਨ'।

ਚੀਨ ਦੇ ਹੀ ਭੂਚਾਲਗ੍ਰਸਤ ਸ਼ਹਿਰ 'ਤੰਗਸ਼ਾਨ' ਦੀ ਯਾਤਰਾ ਦੌਰਾਨ, ਮਾਉ ਵਲੋਂ ਲਿਆਂਦੀ ਗਈ ਸਮਾਜਿਕ ਬਰਾਬਰੀ ਦੇਖ ਕੇ ਉਹ ਆਪਣੇ ਦੇਸ਼ ਦੇ ਦਲਿਤਾਂ ਨਾਲ 'ਮਹਾਤਮਾ' ਗਾਂਧੀ ਵਲੋਂ ਕੀਤੇ ਗਏ ਕਪਟੀ ਵਰਤਾਓ ਨੂੰ ਯਾਦ ਕਰਦੇ ਹਨ। 'ਮੈਂ ਇਸ ਸੰਦਰਭ (ਬਰਾਬਰੀ ਲਿਆਉਣ) ਵਿਚ ਗਾਂਧੀ ਦਾ ਹਰੀਜਨ ਬਸਤੀਆਂ ਵਿਚ ਰਹਿਣਾ, ਮਹਿਜ਼ ਇਕ ਪਾਖੰਡ ਹੀ ਸਮਝਦਾ ਹਾਂ। ਇਕ ਪਾਸੇ ਟਾਟੇ ਬਿਰਲਿਆਂ ਦੀ ਪ੍ਰਾਹੁਣਚਾਰੀ ਅਤੇ ਰਾਜਕੁਮਾਰੀਆਂ ਦੀ 'ਸੰਗਤ' ਦਾ ਅਨੰਦ ਮਾਣਨ ਵਾਲਾ 'ਫਕੀਰ' ਭਲਾ ਹਰੀਜਨਾਂ ਨਾਲ ਕਿਵੇਂ ਇਕਮਿਕ ਹੋ ਸਕਦਾ ਹੈ ?' ਡਾ. ਅੰਬੇਦਕਰ ਨੂੰ ਗਾਂਧੀ ਦਾ ਇਹ ਦੰਭ ਨਹੀਂ ਸੀ ਭਾਉਂਦਾ। ਹਾਰ ਕੇ ਉਨ੍ਹਾਂ ਨੇ



Academy of the Punjab in North America: http://www.apnaorg.com

ਹਰੀਜਨਾਂ ਨੂੰ ਬੁੱਧ ਧਰਮ ਅਪਨਾਉਣ ਦੀ ਨਸੀਹਤ ਕਰ ਦਿੱਤੀ ਕਿਉਂਕਿ ਸਾਡੇ ਸਿੱਖ ਆਗੂਆਂ ਨੇ ਉਸ ਨੂੰ ਮੂੰਹ ਨਾ ਲਾਇਆ ਵਰਨਾ ਅੱਜ ਤੀਹ ਕਰੋੜ ਖਾਲਸੇ ਦੀ ਭਾਰਤ ਵਿਚ ਜੈ-ਜੈ ਕਾਰ ਹੋ ਜਾਣੀ ਸੀ।

ਜਪਾਨ ਦੀ ਦੂਜੀ ਫੇਰੀ ਵਾਲੇ ਲੇਖ ਵਿਚ ਉਹ ਇਕ ਥਾਂ ਲਿਖਦੇ ਨੇ, 'ਨਿਹੰਗ ਸਿੰਘਾਂ ਵਾਂਗ ਸਫ਼ਰ ਦਾ ਸਾਮਾਨ ਵੀ ਤਿਆਰ ਕਰ ਲਿਆ। ਜਪਾਨ ਦੀ ਖ਼ੁਰਾਕ ਮੇਰੇ ਮੁਆਫਕ ਨਹੀਂ ਬੈਠਦੀ, ਸੋ ਮੇਰੀ ਘਰਵਾਲੀ ਨੇ ਅਲਸੀ ਦੀਆਂ ਪਿੰਨੀਆਂ, ਨਮਕੀਨ ਮੱਠੀਆਂ ਅਤੇ ਗੁੜ ਦੇ ਗੁਲਗੁਲੇ ਜਿਹੇ ਤਿਆਰ ਕਰਕੇ ਪੈਕਟ ਬੰਨ੍ਹ ਦਿੱਤਾ...ਭਾਂਤ-ਭਾਂਤ ਦੇਸ ਰਟਣ ਤੋਂ ਬਾਅਦ ਖ਼ੁਰਾਕ ਦੀ ਸਮੱਸਿਆ ਹੱਲ ਕਰਨ ਦਾ ਵਲ ਤਾਂ ਆ ਗਿਆ ਹੈ ਪਰ ਇਹ ਮੰਨਣਾ ਪਵੇਗਾ ਕਿ ਪੰਜਾਬ ਅਤੇ ਖਾਸ ਕਰਕੇ ਅੰਮ੍ਰਿਤਸਰ ਦੇ ਢਾਬਿਆਂ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ।

ਟੋਕੀਓ ਦੇ ਇਕ ਗਿਰਜਾ ਘਰ ਵਿਚ ਸ. ਵਿਰਕ ਨੂੰ ਆਪਣੇ ਸਾਥੀ ਵਿਗਿਆਨੀਆਂ ਨਾਲ ਜਾਣਾ ਪਿਆ, ਜਿਥੇ ਸ਼ਰਧਾਲੂ ਉਚੀ-ਉਚੀ ਬੋਲ ਕੇ ਪ੍ਰਾਰਥਨਾ ਕਰ ਰਹੇ ਸਨ। ਉਹ ਲਿਖਦੇ ਹਨ, 'ਮੈਨੂੰ ਵੀ ਪਾਦਰੀ ਨੇ ਮੰਤਰ ਦੀ ਇਕ ਤੁਕ ਦੱਸੀ ਅਤੇ ਉਚੀ-ਉਚੀ ਬੋਲਣ ਲੱਗਾ। ਇਹ ਰਟਣ ਸਾਡੇ ਰੈਣ-ਸਬਾਈ ਜਥੇ ਦੇ 'ਵਾਹਿਗੁਰੂ-ਵਾਹਿਗੁਰੂ' ਦੇ ਅਲਾਪ ਨਾਲ ਮੇਲ ਖਾਂਦਾ ਸੀ। ਮੈਨੂੰ ਜਪਾਨੀ ਮੰਤਰ ਤਾਂ ਯਾਦ ਨਾ ਹੋਇਆ, ਮੈਂ ਵਾਹਿਗੁਰੂ-ਵਾਹਿਗੁਰੂ ਦਾ ਜਾਪ ਸ਼ੁਰੂ ਕਰ ਦਿੱਤਾ। ਪਾਦਰੀ ਕਹਿਣ ਲੱਗਾ ਕਿ ਤੁਸੀਂ ਆਪਣੇ ਧਰਮ ਵਿਚ ਰਹਿ ਕੇ ਵੀ ਸਾਡੀ ਪ੍ਰਾਰਥਨਾ ਵਿਚ ਸ਼ਾਮਲ ਹੋ ਸਕਦੇ ਹੋ। ਮੈਂ ਸੋਚਿਆ, ਇਹ ਹਕੀਕਤ ਤਾਂ ਕੇਵਲ ਬਾਬੇ ਨਾਨਕ ਦੇ ਸਿੱਖ ਧਰਮ ਵਿਚ ਹੀ ਪ੍ਰਵਾਨ ਸੀ, ਜਪਾਨੀਆਂ ਨੂੰ ਇਸ ਰਾਜ ਦਾ ਕਿਵੇਂ ਪਤਾ ਲੱਗ ਗਿਆ ?'

ਇਸੇ ਗਿਰਜਾਘਰ ਦੇ ਤਲਾਬ ਵਿਚ ਜਦੋਂ ਚੁੱਭੀ ਲਾਉਣ ਲਈ ਸਰਦਾਰ ਵਿਰਕ ਨੂੰ ਕਿਹਾ ਗਿਆ ਤਾਂ ਉਹ ਜਕ ਗਏ, 'ਭਾਵੇਂ ਮੈਂ ਐਤਵਾਰ ਨੂੰ ਕੇਸੀ ਇਸ਼ਨਾਨ ਕਰਨਾ ਹੀ ਸੀ ਪਰ ਉਥੇ ਜਪਾਨੀ ਔਰਤਾਂ ਦੀ ਹਾਜ਼ਰੀ ਵਿਚ ਮੈਂ ਝਿਜਕ ਗਿਆ ਅਤੇ ਹੋਟਲ ਵਾਪਸ ਜਾਣ ਦੀ ਤਜਵੀਜ਼ ਪੇਸ਼ ਕੀਤੀ।' ਜਪਾਨੀ ਰਹਿਣ-ਸਹਿਣ ਬਾਰੇ ਉਹ ਲਿਖਦੇ ਹਨ, 'ਜਪਾਨੀ ਘਰ ਸਵੱਛ, ਕੁਦਰਤ ਦੀ ਛੋਹ ਨਾਲ ਓਤਪੋਤ ਅਤੇ ਸਾਡੇ ਘਰਾਂ ਵਾਂਗ ਫਾਲਤੂ ਸਾਮਾਨ ਨਾਲ ਤੂੜੇ ਪਏ ਨਹੀਂ ਹੁੰਦੇ। ਸਾਰਾ ਪਰਿਵਾਰ ਛੋਟੇ ਮੇਜ਼ ਦੁਆਲੇ ਬਹਿ ਕੇ ਖਾਣਾ ਖਾਂਦਾ ਹੈ ਤੇ ਰਾਤ ਨੂੰ ਸਾਰੇ ਜ਼ਮੀਨ 'ਤੇ ਸੌਂ ਜਾਂਦੇ ਹਨ।... ਇਥੋਂ ਦੇ ਲੋਕਾਂ ਦੀ ਹਰੀ ਚਾਹ, ਮੈਨੂੰ ਤਾਂ ਬੜੀ ਬੇਸੁਆਦ ਜਾਪੀ, ਪਰ ਮੈਂ ਦਵਾਈ ਵਾਂਗ ਘੁੱਟੋ-ਵੱਟੀ ਪੀ ਗਿਆ।

ਜਪਾਨ ਵਿਚਲੇ ਭਾਫ਼ ਵਾਲੇ ਚਸ਼ਮਿਆਂ 'ਤੇ ਜੋੜਾਂ ਦੇ ਦਰਦ ਵਾਲੇ ਮਰੀਜ਼ ਨਹਾਉਂਦੇ ਦੇਖ ਕੇ ਉਨ੍ਹਾਂ ਨੂੰ ਮਨੀਕਰਨ ਦਾ ਗੁਰਦੁਆਰਾ ਯਾਦ ਆਉਂਦਾ ਹੈ, 'ਮਨੀਕਰਨ ਗੁਰਦੁਆਰੇ ਵਿਚ ਵੀ ਬਾਬਿਆਂ ਨੇ ਇਕ ਕਮਰਾ 'ਭਾਫ਼ ਇਸ਼ਨਾਨ' ਲਈ ਰੱਖਿਆ ਹੋਇਆ ਹੈ। ਭਾਵੇਂ ਉਹ



Academy of the Punjab in North America: http://www.apnaorg.com

ਇਲਾਜ ਲਈ ਵਿਗਿਆਨਕ ਵਿਧੀ ਦੀ ਬਜਾਏ 'ਬਾਬੇ ਦੀ ਫੁੱਲ ਕਿਰਪਾ' ਹੀ ਦੱਸਦੇ ਹਨ। ਇਥੋਂ ਦੇ ਇਕ ਅਜਾਇਬਘਰ ਦਾ ਦੌਰਾ ਕਰਨ ਉਪਰੰਤ ਸ. ਵਿਰਕ ਦੱਸਦੇ ਹਨ, 'ਪੁਰਾਣੇ ਹਥਿਆਰ ਸਿੱਖ ਯੋਧਿਆਂ ਵਾਲੇ ਹੀ ਸਨ, ਤਲਵਾਰ, ਤੀਰ ਕਮਾਨ ਅਤੇ ਬਰਛਾ ਵਗੈਰਾ... 'ਸਾਮੁਰਾਏ' ਕਬੀਲੇ ਦੇ ਲੋਕ ਤਲਵਾਰ ਦੇ ਧਨੀ ਸਨ ਅਤੇ ਖਾਲਸੇ ਵਾਂਗ ਕੇਸਾਧਾਰੀ ਸਨ।'

ਆਸਟ੍ਰੇਲੀਆ ਦੇ ਸ਼ਹਿਰ ਕੈਨਬਰਾ ਵਿਖੇ ਹੋਈ ਵਿਗਿਆਨੀਆਂ ਦੀ ਇਕ ਅੰਤਰਰਾਸ਼ਟਰੀ ਕਾਨਫਰੰਸ ਵਿਚ ਸ਼ਾਮਲ ਹੋਣ ਗਏ ਉਹ ਉਥੋਂ ਦੇ ਵਿਰਾਟ ਜੰਗਲਾਂ ਨੂੰ ਗਾਹੁੰਦੇ ਰਹੇ। ਵਰਨਣ ਦੇਖੋ, 'ਆਸਟ੍ਰੇਲੀਆ ਆਬਾਦ ਹੋਏ ਨੂੰ ਅਜੇ ਦੋ ਸੌ ਸਾਲ ਹੀ ਹੋਏ ਹਨ। ਅਠ੍ਹਾਰਵੀਂ ਸਦੀ ਦੇ ਆਖਰੀ ਦਹਾਕਿਆਂ ਵਿਚ ਅੰਗਰੇਜ਼ ਜਹਾਜ਼ਰਾਨਾਂ ਨੇ ਇਸ ਬੰਜਰ ਧਰਤੀ ਉਪਰ ਆ ਕਦਮ ਰੱਖਿਆ। ਇਹ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਅੰਗਰੇਜ਼ ਵਿਸ਼ਵ ਭਰ ਵਿਚ ਸਭ ਤੋਂ ਵਧ ਸ਼ਕਤੀਸ਼ਾਲੀ ਕੌਮ ਬਣ ਕੇ ਉਭਰੇ ਹਨ... ਭਲਾ ਮੁਕਾਬਲਾ ਕਰੋ ਖਾਂ ਆਪਣੇ ਭਾਰਤ ਦੀ 'ਸੱਭਿਆ ਕੌਮ' ਨਾਲ, ਜਿਸ ਨੇ ਆਜ਼ਾਦੀ ਹਾਸਲ ਕਰਕੇ ਲੁੱਟ-ਖਸੁੱਟ ਵਿਚ ਸਭ ਨੂੰ ਪਛਾੜ ਦਿੱਤਾ ਹੈ।...ਇਥੇ ਹੀ ਚਾਰਲਸ ਡਾਰਵਿਨ ਨੇ ਕਈ ਵਰ੍ਹੇ ਜੀਵ-ਜੰਤੂਆਂ 'ਤੇ ਖੋਜ ਕਰਕੇ, ਆਪਣਾ ਵਿਸ਼ਵ ਪ੍ਰਸਿੱਧ 'ਜੀਵਨ ਵਿਕਾਸ ਸਿਧਾਂਤ' ਪੇਸ਼ ਕੀਤਾ, ਜਿਸ ਵਿਚ ਬਾਈਬਲ ਦੀ ਧਾਰਨਾ ਦੇ ਉਲਟ ਇਹ ਸਿੱਧ ਕੀਤਾ ਗਿਆ ਕਿ ਮਨੁੱਖ ਦਾ ਵਿਕਾਸ ਬਾਂਦਰ ਤੋਂ ਹੋਇਆ।'

ਇਸੇ ਦੇਸ਼ ਦੀ ਸੈਰ ਦਾ ਵੇਰਵਾ ਦਿੰਦੇ ਹੋਏ ਉਹ ਇਕ ਥਾਂ ਲਿਖਦੇ ਹਨ, 'ਇਕ ਚਿੜੀਆਘਰ ਦੇ ਬਾਹਰ ਬੋਰਡ 'ਤੇ ਲਿਖਿਆ ਹੋਇਆ ਸੀ, 'ਆਪਣੇ ਪੁਰਖਿਆਂ ਨੂੰ ਮਿਲੋ'। ਇਥੇ ਹੀ ਅਜੀਬ ਕਿਸਮ ਦੇ ਰੰਗਦਾਰ ਤੋਤੇ ਦੇਖੇ, ਜੋ ਸਾਨੂੰ 'ਹੈਲੋ' ਕਹਿ ਕੇ ਬੁਲਾ ਰਹੇ ਸਨ। ਗਾਈਡ ਨੇ ਦੱਸਿਆ ਕਿ ਇਨ੍ਹਾਂ ਨੂੰ ਮੱਤ ਛੇੜਨਾ। ਵਰਨਾ ਇਹ ਅੰਗਰੇਜ਼ੀ ਵਿਚ ਗਾਲ੍ਹਾਂ ਕੱਢਣੀਆਂ ਵੀ ਜਾਣਦੇ ਹਨ।' ਕੈਨਬਰਾ ਦੇ ਹਰੇ ਭਰੇ ਜੰਗਲਾਂ ਵਿਚ ਚੁੰਗੀਆਂ ਭਰਦੇ ਕੰਗਾਰੂਆਂ ਨੂੰ ਤੱਕ ਕੇ, ਵਿਰਕ ਜੀ ਪੰਜਾਬ ਨੂੰ ਚੇਤੇ ਕਰਦੇ ਹਨ, 'ਹੁਣ ਪੰਜਾਬ ਵਿਚ ਤਾਂ ਜੰਗਲ ਦਾ ਨਾਮੋ ਨਿਸ਼ਾਨ ਹੀ ਨਹੀਂ ਰਿਹਾ। 'ਹਰੇ ਇਨਕਲਾਬ' ਨੇ ਐਸਾ ਚੱਕਰਵਿਊ ਪੈਦਾ ਕਰ ਰੱਖਿਆ ਹੈ ਕਿ ਪੰਜਾਬ ਵਿਚ ਹੁਣ ਹਿਰਨਾਂ ਦੀਆਂ ਡਾਰਾਂ ਤਾਂ ਨਹੀਂ ਲੱਭਦੀਆਂ, ਹਾਂ ਯੂ.ਪੀ. ਅਤੇ ਬਿਹਾਰ ਤੋਂ ਭਈਆਂ ਦੀਆਂ ਡਾਰਾਂ ਜ਼ਰੂਰ ਆ ਜਾਂਦੀਆਂ ਹਨ।'

ਇਕ ਪ੍ਰਬੀਨ ਇਤਿਹਾਸਕਾਰ ਵਾਂਗ ਉਸਨੇ ਪੈਗੰਬਰਾਂ ਦੇ ਸ਼ਹਿਰ ਯੁਰੋਸ਼ਲਮ ਦੀ ਯਾਤਰਾ ਦਾ ਹਾਲ ਲਿਖਿਆ ਹੈ, 'ਰੋਮਨ ਬਾਦਸ਼ਾਹ ਤੋਂ ਬਾਅਦ ਇਥੇ ਅਰਬਾਂ ਦਾ ਰਾਜ ਹੋ ਗਿਆ। ਫਿਰ ਮੰਗੋਲਾਂ ਤੋਂ ਬਾਅਦ ਪੰਜ ਸੌ ਸਾਲ ਤੁਰਕਾਂ ਦਾ ਰਾਜ ਕਾਇਮ ਰਿਹਾ। ਅੰਗਰੇਜ਼ਾਂ ਨੇ ਪਹਿਲੇ ਵਿਸ਼ਵ ਯੁੱਧ ਦੌਰਾਨ ਇਸ ਸ਼ਹਿਰ 'ਤੇ ਕਬਜ਼ਾ ਕਰ ਲਿਆ...ਅਰਬਾਂ ਨੇ ਯਹੂਦੀਆਂ ਅਤੇ ਈਸਾਈਆਂ ਦੇ ਗਿਰਜੇ ਢਾਹ ਕੇ ਮਸੀਤਾਂ ਉਸਾਰ ਦਿੱਤੀਆਂ...ਜਿਵੇਂ ਦਿੱਲੀ ਸ਼ਹਿਰ ਵਿਚ



Academy of the Punjab in North America: http://www.apnaorg.com

ਕਤਲੋਗਾਰਤ ਹੁੰਦੀ ਰਹੀ, ਉਹੋ ਯੂਰੋਸ਼ਲਮ ਦੀ ਕਹਾਣੀ ਹੈ...ਅਸੀਂ ਇਥੋਂ ਦੀ ਉਸ ਇਤਿਹਾਸਕ ਗਲੀ ਵਿਚ ਵੀ ਗਏ, ਜਿਥੋਂ ਦੋ ਹਜ਼ਾਰ ਸਾਲ ਪਹਿਲਾਂ ਹਜ਼ਰਤ ਈਸਾ ਆਪਣੀ ਸਲੀਬ ਚੁੱਕ ਕੇ ਲੰਘੇ ਸਨ। ਇਸ ਗਲੀ ਦਾ ਨਾਮ 'ਦੋਲਾ ਰੋਸਾ' ਹੈ, ਭਾਵ 'ਦੁੱਖਾਂ ਦੀ ਗਲੀ'....ਹਜ਼ਰਤ ਈਸਾ ਡਿੱਗਦੇ ਢਹਿੰਦੇ ਜਾ ਰਹੇ ਸਨ ਤੇ ਉਨ੍ਹਾਂ ਦੀ ਯਾਦ ਵਿਚ ਚੌਦਾਂ ਮੁਕਾਮਾਂ 'ਤੇ ਯਾਦਾਂ ਕਾਇਮ ਕੀਤੀਆਂ ਗਈਆਂ ਹਨ।'

ਇਜ਼ਰਾਈਲ ਦੇ ਪ੍ਰਾਚੀਨ ਧਰੋਹਰ ਨਾਲ ਭਰੇ ਪਏ ਅਜਾਇਬਘਰਾਂ ਨੂੰ ਨੀਝ ਨਾਲ ਤੱਕ ਕੇ ਆਪ ਲਿਖਦੇ ਨੇ, 'ਯਹੂਦੀ ਲਿਖਾਰੀਆਂ ਨੇ ਆਪਣਾ ਇਤਿਹਾਸ, ਧਾਰਮਿਕ ਤੇ ਦਾਰਸ਼ਨਿਕ ਗ੍ਰੰਥ ਲਿਖ ਕੇ ਮਿੱਟੀ ਦੇ ਬਰਤਨਾਂ ਵਿਚ ਬੰਦ ਕਰਕੇ ਪਹਾੜਾਂ ਦੀਆਂ ਕੰਦਰਾਂ ਵਿਚ ਰੱਖ ਦਿਤੇ। ਵਰ੍ਹਿਆਂ ਬਾਅਦ ਕੋਈ ਆਜੜੀ ਆਪਣੀ ਗਵਾਚੀ ਹੋਈ ਭੇਡ ਲੱਭਦਾ-ਲੱਭਦਾ ਇਕ ਗੁਫਾ ਵਿਚ ਜਾ ਵੜਿਆ ਤੇ ਇਨ੍ਹਾਂ ਗ੍ਰੰਥਾਂ ਦੀ ਟੋਹ ਕੱਢ ਲਿਆਇਆ।...ਇਸ ਅਨਮੋਲ ਖ਼ਜ਼ਾਨੇ ਨੂੰ ਯੂਰੋਸ਼ਲਮ ਦੇ ਅਜਾਇਬਘਰਾਂ ਵਿਚ ਸਾਂਭਿਆ ਗਿਆ ਹੈ...ਇਨ੍ਹਾਂ ਨੂੰ ਦੇਖਦਿਆਂ ਮੈਨੂੰ ਯਾਦ ਆਇਆ ਕਿ 'ਖਾਲਸਾ ਵਿਰਾਸਤ' ਮਿਊਜ਼ੀਅਮ ਦਾ ਆਰਕੀਟੈਕਟ ਵੀ ਇਜ਼ਰਾਈਲ ਦਾ ਹੀ ਇਕ ਯਹੂਦੀ ਹੈ, ਜੋ ਸ੍ਰੀ ਅਨੰਦਪੁਰ ਸਾਹਿਬ ਵਿਖੇ ਅਜਾਇਬਘਰ ਬਣਾ ਰਿਹਾ ਹੈ।"

ਇਕ ਥਾਂ ਸ. ਵਿਰਕ ਨੇ ਆਪਣੇ ਅੜਬੰਗਪੁਣੇ ਦੀ ਝਲਕੀ ਵੀ ਦਿਖਾਈ ਹੋਈ ਹੈ। ਇਰਾਕ ਦੇ ਦੋ ਵਿਗਿਆਨੀਆਂ, ਹਾਨਾ ਹਸਨ ਤੇ ਨਾਹਿਦਾ ਜੁਮਾ ਵਲੋਂ ਦਿੱਤੇ ਗਏ ਬਗਦਾਦ ਆਉਣ ਦੇ ਸੱਦੇ ਨੂੰ ਠੁਕਰਾਉਂਦਿਆਂ ਉਨ੍ਹਾਂ ਜਵਾਬ ਦਿੱਤਾ, 'ਮੇਰੀ ਸ਼ਰਤ ਹੈ ਕਿ ਜਿੰਨਾ ਚਿਰ ਅਮਰੀਕਨ ਇਰਾਕ ਖਾਲੀ ਨਹੀਂ ਕਰਦੇ, ਮੈਂ ਬਗਦਾਦ ਨਹੀਂ ਜਾਵਾਂਗਾ।'

ਅਰੰਭਕ ਸਤਰਾਂ ਵਿਚ ਮੈਂ ਅਰਜ਼ ਕਰ ਹੀ ਚੁੱਕਿਆ ਹਾਂ ਕਿ ਵਿਸ਼ਵ ਪਰਿਕਰਮਾ ਦੀ ਅਗੰਮੀ ਗਾਥਾ ਨੂੰ ਸਮੇਟਣਾ ਮੇਰੇ ਵੱਸ ਦੀ ਗੱਲ ਨਹੀਂ। ਹਾਂ, ਇੰਨਾ ਜ਼ਰੂਰ ਕਹਿ ਸਕਦਾ ਹਾਂ ਕਿ ਜੇ ਕਿਸੇ ਨੇ ਬਿਨਾਂ ਕੋਈ ਹਵਾਈ ਟਿਕਟ ਲਿਆਂ, ਬਿਨਾਂ ਕਿਸੇ ਖਜ਼ਾਲਤ, ਦੁਨੀਆਂ ਭਰ ਦੀ ਸੈਰ ਕਰਨੀ ਹੋਵੇ ਤਾਂ ਉਹ ਘਰੇ ਬੈਠਿਆਂ ਹੀ ਚੰਡੀਗੜ੍ਹ ਵਾਸੀ ਸ. ਹਰਦੇਵ ਸਿੰਘ ਵਿਰਕ ਦੀ ਲਿਖੀ ਹੋਈ 'ਮੇਰੀ ਵਿਸ਼ਵ ਯਾਤਰਾ' ਪੜ੍ਹ ਸਕਦਾ ਹੈ।

- ਤਰਲੋਚਨ ਸਿੰਘ ਦੁਪਾਲਪੁਰ

***



Academy of the Punjab in North America: http://www.apnaorg.com